# ਪਰਵਾਸੀ ਪੰਜਾਬੀ ਨਾਵਲ ਵਿਚ ਔਰਤ-ਮਰਦ ਸਬੰਧਾਂ ਦਾ ਬਦਲਦਾ ਸਰੂਪ

**(Parvasi Punjabi Novel vich Aurat-Mard Samdandhan da Badlda Saroop)**

Submitted to

## LOVELY PROFESSIONAL UNIVERSITY

in partial fulfillment of the requirements for the award of degree of

**M.Phil. (Punjabi)**

**Submitted by:**
**Harinderdeep Kaur**
**Reg.No. 11512456**

**Supervised by:**
**Dr. Avtar Singh**

## FACULTY OF BUSINESS AND ARTS

## LOVELY PROFESSIONAL UNIVERSITY PUNJAB

## 2016

# ਘੋਸ਼ਣਾ-ਪੱਤਰ

ਮੈਂ ਹਰਿੰਦਰ ਦੀਪ ਕੌਰ ਇਹ ਬਿਆਨ ਕਰਦੀ ਹਾਂ ਕਿ 'ਪਰਵਾਸੀ ਪੰਜਾਬੀ ਨਾਵਲ ਵਿਚ ਔਰਤ-ਮਰਦ ਸਬੰਧਾਂ ਦਾ ਬਦਲਦਾ ਸਰੂਪ' ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥੀ**

**ਹਰਿੰਦਰ ਦੀਪ ਕੌਰ** **ਰਜਿ. ਨੰਬਰ-**

**11512456**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਹਰਿੰਦਰ ਦੀਪ ਕੌਰ ਨੇ 'ਪਰਵਾਸੀ ਪੰਜਾਬੀ ਨਾਵਲ ਵਿਚ ਔਰਤ-ਮਰਦ ਸਬੰਧਾਂ ਦਾ ਬਦਲਦਾ ਸਰੂਪ' ਵਿਸ਼ੇ ਉੱਤੇ ਐਮ. ਫਿਲ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤੀਫਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ. ਫਿਲ. (ਪੰਜਾਬੀ) ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਡਾ. ਅਵਤਾਰ ਸਿੰਘ**

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਭੂਮਿਕਾ

ਹਥਲਾ ਖੋਜ-ਕਾਰਜ ਪਰਵਾਸੀ ਪੰਜਾਬੀ ਨਾਵਲ ਵਿਚ ਔਰਤ-ਮਰਦ ਸਬੰਧਾਂ ਦਾ ਬਦਲਦਾ ਸਰੂਪ (ਦਰਸ਼ਨ ਸਿੰਘ ਧੀਰ, ਸਵਰਨ ਚੰਦਨ ਅਤੇ ਗ.ਸ.ਨਕਸ਼ਦੀਪ ਪੰਜਕੋਹਾ ਦੇ ਸੰਦਰਭ ਵਿਚ)। ਇਸ ਖੋਜ ਕਾਰਨ ਅਧੀਨ ਇਹ ਤਿੰਨ ਨਾਵਲਕਾਰ ਲਏ ਗਏ ਹਨ ਕਿਉਂਕਿ ਇਹ ਨਾਵਲਕਾਰ ਵੱਖ ਵੱਖ ਦੇਸ਼ਾਂ ਵਿਚ ਰਹਿੰਦੇ ਹੋਏ ਉਪਰੋਕਤ ਸਮੱਸਿਆ ਨੂੰ ਬਹੁਤ ਹੀ ਕਲਾਤਮਕਤਾ, ਵਿਸਥਾਰਮਈ ਤੇ ਯਥਾਰਥਕ ਢੰਗ ਨਾਲ ਬਿਆਨ ਕਰਦੇ ਹਨ। ਇਹ ਨਾਵਲਕਾਰ ਪਰੰਪਰਾਗਤ ਅਤੇ ਨਵੀਨ ਰਿਸ਼ਤਾ-ਪ੍ਰਬੰਧ ਨੂੰ ਸਫਲਤਾ ਪੂਰਵਕ ਚਿਤਰਦੇ ਹਨ। ਇਹ ਵੱਡ ਅਕਾਰੀ ਨਾਵਲ ਵੱਖ ਵੱਖ ਦੇਸ਼ਾਂ ਵਿਚ ਲਿਖੇ ਹੋਣ ਦੇ ਕਾਰਨ ਅਧਿਐਨ ਲਈ ਇਕ ਵੱਡਾ ਅਤੇ ਵਿਸਤਰਿਤ ਖੇਤਰ ਵੀ ਪ੍ਰਦਾਨ ਕਰਦੇ ਹਨ। ਖੋਜ ਅਧੀਨ ਕੋਈ ਇਸਤਰੀ ਨਾਵਲਕਾਰ ਨਾ ਲੈਣ ਦਾ ਇਕ ਕਾਰਨ ਇਹ ਹੈ ਕਿ ਪਰਵਾਸੀ ਸਾਹਿਤਕਾਰਾਂ ਵਿਚ ਇਸਤਰੀ ਨਾਵਲਕਾਰਾਂ ਦੀ ਗਿਣਤੀ ਬਹੁਤ ਹੀ ਸੀਮਤ ਹੈ ਅਤੇ ਦੂਜਾ ਕਾਰਨ ਇਹ ਹੈ ਇਸਤਰੀ ਨਾਵਲਕਾਰਾਂ ਦੇ ਨਾਵਲਾਂ ਵਿਚ ਹਥਲੇ ਖੋਜ ਕਾਰਜ ਲਈ ਲੋੜੀਂਦੀ ਸਮਗਰੀ ਪ੍ਰਾਪਤ ਨਹੀਂ ਹੈ। ਬਲਬੀਰ ਕੌਰ ਸੰਘੇੜਾ ਦਾ ਨਾਵਲ ਜਾਲ ਇਸ ਖੋਜ ਕਾਰਜ ਵਿਚ ਸ਼ਾਮਿਲ ਕੀਤਾ ਜਾ ਸਕਦਾ ਸੀ ਪਰ ਉਹ ਵੀ ਔਰਤ ਦੀ ਔਰਤ ਨਾਲ ਟੱਕਰ, ਔਰਤ ਦੀ ਮਰਦ ਨਾਲ ਟੱਕਰ, ਔਰਤ ਦੀ ਸਮਾਜ ਨਾਲ ਟੱਕਰ ਆਦਿ ਸਮੱਸਿਆਵਾਂ ਲਈ ਕੁਜੋੜ ਵਿਆਹ ਅਤੇ ਸ਼ਰਾਬ ਤੇ ਜੂਆ ਆਦਿ ਨੂੰ ਮੁੱਖ ਕਾਰਨ ਮੰਨਦੀ ਹੈ ਜਦਕਿ ਹਥਲਾ ਖੋਜ ਕਾਰਜ ਰਿਸ਼ਤਿਆਂ ਦੇ ਬਦਲਦੇ ਪਰਿਪੇਖ ਉੱਪਰ ਹੀ ਕੇਂਦਰਿਤ ਕੀਤਾ ਗਿਆ ਹੈ।

ਇਸ ਖੋਜ ਕਾਰਜ ਵਿਚ ਔਰਤ-ਮਰਦ ਸਬੰਧਾਂ ਦਾ ਬਦਲਦਾ ਸਰੂਪ ਲੈਣ ਦਾ ਇਹੀ ਕਾਰਨ ਹੈ ਕਿ ਅੱਜ ਦੇ ਸਮਾਜ ਦੀ ਇਹ ਬਹੁਤ ਵੱਡੀ ਸਮੱਸਿਆ ਹੈ ਕਿ ਸਮਾਜ ਵਿਚ ਔਰਤ-ਮਰਦ ਦੇ ਆਪਸੀ ਸਬੰਧ ਟੁੱਟ ਰਹੇ ਹਨ ਤੇ ਗੈਰ ਸਭਿਅਕ ਸਬੰਧ ਜੁੜ ਰਹੇ ਹਨ ਜਿਸ ਨਾਲ ਸਮਾਜਕ ਸੰਤੁਲਨ ਵਿਗੜ ਰਿਹਾ ਹੈ ਤੇ ਰਿਸ਼ਤਿਆਂ ਵਿਚ ਲਗਾਤਾਰ ਦੂਰੀ ਬਣ ਰਹੀ ਹੈ। ਸਬੰਧਤ ਵਿਸ਼ੇ ਨੂੰ ਨੇਪਰੇ ਚਾੜ੍ਹਨ ਲਈ ਖੋਜ-ਕਾਰਜ ਨੂੰ ਪੰਜ ਭਾਗਾਂ (ਅਧਿਆਵਾਂ) ਵਿਚ ਵੰਡਿਆ ਗਿਆ ਹੈ।

- ਪਹਿਲੇ ਅਧਿਆਇ ਵਿਚ ਸਭਿਆਚਾਰ ਤੇ ਨਾਵਲ ਦਾ ਸੰਖੇਪ ਵਿਚ ਸਿਧਾਂਤਕ ਪਰਿਪੇਖ ਵਰਣਨ ਕਰਨ ਤੋਂ ਬਾਅਦ ਦਰਸ਼ਨ ਸਿੰਘ ਧੀਰ, ਸਵਰਨ ਚੰਦਨ ਤੇ ਨਕਸ਼ਦੀਪ ਪੰਜਕੋਹਾ ਦੇ ਜੀਵਨ ਰਚਨਾ ਅਤੇ ਪੰਜਾਬੀ ਸਾਹਿਤ ਵਿਚ ਯੋਗਦਾਨ ਨੂੰ ਸਪਸ਼ਟ ਕੀਤਾ ਗਿਆ ਹੈ। ਮਨੁੱਖੀ ਰਿਸ਼ਤਿਆਂ ਦਾ ਆਧਾਰ ਸਭਿਆਚਾਰ ਹੈ ਤੇ ਇਸ ਵਿਚ ਰਿਸ਼ਤਾ ਨਾਤਾ ਪ੍ਰਬੰਧ ਨੂੰ ਵਿਸਥਾਰ ਨਾਲ ਦਰਸਾਇਆ ਗਿਆ ਹੈ। ਇਸ ਭਾਗ ਵਿਚ ਸਭਿਅਕ ਅਤੇ ਗ਼ੈਰ-ਸਭਿਅਕ ਰਿਸ਼ਤਿਆਂ ਦੀ ਪਛਾਣ ਕਰਵਾਈ ਗਈ ਹੈ ਅਤੇ ਅੰਤ ਵਿਚ ਖੋਜ ਅਧੀਨ ਨਾਵਲਾਂ ਦੇ ਵਿਸ਼ੇ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

- ਦੂਜੇ ਅਧਿਆਇ ਵਿਚ ਪੰਜਾਬੀ ਦੇ ਵੱਖ-ਵੱਖ ਨਾਵਲਾਂ ਨੂੰ ਆਧਾਰ ਬਣਾ ਕੇ ਪੰਜਾਬੀ ਨਾਵਲ ਵਿਚ ਵਰਣਿਤ ਔਰਤ-ਮਰਦ ਸਬੰਧਾਂ ਦੀ ਜਾਣਕਾਰੀ ਦਿੱਤੀ ਗਈ ਹੈ।

- ਤੀਜੇ ਅਧਿਆਇ ਵਿਚ ਪਰਵਾਸੀ ਪੰਜਾਬੀ ਨਾਵਲ ਵਿਚ ਗੈਰ-ਸਭਿਅਕ ਰਿਸ਼ਤਿਆਂ ਦੇ ਵਿਭਿੰਨ ਪਾਸਾਰਾਂ, ਲੋੜ ਅਤੇ ਲਾਲਸਾ ਕਾਰਨ ਉਪਜੇ ਅਤੇ ਵਿਗੜੇ ਰਿਸ਼ਤਿਆਂ, ਔਰਤ ਵੱਲੋਂ ਕਲਪੇ ਵਿਅਕਤੀਗਤ ਆਜ਼ਾਦੀ ਦੇ ਸੁਪਨੇ ਆਦਿ ਦੀ ਪੇਸ਼ਕਾਰੀ ਕੀਤੀ ਗਈ ਹੈ।

- ਚੌਥੇ ਅਧਿਆਇ ਵਿਚ ਪਰਵਾਸੀ ਪੰਜਾਬੀ ਨਾਵਲ ਵਿਚ ਔਰਤ-ਮਰਦ ਸਬੰਧਾਂ ਦੇ ਬਦਲਦੇ ਸਰੂਪ, ਔਰਤ-ਮਰਦ ਦੇ ਟੁੱਟ ਦੇ ਜੁੜਦੇ ਸਬੰਧਾਂ, ਨਵੀਂ ਸਮਾਜਕ ਆਰਥਕ ਬਣਤਰ ਵਿਚ ਔਰਤ ਪ੍ਰਤੀ ਲੋੜੀਂਦੇ ਨਵੇਂ ਸਮਾਜਕ ਰਵੱਈਆ ਦੀ ਪੇਸ਼ਕਾਰੀ ਅਤੇ ਪਰਵਾਸੀ ਪੰਜਾਬੀ ਨਾਵਲ ਵਿਚ ਉੱਭਰਦੇ ਰਿਸ਼ਤਿਆਂ ਦੇ ਨਵੀਨ ਝੁਕਾਅ ਆਦਿ ਨੂੰ ਦਰਸਾਇਆ ਗਿਆ ਹੈ।

- ਪੰਜਵੇਂ ਅਧਿਆਇ ਵਿਚ ਔਰਤ-ਮਰਦ ਸਬੰਧਾਂ ਦਾ ਮਨੋਵਿਸ਼ਲੇਸ਼ਣ ਕੀਤਾ ਗਿਆ ਹੈ ਤਾਂ ਕਿ ਇਨ੍ਹਾਂ ਤਬਦੀਲੀਆਂ ਦੇ ਕਾਰਨਾਂ ਦਾ ਡੂੰਘਿਆਈ ਵਿਚ ਅਧਿਐਨ ਕੀਤਾ ਜਾ ਸਕੇ।

- ਅੰਤ ਵਿਚ ਖੋਜ ਦੇ ਸਿੱਟੇ ਅਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਗਿਆ ਹੈ।

ਹਥਲੇ ਖੋਜ-ਕਾਰਜ ਵਿਚ ਪੰਜਾਬੀ ਸ਼ਬਦ ਜੋੜਾਂ ਦੇ ਅਜੋਕੇ ਵਰਤਾਰੇ ਨੂੰ ਤਰਜੀਹ ਦਿੱਤੀ ਗਈ ਹੈ ਪ੍ਰੰਤੂ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੀਆਂ ਪੁਸਤਕਾਂ ਦੇ ਨਾਮ, ਉਨ੍ਹਾਂ ਵਿਚ ਲਏ ਗਏ ਹਵਾਲਿਆਂ ਆਦਿ ਨੂੰ ਉਸੇ ਪ੍ਰਕਾਰ ਸ਼ਾਮਲ ਕੀਤਾ ਗਿਆ ਹੈ।

# ਤਤਕਰਾ

**ਭੂਮਿਕਾ** **1-6**

**ਅਧਿਆਇ- ਪਹਿਲਾ**

**ਸਿਧਾਂਤਕ ਪਿੱਠ-ਭੂਮੀ** **1-28**

1.1 ਨਾਵਲ ਦਾ ਸਿਧਾਂਤਕ ਪਰਿਪੇਖ ਅਤੇ ਇਤਿਹਾਸ

1.2 ਸਭਿਆਚਾਰ ਦਾ ਸਿਧਾਂਤਕ ਪਰਿਪੇਖ ਅਤੇ ਰਿਸ਼ਤਾ-ਨਾਤਾ ਪ੍ਰਬੰਧ

1.3 ਪੂਰਵ ਖੋਜ ਕਾਰਜ

1.4 ਵਿਸ਼ੇ ਦੀ ਸਾਰਥਿਕਤਾ

1.5 ਉਦੇਸ਼

1.6 ਵਿਧੀਆਂ

1.7 ਸੰਭਾਵਿਤ ਨਤੀਜੇ

1.8 ਸਮਾਜਿਕ ਤੇ ਸਾਹਿਤਕ ਸਾਰਥਿਕਤਾ

**ਅਧਿਆਇ- ਦੂਜਾ**

**ਪਰਵਾਸੀ ਪੰਜਾਬੀ ਨਾਵਲ ਵਿਚ ਔਰਤ-ਮਰਦ ਸਬੰਧ** **29-52**

2.1 'ਪੈੜਾਂ ਦੇ ਆਰ ਪਾਰ' ਨਾਵਲ ਵਿਚ ਔਰਤ-ਮਰਦ ਸਬੰਧ

2.2 'ਗਿਰਵੀ ਹੋਏ ਮਨ' ਨਾਵਲ ਵਿਚ ਔਰਤ-ਮਰਦ ਸਬੰਧ

2.3 'ਕੰਜਕਾਂ' ਨਾਵਲ ਵਿਚ ਔਰਤ-ਮਰਦ ਸਬੰਧ

**ਅਧਿਆਇ- ਤੀਜਾ**

**ਪਰਵਾਸੀ ਪੰਜਾਬੀ ਨਾਵਲ ਵਿਚ ਸਭਿਅਕ ਤੇ ਗ਼ੈਰ-ਸਭਿਅਕ ਰਿਸ਼ਤਿਆਂ ਦੇ ਵਿਭਿੰਨ ਪਾਸਾਰ 53-73**

3.1 ਲੋੜ ਅਤੇ ਲਾਲਸਾ ਵਿਚਾਲੇ ਅੰਤਰ ਪ੍ਰਗਟਾਅ

3.2 ਔਰਤ ਵੱਲੋਂ ਕਲਪੇ ਵਿਅਕਤੀਗਤ ਆਜ਼ਾਦੀ ਦੇ ਸੁਪਨੇ ਦੀ ਪੇਸ਼ਕਾਰੀ

**ਅਧਿਆਇ- ਚੌਥਾ**

**ਪਰਵਾਸੀ ਨਾਵਲ ਵਿਚ ਔਰਤ-ਮਰਦ ਸਬੰਧਾਂ ਦਾ ਬਦਲਦਾ ਸਰੂਪ 74-85**

4.1 ਪਰਵਾਸੀ ਪੰਜਾਬੀ ਨਾਵਲ ਵਿਚ ਔਰਤ-ਮਰਦ ਦੇ ਟੁੱਟਦੇ ਜੁੜਦੇ ਸਬੰਧ

4.2 ਨਵੀਂ ਸਮਾਜਕ ਆਰਥਕ ਬਣਤਰ ਵਿਚ ਔਰਤ ਪ੍ਰਤੀ ਲੋੜੀਂਦੇ ਨਵੇਂ ਸਮਾਜਕ ਰਵੱਈਏ ਦੀ ਪੇਸ਼ਕਾਰੀ

4.3 ਪਰਵਾਸੀ ਪੰਜਾਬੀ ਨਾਵਲ ਵਿਚ ਉੱਭਰਦੇ ਰਿਸ਼ਤਿਆਂ ਦੇ ਨਵੀਨ ਝੁਕਾਅ

**ਅਧਿਆਇ- ਪੰਜਵਾਂ**

**ਔਰਤ-ਮਰਦ ਸਬੰਧਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ 86-104**

**ਸਿੱਟੇ ਤੇ ਸਥਾਪਨਾਵਾਂ 105-108**

**ਪੁਸਤਕ-ਸੂਚੀ 109-110**

# ਅਧਿਆਇ-ਪਹਿਲਾ

# ਸਿਧਾਂਤਕ ਪਿੱਠ ਭੂਮੀ

ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਜਾਂ ਦਰਪਣ ਕਿਹਾ ਜਾਂਦਾ ਹੈ ਕਿਉਂਕਿ ਜੇਕਰ ਕਿਸੇ ਸਮਾਜ ਦੀ ਜਾਣਕਾਰੀ ਕਿਤੋਂ ਮਿਲ ਸਕਦੀ ਹੈ ਤਾਂ ਉਹ ਹੈ ਉਸ ਸਮਾਜ ਦਾ ਸਾਹਿਤ ਕਿਉਂਕਿ ਉਸ ਤੋਂ ਹੀ ਉਸ ਸਮਾਜ ਦੀ ਵਾਸਤਵਿਕ ਸਥਿਤੀ ਅਤੇ ਉਸ ਦੀ ਤਰੱਕੀ ਬਾਰੇ ਪਤਾ ਲੱਗਦਾ ਹੈ। ਸਮਾਜ ਵਿਚ ਬਹੁਤ ਸਾਰੀਆਂ ਘਟਨਾਵਾਂ ਰੋਜ਼ਾਨਾ ਵਾਪਰਦੀਆਂ ਰਹਿੰਦੀਆਂ ਜਿਨ੍ਹਾਂ ਵੱਲ ਆਮ ਆਦਮੀ ਦਾ ਤਾਂ ਕੋਈ ਧਿਆਨ ਨਹੀਂ ਹੁੰਦਾ ਪਰ ਇਹਨਾਂ ਘਟਨਾਵਾਂ ਨੂੰ ਖ਼ਾਸ ਵਿਅਕਤੀ ਇਕ ਖ਼ਾਸ ਨਜ਼ਰ ਨਾਲ ਦੇਖਦਾ ਹੈ, ਪਰਖਦਾ ਹੈ ਤੇ ਉਸ ਨੂੰ ਇਕ ਖ਼ਾਸ ਅੰਦਾਜ਼ ਵਿਚ ਪੇਸ਼ ਕਰਦਾ ਹੈ, ਇਸ ਪ੍ਰਕਾਰ ਸੱਚ ਅਤੇ ਕਲਪਨਾ ਦੇ ਮੇਲ ਤੋਂ ਰਚਨਾ ਰਚਣ ਵਾਲੇ ਵਿਅਕਤੀ ਨੂੰ ਸਾਹਿਤਕਾਰ ਕਿਹਾ ਜਾਂਦਾ ਹੈ। ਸਾਹਿਤਕਾਰ ਕੋਈ ਆਮ ਆਦਮੀ ਨਹੀਂ ਹੋ ਸਕਦਾ ਕਿਉਂਕਿ ਹਰ ਗੱਲ ਨੂੰ ਸਾਹਿਤਕ ਦ੍ਰਿਸ਼ਟੀ ਨਾਲ ਦੇਖਣਾ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਹੈ। ਇਸ ਲਈ ਸਾਹਿਤਕਾਰ ਆਮ ਵਿਅਕਤੀ ਨਾ ਹੋ ਕਿ ਵਿਅਕਤੀ ਵਿਸ਼ੇਸ਼ ਬਣ ਜਾਂਦਾ ਹੈ। ਸਾਹਿਤਕਾਰ ਦਾ ਜੋ ਵੀ ਨਿੱਜੀ ਅਨੁਭਵ ਹੁੰਦਾ ਹੈ ਉਹ ਉਸੇ ਅਨੁਭਵ ਰਾਹੀਂ ਆਪਣੀ ਰਚਨਾ ਲਿਖਦਾ ਹੈ ਤੇ ਦੂਸਰੇ ਲੋਕਾਂ ਨੂੰ ਵੀ ਉਸ ਦੀ ਅਨੁਭੂਤੀ ਕਰਾਉਂਦਾ ਹੈ। ਸਾਹਿਤ ਦੇ ਪ੍ਰਮੁੱਖ ਰੂਪ ਵਿੱਚ ਦੋ ਰੂਪ ਹੁੰਦੇ ਹਨ- ਪਦ ਅਤੇ ਗੱਦ । ਪਦ ਭਾਵ ਕਵਿਤਾ ਜਿਸ ਨੂੰ ਦਿਲ ਦੀ ਬੋਲੀ ਕਿਹਾ ਜਾਂਦਾ ਹੈ। ਗੱਦ ਨੂੰ ਦਿਮਾਗ਼ ਦੀ ਬੋਲੀ ਕਿਹਾ ਜਾਂਦਾ ਹੈ।

ਗੱਦ ਦੇ ਅੰਤਰਗਤ ਵਿਚਾਰਿਆ ਜਾਣ ਵਾਲਾ ਸਾਹਿਤ ਰੂਪ 'ਗਲਪ' ਕਲਪਨਾ ਦੇ ਰੰਗ ਵਿਚ ਰੰਗਿਆ ਵਾਰਤਕ ਸਾਹਿਤ ਹੈ ਜਿਸ ਵਿਚ ਅਸਲ ਜੀਵਨ ਵਿਚ ਵਾਪਰੀ ਕਿਸੇ ਘਟਨਾ ਨੂੰ ਲੇਖਕ ਕਲਪਨਾ ਦੀ ਮਦਦ ਨਾਲ ਇਸ ਤਰ੍ਹਾਂ ਦੇ ਰੰਗ ਵਿਚ ਰੰਗ ਕੇ ਪੇਸ਼ ਕਰਦਾ ਹੈ ਕਿ ਉਹ ਇਸ ਤਰ੍ਹਾਂ ਪ੍ਰਤੀਤ ਹੁੰਦੀ ਹੈ ਕਿ ਇਹ ਕਲਪਨਾ ਨਾ ਹੋ ਕਿ ਬਿਲਕੁਲ ਅਸਲੀਅਤ ਹੋਵੇ। ਇਨ੍ਹਾਂ ਨੂੰ ਪੜ੍ਹ ਕੇ ਸੁਣ ਕੇ ਇਸ ਤਰ੍ਹਾਂ ਲੱਗਦਾ ਹੈ ਕਿ ਇਸ ਵਿਚ ਜੋ ਵੀ ਪੇਸ਼ ਕੀਤਾ ਗਿਆ ਹੈ ਉਹ ਹਰ ਦੇ ਸਵੈ ਦਾ ਪ੍ਰਗਟਾਵਾ ਹੈ।[1]

ਨਾਵਲ ਆਧੁਨਿਕ ਸਾਹਿਤ ਦਾ ਇਕ ਹਰਮਨ ਪਿਆਰਾ ਰੂਪਾਕਾਰ ਹੈ। ਨਾਵਲ ਸਾਹਿਤ ਰੂਪ ਦੀ ਉਪਜ ਪੱਛਮੀ ਸਾਹਿਤ ਅਤੇ ਸਭਿਆਚਾਰ ਦੇ ਪ੍ਰਭਾਵ ਅਧੀਨ ਭਾਰਤ ਵਿੱਚ 19ਵੀਂ ਸਦੀ ਦੇ ਚੌਥੇ-ਪੰਜਵੇਂ ਦਹਾਕੇ ਤੋਂ ਅਤੇ ਪੰਜਾਬ ਵਿਚ 19ਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਹੋਈ। ਇਹ ਸ਼ਬਦ ਨੋਵੈਲਾ (ਨਵਾਂ) ਤੋਂ ਪ੍ਰਗਟ ਹੋਇਆ ਹੈ। ਇਸਦਾ ਮੂਲ (ਮੁੱਢ) ਇਤਾਲਵੀ ਭਾਸ਼ਾ ਵਿਚੋਂ ਹੋਇਆ ਹੈ ਜਿਸ ਦਾ ਅਰਥ ਨਵਾਂ ਹੈ। ਪੁਰਾਤਨ ਇਤਾਲਵੀ ਵਿਚ ਇਸ ਦੀ ਵਰਤੋਂ ਕਿਸੇ ਖ਼ਬਰ, ਗੱਪ-ਸ਼ੱਪ ਜਾਂ ਬਾਤ ਦੇ ਅਰਥਾਂ ਵਿਚ ਹੋਈ ਹੈ। ਮੁੱਢ ਵਿਚ ਅੰਗਰੇਜ਼ੀ ਵਿਚ ਇਸ ਦੀ ਵਰਤੋਂ ਇਕ ਅਜਿਹੀ ਵਾਰਤਕ ਕਥਾ ਵਾਸਤੇ ਸ਼ੁਰੂ ਹੋਈ ਜਿਸ ਵਿਚ ਯਥਾਰਥਕ ਪਰ ਜ਼ਿਆਦਾਤਰ ਅਸ਼ਲੀਲ ਕਿਸਮ ਦੀ ਕਹਾਣੀ ਹੋਵੇ ਅਜਿਹੀਆਂ ਕਹਾਣੀਆਂ ਪੁਨਰ ਜਾਗਰਨ ਦੌਰ ਵਿਚ ਪ੍ਰਸਿੱਧ ਹੋਈਆਂ, ਜਿਵੇਂ ਬੁਕਾਸੀਓਦੀ ਡੀਕੈਮਰੂਨ। ਇਹ ਮੂਲ ਰੂਪ ਵਿਚ

ਆਧੁਨਿਕ ਯੂਰਪੀ ਸਾਹਿਤ ਪਰੰਪਰਾ ਦਾ ਰੂਪਾਕਾਰ ਹੈ ਜੋ ਸਭ ਤੋਂ ਪਹਿਲਾ ਅੰਗਰੇਜ਼ੀ ਵਿਚ ਪ੍ਰਵਾਨ ਚੜ੍ਹਿਆ। ਯੂਰਪ ਵਿਚ ਨਾਵਲ ਦਾ ਜਨਮ ਸਪੇਨਿਸ਼ ਨਾਵਲਕਾਰ ਸਰਵਾਂਤੇਜ (1547-1616) ਦੁਆਰਾ ਰਚਿਤ ਡੌਨ ਕੁਹੇਤੇ (1615) ਨਾਲ ਮੰਨਿਆ ਜਾਂਦਾ ਹੈ। ਇੰਗਲੈਂਡ ਵਿਚ ਇਸ ਦੀ ਸਥਾਪਤੀ 18ਵੀਂ ਸਦੀ ਵਿਚ ਡੈਨੀਅਲ ਡੇਫੋ, ਸੈਮੁਅਲ ਰਿਚਡਸਨ ਅਤੇ ਹੇਨਰੀ ਫੀਲਡਿੰਗ ਦੀਆਂ ਰਚਨਾਵਾਂ ਨਾਲ ਹੋਈ। ਉਦੋਂ ਤੋਂ ਲੈ ਕੇ ਨਾਵਲ ਨੇ ਬਹੁਤ ਵਿਕਾਸ ਕੀਤਾ ਅਤੇ ਅੱਜ ਵਿਸ਼ਵ ਦੀਆਂ ਲਗਭਗ ਸਾਰੀਆਂ ਮਹੱਤਵਪੂਰਨ ਭਾਸ਼ਾਵਾਂ ਵਿਚ ਇਸ ਦੀ ਰਚਨਾ ਹੁੰਦੀ ਹੈ। ਅੰਗਰੇਜ਼ੀ ਤੋਂ ਬਾਅਦ ਰੂਸੀ, ਜਰਮਨ, ਫਰਾਂਸੀਸੀ ਆਦਿ ਭਾਸ਼ਾਵਾਂ ਵਿਚ ਸੰਸਾਰ ਪ੍ਰਸਿੱਧ ਨਾਵਲਾਂ ਦੀ ਰਚਨਾ ਹੋਈ। ਅੱਜ ਕੱਲ੍ਹ ਅਫ਼ਰੀਕੀ ਤੇ ਏਸ਼ੀਆਈ ਭਾਸ਼ਾਵਾਂ ਵਿਚ ਅਜਿਹੇ ਨਾਵਲ ਛਪ ਰਹੇ ਹਨ ਜਿਨ੍ਹਾਂ ਨਾਲ ਵਿਸ਼ਵ ਨਾਵਲ ਪਰੰਪਰਾ ਅਗਲੀਆਂ ਸਿਖ਼ਰਾਂ ਨੂੰ ਛੋਹ ਰਹੀ ਹੈ।[2]

ਪੰਜਾਬ ਵਿਚ ਪਹਿਲਾ ਛਾਪਾਖ਼ਾਨਾ 1834 ਈ: ਵਿਚ ਲੁਧਿਆਣੇ ਵਿਖੇ ਸਥਾਪਤ ਹੋਇਆ। ਨਾਵਲ ਵਰਗੇ ਵਾਰਤਕ ਰੂਪ ਇਸ ਤੋਂ ਪਿੱਛੋਂ ਹੀ ਰਚੇ ਜਾਣੇ ਸ਼ੁਰੂ ਹੋਏ ਪੰਜਾਬੀ ਭਾਸ਼ਾ ਵਿਚ ਛਪਿਆ ਪਹਿਲਾ ਨਾਵਲ ਜਾਨ ਬੁਨੀਅਨ ਦੀ ਰਚਨਾ 'ਪਿਲਗ੍ਰਿਮਜ਼ ਪ੍ਰਾਗ੍ਰੈਸ' ਦਾ ਅਨੁਵਾਦ 'ਯਿਸੂਈ ਮੁਸਾਫ਼ਰ ਦੀ ਯਾਤਰਾ' ਹੈ। ਜੋ ਪਹਿਲੀ ਵਾਰ 1859 ਈ: ਵਿਚ ਪ੍ਰਕਾਸ਼ਿਤ ਹੋਇਆ। ਇਸ ਉਪਰੰਤ ਦੂਜਾ ਨਾਵਲ 'ਜਯੋਤਿਰੁਦਯ' 1882 ਈ: ਵਿਚ ਪ੍ਰਕਾਸ਼ਿਤ ਹੋਇਆ। ਇਹ ਨਾਵਲ ਈਸਾਈ ਮਿਸ਼ਨਰੀਆਂ ਵੱਲੋਂ ਲੁਧਿਆਣਾ ਦੇ ਮਿਸ਼ਨ ਪ੍ਰੈੱਸ ਵੱਲੋਂ ਛਾਪੇ ਗਏ। ਇਹਨਾਂ ਨਾਵਲਾਂ ਦਾ ਮਨੋਰਥ ਪੰਜਾਬ ਵਿਚ ਈਸਾਈ ਮਤ ਦਾ ਪ੍ਰਚਾਰ ਕਰਨਾ ਤੇ ਇਹ ਦਰਸਾਉਣਾ ਸੀ ਕਿ ਪੱਛਮੀ ਜੀਵਨ ਸ਼ੈਲੀ ਭਾਰਤੀ ਜੀਵਨ ਸ਼ੈਲੀ ਨਾਲੋਂ ਬਹੁਤ ਸ੍ਰੇਸ਼ਠ ਅਤੇ ਕਲਿਆਣਕਾਰੀ ਹੈ। ਭਾਰਤ ਵਿਚ ਮੌਲਿਕ ਨਾਵਲ ਦੀ ਰਚਨਾ ਬਾਬੂ ਬੰਕਿਮ ਚੰਦਰ ਚੈਟਰਜੀ ਦੀ ਰਚਨਾ 'ਅਨੰਦ ਮੱਠ' (1881) ਨਾਲ ਸ਼ੁਰੂ ਹੋਈ। ਇਸ ਤੋਂ ਬਾਅਦ ਭਾਰਤ ਦੇ ਬਹੁਤ ਸਾਰੇ ਲੇਖਕ ਇਸ ਵਿਧਾ ਵੱਲ ਆਕਰਸ਼ਿਤ ਹੋਏ। ਜਿਨ੍ਹਾਂ ਵਿਚ ਮੁਨਸ਼ੀ ਪ੍ਰੇਮ ਚੰਦ ਅਤੇ ਸ਼ਰਦ ਚੰਦਰ ਚੈਟਰਜੀ ਆਦਿ ਦੇ ਨਾਂ ਵਰਨਣਯੋਗ ਹੈ।[3]

ਪੰਜਾਬੀ ਨਾਵਲ ਦੇ ਆਰੰਭ ਬਾਰੇ ਅਤੇ ਨਾਵਲਕਾਰਾਂ ਬਾਰੇ ਵੱਖ ਵੱਖ ਸਾਹਿਤ ਦੇ ਇਤਿਹਾਸ ਦੇ ਲੇਖਕਾਂ ਦੇ ਆਪਣੇ ਆਪਣੇ ਵਿਚਾਰ ਹਨ। 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਦੇ ਕਰਤਾ ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਮਤ ਹੈ ਕਿ ਪੰਜਾਬੀ ਦਾ ਸਭ ਤੋਂ ਪਹਿਲਾ ਨਾਵਲ ਚਰਨ ਸਿੰਘ ਦਾ 'ਜਗ ਮੜੋਲੀ' ਹੈ। ਇਸ ਮੱਤ ਨਾਲ ਮੋਢੀ ਨਾਵਲਕਾਰ ਡਾ: ਚਰਨ ਸਿੰਘ ਸਿੱਧ ਹੁੰਦਾ ਹੈ। ਈਸ਼ਰ ਸਿੰਘ ਤਾਂਘ ਪੰਜਾਬੀ ਦਾ ਪ੍ਰਥਮ ਨਾਵਲਕਾਰ ਭਾਈ ਵੀਰ ਸਿੰਘ ਨੂੰ ਅਤੇ ਪ੍ਰਥਮ ਨਾਵਲ 1898 ਈ: ਵਿਚ ਛਪੇ ਆਪ ਦੇ ਨਾਵਲ 'ਸੁੰਦਰੀ' ਨੂੰ ਮੰਨਦੇ ਹਨ। ਡਾ. ਸੁਰਿੰਦਰ ਸਿੰਘ ਦੁਸਾਂਝ ਨੇ ਆਪਣੀ ਪੁਸਤਕ 'ਪੰਜਾਬੀ ਇਤਿਹਾਸਕ ਨਾਵਲ' ਵਿਚ ਇਸ ਤੱਥ ਨੂੰ ਪੇਸ਼ ਕੀਤਾ ਹੈ ਕਿ ਭਾਈ ਵੀਰ ਸਿੰਘ ਪੰਜਾਬੀ ਦਾ ਪਹਿਲਾ ਮੌਲਿਕ ਨਾਵਲਕਾਰ ਹੈ ਤੇ 'ਸੁੰਦਰੀ' ਨੂੰ ਪੰਜਾਬੀ ਦਾ ਪ੍ਰਥਮ ਮੌਲਿਕ ਨਾਵਲ ਹੋਣ ਦਾ ਮਾਣ ਪ੍ਰਾਪਤ ਹੈ।

ਉਪਰੋਕਤ ਵਿਦਵਾਨਾਂ ਤੋਂ ਇਲਾਵਾ ਪ੍ਰੋ. ਨਿਰੰਜਨ ਸਿੰਘ ਤਸਨੀਮ ਇਕ ਹੋਰ ਧਾਰਨਾ ਪੇਸ਼ ਕਰਦੇ ਹਨ। ਉਨ੍ਹਾਂ ਅਨੁਸਾਰ ਭਾਈ ਵੀਰ ਸਿੰਘ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਨਹੀਂ ਮੰਨਿਆ ਜਾ ਸਕਦਾ। ਉਨ੍ਹਾਂ ਨੇ ਆਪਣੀ ਪੁਸਤਕ 'ਪੰਜਾਬੀ ਨਾਵਲ ਦਾ ਆਲੋਚਨਾਤਮਿਕ ਅਧਿਐਨ' ਵਿਚ ਨਾਨਕ ਸਿੰਘ ਨੂੰ ਮੋਢੀ ਨਾਵਲਕਾਰ ਸਿੱਧ ਕਰਨ ਦਾ ਯਤਨ ਕੀਤਾ

ਹੈ। ਆਪ ਦਾ ਵਿਚਾਰ ਹੈ ਕਿ ਪੰਜਾਬੀ ਨਾਵਲ ਦਾ ਇਤਿਹਾਸ ਭਾਵੇਂ ਭਾਈ ਵੀਰ ਸਿੰਘ ਨਾਲ ਸ਼ੁਰੂ ਹੁੰਦਾ ਹੈ ਪਰ ਪੰਜਾਬੀ ਨਾਵਲ ਦਾ ਮੋਢੀ ਨਾਨਕ ਸਿੰਘ ਹੀ ਹੈ ਪਰ ਉਨ੍ਹਾਂ ਦੀ ਇਸ ਰਾਏ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ। ਪੰਜਾਬੀ ਵਿਦਵਾਨਾਂ ਦੀ ਬਹੁਗਿਣਤੀ ਭਾਈ ਵੀਰ ਸਿੰਘ ਰਚਿਤ ਨਾਵਲ 'ਸੁੰਦਰੀ' ਨੂੰ ਹੀ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਮੰਨਦੀ ਹੈ। ਇਸ ਤਰ੍ਹਾਂ ਭਾਈ ਵੀਰ ਸਿੰਘ ਸੁਤੇ-ਸਿੱਧ ਹੀ ਪੰਜਾਬੀ ਨਾਵਲ ਦੇ ਪਿਤਾਮਾ ਸਿੱਧ ਹੋ ਜਾਂਦੇ ਹਨ। ਇਸ ਸੁੰਦਰੀ ਨਾਵਲ ਨੂੰ ਭਾਈ ਵੀਰ ਸਿੰਘ ਜੀ ਨੇ 1898 ਈ: ਵਿਚ ਪ੍ਰਕਾਸ਼ਿਤ ਕਰਕੇ ਪੰਜਾਬੀ ਦੇ ਮੌਲਿਕ ਨਾਵਲ ਦੀ ਨੀਂਹ ਰੱਖੀ। ਭਾਈ ਮੋਹਣ ਸਿੰਘ ਵੈਦ, ਭਾਈ ਵੀਰ ਸਿੰਘ ਦਾ ਸਮਕਾਲੀ ਵੀ ਹੋਇਆ ਹੈ ਤੇ ਉਨ੍ਹਾਂ ਤੋਂ ਪ੍ਰਭਾਵਿਤ ਵੀ। ਉਨ੍ਹਾਂ ਨੇ ਬਹੁਤ ਸਾਰੇ ਨਾਵਲ ਰਚੇ ਹਨ। ਇਨ੍ਹਾਂ ਤੋਂ ਬਾਅਦ ਚਰਨ ਸਿੰਘ ਸ਼ਹੀਦ ਨੇ ਵੀ ਕਈ ਨਾਵਲ ਲਿਖੇ।

ਪਰੰਪਰਕ ਦ੍ਰਿਸ਼ਟੀ ਤੋਂ ਨਾਵਲ ਵਿਚ ਜਿਨ੍ਹਾਂ ਤੱਤਾਂ ਦਾ ਹੋਣਾ ਜ਼ਰੂਰੀ ਮੰਨਿਆਂ ਜਾਂਦਾ ਹੈ ਉਹ ਹਨ :- ਪਲਾਟ, ਪਾਤਰ, ਆਲਾ-ਦੁਆਲਾ ਜਾ ਪ੍ਰਵੇਸ਼, ਬਿਰਤਾਂਤ ਵਿਧੀ, ਦ੍ਰਿਸ਼ਟੀ ਬਿੰਦੂ, ਵਿਸ਼ਾ-ਵਸਤੂ, ਮਿੱਥ ਅਤੇ ਪ੍ਰਤੀਕਾਤਮਕਤਾ। ਇਹ ਸਾਰੇ ਤੱਤ ਕਹਾਣੀ ਅਤੇ ਨਿੱਕੀ ਕਹਾਣੀ ਵਿਚ ਵੀ ਹੁੰਦੇ ਹਨ ਪਰ ਨਿੱਕੀ ਕਹਾਣੀ ਸਧਾਰਨ ਮਨੁੱਖ ਦੀ ਸਾਧਾਰਨਤਾ ਨੂੰ ਪੇਸ਼ ਕਰਦੀ ਹੈ, ਨਾਵਲ ਸਧਾਰਨ ਮਨੁੱਖ ਦੀ ਅਸਧਾਰਨਤਾ ਨੂੰ ਪੇਸ਼ ਕਰਦਾ ਹੈ। ਸੋ ਇਹ ਕਿਹਾ ਜਾ ਸਕਦਾ ਹੈ ਕਿ ਨਾਵਲ ਹੀ ਇੱਕ ਐਸੀ ਵਿਧਾ ਹੈ ਜੋ ਅਜੋਕੇ ਮਨੁੱਖ ਦੇ ਬਹੁਪਰਤੀ ਜੀਵਨ ਨੂੰ ਆਪਣੇ ਕਲੇਵਰ ਵਿਚ ਲੈ ਸਕਦਾ ਹੈ ਅਤੇ ਉਸਨੂੰ ਭਾਵਪੂਰਤਾ ਨਾਲ ਬਿਆਨ ਕਰ ਸਕਦਾ ਹੈ।[4]

## ਨਾਵਲ ਦੀ ਪਰਿਭਾਸ਼ਾ

**CLEANTH BROOKS AND AUSTEN WARRAN**:-"ਨਾਵਲ ਇਕ ਤਰ੍ਹਾਂ ਨਾਲ ਸਾਡੀ ਜੀਵਨ ਪ੍ਰਕਿਰਿਆ ਦਾ ਸਿਰਜਨਾਤਮਕ ਬਿੰਬ ਹੈ। ਜਿਸ ਵਿਚਲਾ ਅਰਥ ਅਨੁਭਵ ਤੋਂ ਜਨਮ ਲੈਂਦਾ ਹੈ।"[5]

**H.G WELLS**:-"ਨਾਵਲ ਇਕ ਨੁਕਸਾਨ ਰਹਿਤ ਨਸ਼ਾ ਹੈ। ਜਿਹੜਾ ਉਸ ਸਮੇਂ ਸੇਵਨ ਕੀਤਾ ਜਾਂਦਾ ਹੈ। ਜਦੋਂ ਮਨੁੱਖੀ ਦਿਮਾਗ਼ ਖ਼ਾਲੀ ਹੋਵੇ ਜਾਂ ਮਨੁੱਖ ਕੋਲ ਵਿਹਲ ਹੋਵੇ।"[6]

ਰੈਲਫ ਫਾਕਸ ਦੇ ਅਨੁਸਾਰ:-"ਨਾਵਲ ਜੀਵਨ ਦੀ ਵਿਆਖਿਆ ਹੈ, ਸਿਰਫ਼ ਮਾਮੂਲੀ ਗੱਦ-ਕਥਾ ਨਹੀਂ। ਨਾਵਲ ਕਲਾ ਅਜਿਹਾ ਰੂਪ ਹੈ ਜੋ ਮਨੁੱਖ ਨੂੰ ਪੂਰਨ ਰੂਪ ਵਿਚ ਸਮਝਣ ਅਤੇ ਸਕਾਰ ਕਰਨ ਦਾ ਉਪਰਾਲਾ ਕਰਦਾ ਹੈ।"[7]

ਡਾ. ਸਵਿੰਦਰ ਸਿੰਘ ਉੱਪਲ:- "ਨਾਵਲ ਵਿਧੀ ਅਨੁਸਾਰ ਪੰਜ ਵਿਸ਼ੇਸ਼ਤਾਵਾਂ-ਜੀਵਨ, ਫ਼ਲਸਫ਼ਾ, ਪਾਤਰ, ਗੋਂਦ, ਵਾਰਤਾਲਾਪ, ਵਾਤਾਵਰਨ ਦਾ ਨਾਵਲ ਵਿਚ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ।"[8]

ਉਪਰੋਕਤ ਸਾਰੀਆਂ ਪਰਿਭਾਸ਼ਾਵਾਂ ਆਪਣੇ ਆਪ ਵਿਚ ਸੰਪੂਰਨ ਵੀ ਹਨ ਅਤੇ ਅਪੂਰਨ ਵੀ ਕਿਉਂਕਿ ਨਾਵਲ ਦੀ ਸਹੀ ਅਤੇ ਤਾਤਵਿਕ ਪਰਿਭਾਸ਼ਾ ਅੱਜ ਤੱਕ ਨਹੀਂ ਹੋ ਸਕੀ। ਜੋ ਕੁਝ ਵੀ ਹੋਇਆ ਹੈ, ਉਹ ਇਕ ਦੋ ਜਾਂ ਵੱਧ ਵਿਦਵਾਨਾਂ ਦੇ ਵਿਚਾਰਾਂ ਦੀ ਸਾਂਝ ਦੇ ਆਧਾਰ ਤੇ ਹੋਇਆ ਹੈ। ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਨਾਵਲ ਸਾਹਿਤਕ ਤੇ ਗਲਪ ਮਈ ਰਚਨਾ ਹੈ ਜਿਸ ਵਿਚ ਵਿਆਪਕ ਜੀਵਨ ਦਾ ਵਿਸ਼ਲੇਸ਼ਣ ਪਾਤਰਾਂ, ਕਹਾਣੀ, ਘਟਨਾਵਾਂ, ਵਾਰਤਾਲਾਪ ਅਤੇ ਭਾਸ਼ਾ

ਦੁਆਰਾ ਕੋਈ ਨਾਵਲਕਾਰ ਇਕ ਵਿਲੱਖਣ ਦ੍ਰਿਸ਼ਟੀਕੋਣ ਤੋਂ ਅਤੇ ਅਜਨਬੀਕਰਨ ਢੰਗ ਨਾਲ ਇਉਂ ਕਰਦਾ ਹੈ ਕਿ ਗਲਪੀ ਸੰਸਾਰ ਸੱਚਮੁੱਚ ਦਾ ਸੰਸਾਰ ਨਾਂ ਹੁੰਦਾ ਹੋਇਆ ਵੀ ਸੱਚਾ ਪ੍ਰਤੀਤ ਹੁੰਦਾ ਹੈ। ਨਾਵਲ-ਰਚਨਾ ਵਿੱਚ ਹਰ ਸਮੇਂ ਵਿਰੋਧਾਭਾਸ ਬਣਿਆ ਰਹਿੰਦਾ ਹੈ। ਇਕ ਪਾਸੇ ਇਸ ਦੀ ਸੀਮਾ ਸਮਕਾਲੀ ਜੀਵਨ ਦੇ ਯਥਾਰਥ ਨਾਲ ਜੁੜਦੀ ਹੈ ਅਤੇ ਦੂਜੇ ਪਾਸੇ ਇਸ ਦਾ ਸਬੰਧ ਕਾਲਪਨਿਕ ਗਲਪ ਸੰਸਾਰ ਵਿਚ ਪੇਸ਼ ਹੋਏ ਕਲਾ-ਯਥਾਰਥ ਨਾਲ ਹੈ।[9]

ਨਾਵਲ-ਰਚਨਾ ਵਿਚ ਪ੍ਰਮੁੱਖ ਨਾਵਲ ਦਾ ਕਥਾ-ਜਗਤ ਅਥਵਾ ਕਹਾਣੀ ਹੁੰਦੀ ਹੈ। ਇਸ ਕਹਾਣੀ ਅਥਵਾ ਕਥਾ-ਵਸਤੂ ਨੂੰ ਇਕ ਤਰਤੀਬ ਵਿਚ ਬੰਨ੍ਹ ਕੇ ਪਲਾਟ ਹੀ ਪੇਸ਼ ਕਰਦਾ ਹੈ। ਪਲਾਟ ਨਾਵਲੀ ਥੀਮ ਨੂੰ ਸੰਗਠਿਤ ਕਰਨ ਦਾ ਨਾਮ ਵੀ ਹੈ। ਕੁਝ ਲੋਕ ਕਹਾਣੀ ਨੂੰ ਹੀ ਪਲਾਟ ਕਹਿ ਦਿੰਦੇ ਹਨ ਕਿਉਂਕਿ ਨਾਵਲ ਵਿਆਪਕ ਜੀਵਨ ਨਾਲ ਸਬੰਧਤ ਹੁੰਦਾ ਹੈ। ਅਰਸਤੂ ਨੇ ਆਪਣੇ ਕਾਵਿ ਸ਼ਾਸਤਰ The poetics ਵਿਚ ਪਲਾਟ ਨੂੰ ਬਹੁਤ ਮਹੱਤਵ ਦਿੱਤਾ ਹੈ। ਉਹ ਪਲਾਟ ਨੂੰ 'ਤ੍ਰਾਸਦੀ ਦੀ ਆਤਮਾ' ਦਾ ਨਾਂ ਦਿੰਦਾ ਹੈ।[10] ਉਹ ਪਲਾਟ ਨੂੰ ਘਟਨਾਵਾਂ ਦੀ ਕਲਾਤਮਕ ਵਿਉਂਤਬੰਦੀ ਕਹਿੰਦਾ ਹੈ। ਅਰਸਤੂ ਨੇ ਪਲਾਟ ਦੀਆ ਦੋ ਸ਼੍ਰੇਣੀਆਂ ਮੰਨੀਆਂ ਹਨ-ਇਕਹਿਰਾ ਪਲਾਟ ਅਤੇ ਗੁੰਝਲਦਾਰ ਪਲਾਟ। ਅਰਸਤੂ ਇਕਹਿਰੇ ਪਲਾਟ ਨਾਲੋਂ ਗੁੰਝਲਦਾਰ ਪਲਾਟ ਨੂੰ ਤਰਜੀਹ ਦਿੰਦਾ ਹੈ।[11]

ਪੱਛਮੀ ਸਾਹਿਤ ਵਿਚ ਪਾਤਰ-ਉਸਾਰੀ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਰਿਹਾ ਹੈ। ਨਾਵਲ ਵਿਚ ਪਾਤਰ ਹੀ ਘਟਨਾਵਾਂ ਸਿਰਜਦੇ ਜਾਂ ਘਟਨਾਵਾਂ ਨੂੰ ਭੋਗਦੇ ਹਨ। ਪਾਤਰ ਹੀ ਮਾਨਵ ਦੀ ਦੁੱਖ ਸੁੱਖ ਭਰਪੂਰ ਕਹਾਣੀ ਨਾਲ ਸਬੰਧਤ ਹੁੰਦੇ ਹਨ। ਨਾਵਲੀ ਪਾਤਰ ਦੋ ਤਰ੍ਹਾਂ ਦੇ ਹੁੰਦੇ ਹਨ- ਪੱਧਰੇ ਪਾਤਰ ਅਤੇ ਗੋਲ ਪਾਤਰ।[12]

ਵਾਰਤਾਲਾਪ ਜਾਂ ਸੰਵਾਦ ਨਾਵਲੀ ਘਟਨਾਵਾਂ ਨੂੰ ਸੁਭਾਵਿਕ ਰੂਪ ਵਿਚ, ਆਪਸ ਵਿਚ ਜੋੜਦੇ ਹਨ, ਨਾਵਲੀ ਕਥਾ ਨੂੰ ਗਤੀ ਬਖ਼ਸ਼ਦੇ ਹਨ, ਪਾਤਰਾਂ ਦੀ ਉਸਾਰੀ ਕਰਦੇ ਹਨ ਅਤੇ ਨਾਵਲੀ ਥੀਮ ਨੂੰ ਇਕ ਸੇਧ ਪ੍ਰਦਾਨ ਕਰਦੇ ਹਨ। ਜਿਹੜੇ ਸੰਵਾਦ ਇਨ੍ਹਾਂ ਲੋੜਾਂ ਦੀ ਪੂਰਤੀ ਨਹੀਂ ਕਰਦੇ, ਉਨ੍ਹਾਂ ਨੂੰ ਨਾਵਲੀ ਜਗਤ ਵਿਚ ਸਫਲ ਸੰਵਾਦ ਨਹੀਂ ਮੰਨਿਆ ਜਾਂਦਾ ਸਗੋਂ ਅਜਿਹੇ ਅਰਥਹੀਣ ਸੰਵਾਦ ਨਾਵਲੀ ਰਚਨਾ ਦਾ ਮੁੱਲ ਘਟਾਉਂਦੇ ਹਨ। ਵਾਰਤਾਲਾਪਾਂ ਦਾ ਇਕ ਪੱਖ ਮਨੋਵਿਗਿਆਨ ਨਾਲ ਵੀ ਸਬੰਧਤ ਹੈ। ਇਸ ਗੁਣ ਨਾਲ ਨਾਵਲ-ਰਚਨਾ ਨੂੰ ਕਲਾਤਮਕਤਾ ਦਾ ਅੰਸ਼ ਪ੍ਰਾਪਤ ਹੁੰਦਾ ਹੈ। ਵਾਰਤਾਲਾਪ ਦਾ ਮੁੱਖ ਮੰਤਵ ਸੂਖਮਤਾ ਦੇ ਭਾਵਾਂ ਨੂੰ ਸਾਕਾਰ ਕਰਨਾ ਹੈ। ਵਾਰਤਾਲਾਪ ਇਕ ਅਜਿਹਾ ਸਾਧਨ ਹੈ ਜਿਹੜਾ ਹਰ ਪ੍ਰਕਾਰ ਦੀ ਸੂਖਮਤਾ ਨੂੰ ਬਿਆਨ ਕਰਨ ਦੀ ਸਮਰੱਥਾ ਰੱਖਦਾ ਹੈ।[13]

ਨਾਵਲ ਵਿਚ ਨਾਵਲੀ ਉਦੇਸ਼ ਵੀ ਕਾਇਨਾਤ ਵਾਂਗ ਸੁਤੰਤਰ ਅਤੇ ਸਰਵਕਾਰੀ ਹੋਣਾ ਚਾਹੀਦਾ ਹੈ। ਨਾਵਲ ਕੇਵਲ ਮੰਨ ਪ੍ਰਚਾਵੇ ਦੀ ਵਸਤੂ ਨਹੀਂ ਸਗੋਂ ਜੀਵਨ ਦਾ ਆਲੋਚਨਾਤਮਿਕ ਅਧਿਐਨ ਹੈ ਅਤੇ ਇਸ ਅਧਿਐਨ ਵਿਚ ਨਾਵਲਕਾਰ ਦੀ ਦ੍ਰਿਸ਼ਟੀ ਸਮੋਈ ਹੁੰਦੀ ਹੈ। ਦ੍ਰਿਸ਼ਟੀਕੋਣ ਦੀਰਘ ਅਨੁਭਵ ਅਤੇ ਵਿਸ਼ਾਲ ਤਜਰਬੇ ਨਾਲ ਪ੍ਰਾਪਤ ਹੁੰਦਾ ਹੈ। ਭਾਵ ਕਿ ਕੋਈ ਵੀ ਰਚਨਾ ਉਦੇਸ਼ ਤੋਂ ਬਿਨਾਂ ਰਚੀ ਹੀ ਨਹੀਂ ਜਾਂ ਸਕਦੀ ਕਿਉਂਕਿ ਜੇਕਰ ਉਦੇਸ਼ ਹੀ ਨਹੀਂ ਹੈ ਕੰਮ ਕਰਨ ਦਾ ਤਾਂ ਉਸ ਕੰਮ ਕਰਨ ਦਾ ਵੀ ਕੋਈ ਲਾਭ ਨਹੀਂ ਕੋਈ ਮੰਤਵ ਨਹੀਂ।[14]

ਸ਼ੈਲੀ ਹਰ ਲੇਖਕ ਦੀ ਨਿੱਜੀ ਅਤੇ ਵੱਖਰੀ ਹੁੰਦੀ ਹੈ। ਇਸ ਨੂੰ ਮਾਂਗਵੇਂ ਕੋਟ ਪੈਂਟ ਵਾਂਗ ਨਹੀਂ ਪਹਿਨਿਆ ਜਾ ਸਕਦਾ।[15] ਜੇ ਸਾਰੇ ਨਾਵਲੀ ਤੱਤਾਂ ਨੂੰ ਸੁਯੋਗ ਵਿਧੀ ਵਿਚ ਨਾਂ ਢਾਲਿਆ ਜਾਵੇ ਤਾਂ ਨਾਵਲੀ ਪ੍ਰਭਾਵ ਨਹੀਂ ਸਿਰਜਿਆ ਜਾ ਸਕਦਾ। ਸ਼ੈਲੀ ਸਾਰੇ ਤੱਤਾਂ ਨੂੰ ਅੰਤਰ-ਨਿਹਿਤ ਤੌਰ ਤੇ ਸੁਭਾਵਿਕ ਰੂਪ ਵਿਚ ਜੋੜਨ ਦਾ ਨਾਂ ਹੈ। ਨਾਵਲਕਾਰ ਆਪਣੇ ਆਪਣੇ ਢੰਗ ਨਾਲ ਆਪਣੀਆਂ ਨਾਵਲੀ ਰਚਨਾਵਾਂ ਦਾ ਆਰੰਭ ਕਰਦੇ ਹਨ । ਕਈ ਅੰਤ ਤੋਂ ਨਾਵਲ ਦਾ ਆਰੰਭ ਕਰਦੇ ਹਨ ਅਤੇ ਕਈ ਮੱਧ ਤੋਂ ਤੇ ਕੋਈ ਕਹਾਣੀ ਆਰੰਭ ਤੋਂ ਹੀ ਸ਼ੁਰੂ ਕਰ ਲੈਂਦਾ ਹੈ। ਨਾਨਕ ਸਿੰਘ ਕਈ ਵਾਰ ਅੰਤ ਤੋਂ ਸ਼ੁਰੂ ਕਰਦਾ ਹੈ। ਇਸੇ ਲਈ ਸ਼ੈਲੀ ਨੂੰ ਲੇਖਕ ਦੀ ਨਿੱਜੀ ਵਸਤੂ ਕਿਹਾ ਜਾਂਦਾ ਹੈ।[16]

ਪਰਵਾਸੀ ਪੰਜਾਬੀ ਨਾਵਲ ਦਾ ਆਗਾਜ਼ ਬਾਕੀ ਸਾਹਿੱਤਿਕ ਰੂਪਾਂ ਨਾਲੋਂ ਮਗਰੋਂ ਹੁੰਦਾ ਹੈ। ਇਹ ਆਰੰਭ 1953 ਈ: ਵਿਚ ਗਏ ਕੈਨੇਡੀਅਨ ਪੰਜਾਬੀ ਨਾਵਲ 'ਲਹਿਰ ਵਧਦੀ ਗਈ' (ਕੇਸਰ ਸਿੰਘ) ਤੋਂ ਮੰਨਦੇ ਹਾਂ।[17] ਪਰਵਾਸੀ ਚੇਤਨਾ ਦੇ ਵਿਭਿੰਨ ਪਾਸਾਰਾਂ ਭੂ-ਹੇਰਵੇ, ਨਸਲੀ ਵਿਤਕਰਾ, ਸਭਿਆਚਾਰਕ ਤਣਾਓ, ਪੀੜੀ ਪਾੜਾ ਅਤੇ ਅਜੋਕੀ ਸਥਿਤੀ ਵਿਚ ਪੂਰਬ ਤੇ ਪੱਛਮ ਦੇ ਅੰਤਰ ਵਿਰੋਧੀ ਸੰਵਾਦ, ਸਹਿਹੋਂਦ ਤੇ ਸਹਿਯੋਗ ਵਾਲੇ ਸਬੰਧਾਂ, ਪਰਵਾਸੀ ਪੰਜਾਬੀ ਮਨੁੱਖ ਦੀ ਹੋਂਦ ਤੇ ਹੋਣੀ ਨਾਲ ਜੁੜੇ ਪਾਸਾਰਾਂ ਨੂੰ ਜਿੰਨੀ ਗਹਿਰਾਈ ਸੰਤੁਲਿਤ ਤੇ ਵਿਸ਼ਲੇਸ਼ਣੀ ਦ੍ਰਿਸ਼ਟੀ ਤੋਂ ਇਹ ਨਾਵਲ ਸਾਹਿਤ ਪੇਸ਼ ਕਰ ਰਿਹਾ ਹੈ। ਉਹ ਬਾਕੀ ਵਿਧਾਵਾਂ ਦੇ ਮੁਕਾਬਲੇ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਪਰਵਾਸੀ ਪੰਜਾਬੀ ਨਾਵਲ ਦੀ ਇਤਿਹਾਸਕ ਜਾਣਕਾਰੀ ਦੇਣ ਲਈ ਇਸਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ- **ਬਰਤਾਨਵੀ ਪੰਜਾਬੀ ਨਾਵਲ, ਕੈਨੇਡੀਅਨ ਪੰਜਾਬੀ ਨਾਵਲ ਅਤੇ ਅਮਰੀਕਨ ਪੰਜਾਬੀ ਨਾਵਲ।**

**ਬਰਤਾਨਵੀ ਪੰਜਾਬੀ ਨਾਵਲ**:- ਬਰਤਾਨਵੀ ਪੰਜਾਬੀ ਨਾਵਲ ਦੇ ਅੰਤਰਗਤ ਮਨਜੀਤ ਰਾਣਾ ਦੇ ਨਾਵਲ 'ਮੇਰਾ ਰੂਪ ਮੇਰਾ ਰੂਪ'(1964) ਦਾ ਕਥਾਨਕ ਮੱਧ-ਸ਼੍ਰੇਣਿਕ ਜੀਵਨ ਦੇ ਸਮਾਜਿਕ ਸਭਿਆਚਾਰਕ ਸੰਕਟ ਦਾ ਵਿਵੇਕ ਸਿਰਜਦਾ ਹੈ। ਇਸ ਤੋਂ ਬਿਨਾ ਉਸ ਦੇ ਕਈ ਹੋਰ ਨਾਵਲ ਵੀ ਹਨ ਜਿਵੇਂ- ਔਖੇ ਪਾਲਣੇ ਬੋਲ (1967), ਪ੍ਰੀਤਾਂ (1968), ਦਿਲ ਤੇ ਦੁਨੀਆ (1969), ਅੰਗਰੇਜ਼ ਕੁੜੀਆਂ (1972), ਪਿੰਕੀ ਗਰੇਵਾਲ ਇਕ ਇਸਤਰੀ ਲੇਖਿਕਾ ਹੈ। ਜਿਸ ਨੇ ਔਰਤਾਂ ਦੇ ਸੰਤਾਪ ਨੂੰ ਬਿਆਨ ਕੀਤਾ ਹੈ। ਇਸ ਨੇ 'ਬਚਨੋ ਵਲੈਤ ਆਈ'(1968) ਲਿਖਿਆ। ਦਿਲਬਾਗ ਸਿੰਘ ਬਾਸੀ ਦਾ ਨਾਵਲ 'ਦੇਸੀ ਕੁੜੀਆਂ ਵਲੈਤੀ ਲਾੜੇ (1972) ਵਿਚ ਲਿਖਿਆ ਜਿਵੇਂ ਇਸ ਦੇ ਸਿਰਲੇਖ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਪੰਜਾਬੀ ਕੁੜੀਆਂ ਦੇ ਵਿਦੇਸ਼ ਤੋਂ ਆਏ ਪਰਵਾਸੀ ਪੰਜਾਬੀਆਂ ਨਾਲ ਵਿਆਹ-ਬੰਧਨ ਨੂੰ ਪ੍ਰਗਟਾਉਂਦਾ ਹੈ। ਪੰਰਤੂ ਇਹ ਵਿਆਹ-ਸਬੰਧ ਸਾਵੇ, ਸੰਤੁਲਿਤ ਨਹੀਂ ਹਨ ਬਲਕਿ ਪੰਜਾਬੀ ਮਾਪਿਆਂ ਦੁਆਰਾ ਲਾਲਚ, ਸੁਆਰਥ, ਪੱਛਮ ਦੀ ਚਕਾਚੌਂਧ, ਆਰਥਕ ਸਮ੍ਰਿਧੀ ਦੀ ਅਕਾਂਖਿਆ ਦੀ ਆਧਾਰ-ਭੂਮੀ ਤੇ ਉੱਸਰਦੇ ਹਨ। ਮੋਹਣ ਸਿੰਘ ਕੁੱਕੜਪਿੰਡੀਆ ਬਹੁਤ ਹੀ ਮਹੱਤਵਪੂਰਨ ਨਾਵਲਕਾਰ ਹੈ ਜਿਸ ਨੇ ਆਪਣੇ ਨਾਵਲਾਂ ਰਾਹੀ ਪੱਛਮੀ ਸਾਹਿਤ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ। ਉਸ ਦੇ ਨਾਵਲ ਹਨ- ਖ਼ੂਨ ਗ਼ਰੀਬਾਂ ਦਾ (1973), ਮੇਰਾ ਗੁਆਚਾ ਪਿਆਰ (1973), ਬਰਫ਼ ਦਾ ਦਰਦ (1978), ਤਾਰੀਖ਼ ਗਵਾਈ ਦੇਵੇਗੀ (1980), ਗ਼ੁਲਾਮੀ (1982), ਬੁੱਕਲ ਯਾਰ ਦੀ (1993), ਕਾਲੇ ਹਰਾਮ ਦੇ

(2004), ਚਿੱਟੇ ਪਾਣੀ (2007), ਪਰਦੇਸ (2010), ਵਲੈਤੀਆ (2010), ਗੋਰੀਆਂ (2012) ਨਾਵਲ ਲਿਖੇ ਹਨ। ਹਰਿੰਦਰ ਸਿੰਘ ਬਜਾਜ ਨੇ ਵੀ ਆਪਣਾ ਬਹੁਤ ਯੋਗਦਾਨ ਪਾਇਆ ਹੈ। ਉਸ ਦੇ ਨਾਵਲ ਹਨ- ਅੰਬੀ ਦਾ ਪਿਆਰ (1974),[18] ਸੱਜਣਾਂ ਬਾਝ ਹਨੇਰਾ (1979), ਬਾਬਾ ਬੋਲਤੇ (1980), ਬਾਰਿ ਬਗਾਨੇ (1996), ਦੀਪ ਬਿੰਦੂ (1997), ਇਕੱਠੇ ਅਤੇ ਇਕੱਠੇ (1998), ਪ੍ਰਵਾਸ ਪੈੜਾਂ (1998), ਉਦਾਸ ਧਰਤੀ (1999), ਧੁਖਦੀ ਅੱਗ (1999), ਖਾਰੇ ਪਾਣੀ (2000), ਨੀਲਾ ਆਕਾਸ਼ (2002), ਸਵਰਗ ਦੇ ਝਰੋਖੇ ਚੋਂ (2003), ਰੋਈ ਸੀ ਦੀ ਪੰਜਾਬ ਦੀ (2006) ਆਦਿ ਨਾਵਲ ਲਿਖ ਕੇ ਆਪਣਾ ਯੋਗਦਾਨ ਪਾਇਆ।

ਦਰਸ਼ਨ ਸਿੰਘ ਧੀਰ ਇੰਗਲੈਂਡ ਵਾਸੀ ਨਾਵਲਕਾਰ, ਕਹਾਣੀਕਾਰ ਅਤੇ ਲੇਖਕ ਹੈ। ਉਹ ਹੁਣ ਤੱਕ 11 ਨਾਵਲ ਤੇ 90 ਤੋਂ ਵੱਧ ਕਹਾਣੀਆਂ ਦੀ ਰਚਨਾ ਕਰ ਚੁੱਕਾ ਹੈ। ਉਸ ਦੀ ਗਲਪ ਯਾਤਰਾ 1972 ਤੋਂ ਆਰੰਭ ਹੋਈ ਸੀ। ਉਸ ਦੀਆਂ ਪ੍ਰਮੁੱਖ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ-

ਕਹਾਣੀ ਸੰਗ੍ਰਹਿ- ਲੂਣੀ ਮਹਿਕ (1972), ਡਰਿਆ ਮਨੁੱਖ (1993), ਦਿਸਹੱਦੇ ਤੋਂ ਪਾਰ (1987), ਸ਼ੀਸ਼ੇ ਦੇ ਟੁਕੜੇ (1998), ਮਰਦਾ ਸੱਚ (1976), ਦੌੜ (2000)

ਨਾਵਲ- ਇਕ ਲੋਕ (1996), ਅਜਨਬੀ ਚਿਹਰੇ (2003), ਵਹਿਣ (2011), ਆਪਣੇ ਆਪਣੇ ਰਾਹ (1980), ਲਕੀਰਾਂ ਤੇ ਮਨੁੱਖ (1991), ਪੈੜਾਂ ਦੇ ਆਰ ਪਾਰ (2001), ਸੰਘਰਸ਼ (1984), ਧੁੰਦਲਾ ਸੂਰਜ (1989), ਘਰ ਤੇ ਕਮਰੇ (1998), ਰਣਭੂਮੀ ( ), ਹਾਸ਼ੀਏ (2008), When the Waters Wail ਅੰਗਰੇਜ਼ੀ ਵਿਚ (2009)

ਸਾਹਿਤਕ ਸਵੈ ਜੀਵਨੀ- (ਪੂਰਬ-ਪੱਛਮ ਦੀ ਕਮਾਈ) (2011)

ਮਾਨ ਸਨਮਾਨ- ਸ਼੍ਰੋਮਣੀ ਗਲਪਕਾਰ: ਭਾਰਤੀ ਮਜ਼ਦੂਰ ਸਭਾ, ਯੂ.ਕੇ.(1987), ਵਿਦੇਸ਼ੀ ਸਾਹਿਤਕਾਰ: ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (1989), ਭਾਸ਼ਾ ਵਿਭਾਗ ਪਟਿਆਲਾ, ਪੰਜਾਬ ਵੱਲੋਂ ਸਨਮਾਨ (1998), ਸ਼੍ਰੋਮਣੀ ਸਾਹਿਤਕਾਰ (ਵਿਦੇਸ਼ੀ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ (1999)[19]

ਸਵਰਨ ਚੰਦਨ ਮੂਲ ਰੂਪ ਵਿਚ ਪਰਵਾਸੀ ਲੇਖਕ ਹੈ। ਉਸ ਨੇ ਪਹਿਲੀ ਵਾਰ ਪਰਵਾਸੀ ਸਾਹਿਤ ਦੇ ਨਾਮਕਰਨ ਤੇ ਅਧਿਐਨ ਉੱਤੇ, ਮੁੱਢਲੇ ਰੂਪ ਵਿਚ ਦ੍ਰਿਸ਼ਟੀ ਕੇਂਦਰਿਤ ਕੀਤੀ। ਸਵਰਨ ਚੰਦਨ ਬੁਨਿਆਦੀ ਤੌਰ ਤੇ ਭਾਵੇਂ ਪਰਵਾਸੀ ਲੇਖਕ ਸੀ ਪਰ ਉਸ ਦੀ ਪਹੁੰਚ ਵਿਸ਼ਵ ਸਾਹਿਤ ਵਿਚ ਹੋ ਰਹੇ ਰਚਨਾਤਮਿਕ ਤੇ ਵਿਚਾਰਧਾਰਾਈ ਤਜਰਬਿਆਂ ਨਾਲ ਹੀ ਨਹੀਂ ਬਣੀ ਹੋਈ, ਸਗੋਂ ਉਹ ਸਾਹਿਤ ਅਧਿਐਨ ਪ੍ਰਣਾਲੀਆਂ ਤੇ ਪਾਠ ਦੀ ਦਰਸ਼ਨ ਕੇਂਦਰਿਤ ਭੂਮਿਕਾ ਨੂੰ ਸਮਝਣ ਵਾਲਾ ਕਲਮ ਕਾਰ ਸੀ। ਉਹ ਆਪਣੇ ਆਪ ਨੂੰ ਭਾਵੇਂ ਮਾਰਕਸਵਾਦੀ ਚਿੰਤਨ ਨਾਲ ਜੁੜਿਆ ਹੋਇਆ ਮੰਨਦਾ ਹੈ ਪਰ ਉਸ ਦੀਆਂ ਲਿਖਤਾਂ ਨਵੇਂ ਵਿਚਾਰਧਾਰਾਈ ਅਧਿਐਨ ਨੂੰ ਵੀ ਅੰਗੀਕਾਰ ਕਰਦੀਆਂ ਹਨ। ਉਹ ਸਮਾਜ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਵੇਖਦਾ, ਪਰਖਦਾ ਤੇ ਵਿਚਾਰਦਾ ਹੈ।

ਨਿਰਸੰਦੇਹ ਉਸ ਦੀਆਂ ਲਿਖਤਾਂ ਨੇ ਪਰਵਾਸੀ ਜੀਵਨ ਦੀ ਸਮੱਸਿਅਕ ਚਿੱਤਰਕਾਰੀ ਕਰਦਿਆਂ ਇਸ ਅੰਦਰਲੇ ਕਾਰਜਾਂ-ਕਾਰਨਾਂ ਨੂੰ ਇਕ ਨਵੇਂ ਸਿਰਜਨਾਤਮਕ ਤਰਕ ਦੀਆਂ ਛੋਹਾਂ ਨਾਲ ਪੇਸ਼ ਕੀਤਾ ਹੈ। ਉਸ ਨੂੰ ਇਹ ਮਹਿਸੂਸ ਹੁੰਦਾ ਸੀ ਕਿ ਉਹ ਜਿਹੜੀਆਂ ਵੱਡੀਆਂ ਨਵੀਆਂ ਤੇ ਅਨੋਖੀਆਂ ਗੱਲਾਂ ਕਰਦਾ ਹੈ, ਉਸ ਨੂੰ ਬਰਤਾਨਵੀ ਲੇਖਕ ਸਮਝ ਹੀ ਨਹੀਂ ਪਾ ਰਹੇ, ਉਸ ਦੀਆ ਲਿਖਤਾਂ ਸਮੇਂ ਤੋਂ ਪਾਰ ਜਾਣ ਦੀ ਸਮਰੱਥਾ ਦੀਆਂ ਲਖਾਇਕ ਹਨ। ਉਸ ਦੀ ਇਹ ਵਿਆਖਿਆ; ਸਵੈ-ਸਿਰਜਿਤ ਧਾਰਨਾਵਾਂ ਤੇ ਅਧਾਰਿਤ ਸੀ। ਸਿੱਟੇ ਵਜੋਂ ਉਸ ਅਨੁਸਾਰ, ਉਸ ਦਾ ਉਹ ਮੁੱਲ ਨਹੀਂ ਪੈ ਰਿਹਾ। ਜਿਸ ਦਾ ਉਹ ਅਧਿਕਾਰੀ ਹੈ। ਉਸ ਦੀ ਸਾਹਿਤਕ ਸਿਰਜਣਾ ਹੇਠ ਲਿਖੇ ਅਨੁਸਾਰ ਹੈ-

ਕਹਾਣੀ ਸੰਗ੍ਰਹਿ: ਉੱਜੜਿਆ ਖੂਹ(1977), ਪੁੰਨ ਦਾ ਸਾਕ (1982), ਖ਼ਾਲੀ ਪਲਾਂ ਦੀ ਸਾਂਝ(1987), ਲਾਲ ਚੌਂਕ(1989), ਕੁਆਰ ਗੰਦਲ (1991), ਬਜ਼ੁਰਗ ਬਾਬਾ ਤੇ ਭੀੜ(1996), ਬੰਦ ਗੁਫ਼ਾਵਾਂ (2000)।

ਨਾਵਲ: ਨਵੇਂ ਰਿਸ਼ਤੇ, ਕੱਚੇ ਘਰ, ਕਦਰਾਂ-ਕੀਮਤਾਂ, ਸ਼ਤਰੰਜ (ਤਿੰਨ ਨਾਵਲੈੱਟ1986), ਕੱਖ, ਕਾਨ ਤੇ ਦਰਿਆ (1992), ਕੰਜਕਾਂ (1993), ਮੱਛਰ ਗੰਜ (1998), ਤਸਦੀਕ ਤ੍ਰੈ-ਲੜੀ ਨਾਵਲ: ਪੰਜਾਬ ਸੰਤਾਲੀ (2000) ਅਤੇ ਸਮਾ (2010)।

ਆਲੋਚਨਾ ਪੁਸਤਕਾਂ: ਸੰਵੇਦਨਾ ਅਤੇ ਸਾਹਿਤ: ਬਰਤਾਨਵੀ ਸਾਹਿਤ ਦੀ ਸਥਿਤੀ (1987), ਅੰਮ੍ਰਿਤਾ ਪ੍ਰੀਤਮ ਦੀ ਗਲਪ ਤੇ ਕਾਵਿ-ਚੇਤਨਾ (1991), ਦਵੰਦਵਾਦੀ ਸਮੀਖਿਆ ਪ੍ਰਣਾਲੀ: ਸਿਧਾਂਤ ਤੇ ਵਿਹਾਰ (1993), ਬਰਤਾਨਵੀ ਪੰਜਾਬੀ ਜਨ-ਜੀਵਨ ਤੇ ਸਾਹਿਤ (1994), ਬਰਤਾਨਵੀ ਪੰਜਾਬੀ ਸਾਹਿਤ ਦੀਆਂ ਸਮੱਸਿਆਵਾਂ (1996), ਸਾਹਿਤ, ਸਮਾਜ ਤੇ ਰਾਜਨੀਤੀ (2001)।

ਕਵਿਤਾ ਸੰਗ੍ਰਹਿ: ਚਾਨਣ ਦੀ ਲਕੀਰ (1996), ਦੂਜਾ ਪੜਾਅ (1974), ਜੁਗਨੂੰਆਂ ਦੀ ਰਾਖ ਆਦਿ।

ਸਵਰਨ ਚੰਦਨ ਬਰਤਾਨਵੀ ਪੰਜਾਬੀ ਸਿਰਜਨਾਤਮਕ ਗਲਪ ਸਾਹਿਤ ਵਿਚ ਇਕ ਪਰੀਚਿਤ ਅਤੇ ਚਰਚਿਤ ਨਾਂ ਹੈ ਅਤੇ ਇਸ ਦੇ ਚਰਚਿਤ ਹੋਣ ਪਿੱਛੇ ਇਕ ਬੁਨਿਆਦੀ ਕਾਰਨ, ਉਸ ਦੀ ਗੁਣਾਤਮਿਕ ਅਤੇ ਗਿਣਾਤਮਿਕ ਪੱਖੋਂ ਪੁਸਤਕ ਰਚਨਾ ਵੀ ਹੈ। ਬਰਤਾਨਵੀ ਪੰਜਾਬੀ ਸਾਹਿਤ ਸਮੀਖਿਆ ਬਾਰੇ ਪਹਿਲਾ ਗੰਭੀਰ ਯਤਨ ਕਰਨ ਦਾ ਸਿਹਰਾ ਵੀ ਉਸ ਦੇ ਸਿਰ ਬੱਝਦਾ ਹੈ।

ਸਵਰਨ ਚੰਦਨ ਦਾ ਜਨਮ ਪਿੰਡ ਢੁਪਈ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਸ. ਆਸਾ ਸਿੰਘ ਸਧਾਰਨ ਕਿਸਾਨ ਸਨ। 15 ਅਗਸਤ, 1947 ਨੂੰ ਦੇਸ ਦੀ ਵੰਡ ਸਮੇਂ ਹੋਏ ਫ਼ਿਰਕੂ ਫ਼ਸਾਦਾਂ ਵਿਚ ਉਸ ਦੇ ਪਿਤਾ ਦਾ ਕਤਲ ਹੋ ਗਿਆ। ਇਸ ਸਦਮੇ ਤੋਂ ਇਕ ਮਹੀਨੇ ਪਿੱਛੋਂ ਉਨ੍ਹਾਂ ਦੀ ਮਾਤਾ ਜੀ ਦਾ ਵੀ ਚਲਾਣਾ ਕਰ ਗਈ। ਛੇ ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਉਹ ਯਤੀਮ ਹੋ ਗਿਆ ਹੈ। ਉਸ ਨੇ ਆਪਣੀ ਮੁੱਢਲੀ ਸਿੱਖਿਆ ਸ੍ਰੀ ਗੁਰੂ ਰਾਮਦਾਸ ਹਾਈ ਸਕੂਲ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਸੀ। ਉਸ ਨੇ ਆਪਣੀ ਪਹਿਲੀ ਨਜ਼ਮ ਦਸਾਂ ਸਾਲਾਂ ਦੀ ਉਮਰ ਵਿਚ ਲਿਖੀ ਸੀ।

ਯਤੀਮ ਹੋਣ ਕਾਰਨ ਉਸ ਦੀ ਸਕੂਲ ਫ਼ੀਸ ਮਾਫ਼ ਹੀ ਹੁੰਦੀ ਸੀ। 1982 ਵਿਚ ਉਸ ਨੇ ਅੰਮ੍ਰਿਤਸਰ ਤੋਂ ਐਮ.ਏ. ਕੀਤੀ। ਉਨ੍ਹਾਂ ਨੇ ਬਹੁਤ ਸਾਰੇ ਕਿੱਤੇ ਕਰਨ ਦੇ ਨਾਲ ਲਾਇਬ੍ਰੇਰੀਅਨ ਦਾ ਕਿੱਤਾ ਵੀ ਕੀਤਾ। 1987 ਵਿਚ ਉਸ ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਉਸ ਨੂੰ ਸ਼ਰੋਮਣੀ ਸਾਹਿਤਕਾਰ (ਪਰਵਾਸੀ ਸਾਹਿਤ) ਵਜੋਂ ਸਨਮਾਨਿਆ ਜਾ ਚੁੱਕਾ ਹੈ। ਉਸ ਨੇ ਦਵੰਦਵਾਦ ਪਦਾਰਥਵਾਦ ਅਧਿਐਨ ਵਿਸ਼ੇ ਤੇ ਪੀ.ਐੱਚ.ਡੀ. ਦੀ ਡਿਗਰੀ ਵੀ ਪ੍ਰਾਪਤ ਵੀ ਕੀਤੀ ਤੇ ਪੁਸਤਕ ਵੀ ਛਪਵਾਈ।

ਉਸ ਨੇ ਕੰਜਕਾਂ ਵਰਗਾ ਨਾਵਲ ਲਿਖ ਕੇ ਉਸ ਨੇ ਮੂਲ ਸਭਿਆਚਾਰ ਦੀ ਪ੍ਰਭਾਵ ਲੀਲ੍ਹਾ ਨੂੰ ਅੰਕਿਤ ਕਰਨ ਲਈ ਪੰਜਾਬੀ ਪਰਵਾਸੀ ਕੁੜੀਆਂ ਦੇ ਚਰਿੱਤਰ ਪਰਿਵਰਤਨ, ਚਰਿੱਤਰ ਹਨਨ ਤੇ ਚਰਿੱਤਰ ਰੂਪਾਂਤਰਨ ਨੂੰ ਸਮੱਸਿਅਕ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹੋਏ ਪਰਵਾਸੀ ਦੇਸ਼ ਦੀ ਸਭਿਆਚਾਰਕ ਵਹਿਣ ਧਾਰਾ ਵਿਚ ਵਹਿ ਜਾਣ ਦੀ ਅਟੁੱਟ, ਅਟੱਲ ਤੇ ਅਕੱਟ ਭੂਮਿਕਾ ਤੇ ਹੀ ਬਲ ਦਿੱਤਾ ਹੈ। ਉਸ ਦਾ ਸਮੀਖਿਆਤਮਿਕ ਤੇ ਰਚਨਾਤਮਿਕ ਸਾਹਿਤ ਪਰਵਾਸੀ ਜੀਵਨ ਧਾਰਾ ਦੇ ਸੰਕਟ ਦੁਆਲੇ ਪ੍ਰਕਰਮਾ ਕਰਦਾ ਹੈ। ਉਸ ਦੀ ਸਾਹਿਤਕ ਰਚਨਾਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

ਮਹਿੰਦਰਪਾਲ ਸਿੰਘ ਧਾਲੀਵਾਲ ਨੇ ਵੀ ਆਪਣੀ ਸਾਹਿਤਕ ਦ੍ਰਿਸ਼ਟੀ ਰਾਹੀ ਪੰਜਾਬੀ ਪੱਛਮੀ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ ਜਿਵੇਂ ਮਿੱਟੀ ਦਾ ਮੋਹ 2005, ਨਿਥਾਵੇਂ 2007, ਚਿਹਰੇ ਮਾਰਚ 2009, ਮੰਜ਼ਿਲ ਹੋਰ ਪਰ੍ਹੇ 2011

## ਕੈਨੇਡੀਅਨ ਪੰਜਾਬੀ ਨਾਵਲ

ਕੇਸਰ ਸਿੰਘ ਦਾ ਬਹੁਤ ਵੱਡਾ ਯੋਗਦਾਨ ਹੈ ਉਸ ਦੀ ਸਾਰੀ ਦੀ ਸਾਰੀ ਰਚਨਾ ਇਤਿਹਾਸਕ ਹੈ। ਉਸ ਦਾ ਪਹਿਲਾ ਨਾਵਲ 'ਲਹਿਰ ਵਧਦੀ ਗਈ' (1953) ਦੂਜੀ ਵਿਸ਼ਵ ਜੰਗ ਦੇ ਦੌਰਾਨ ਅਤੇ ਪੂਰਵਲੀਆਂ ਇਤਿਹਾਸਕ, ਅਰਧ-ਇਤਿਹਾਸਕ ਘਟਨਾਵਾਂ ਦੀ ਪ੍ਰਸਤੁਤੀ ਨਾਲ ਸਬੰਧਿਤ ਹੁੰਦਾ ਹੋਇਆ ਭਾਰਤੀ ਸੁਤੰਤਰਤਾ ਸੰਗਰਾਮ ਦੇ ਸੰਗਰਾਮੀਆਂ ਦੀ ਘਾਲਣਾ ਭਰੀ ਦਾਸਤਾਨ ਦੀ ਪੇਸ਼ਕਾਰੀ ਵੀ ਕਰਦਾ ਹੈ।[20] ਇਨ੍ਹਾਂ ਦੇ ਨਾਵਲ ਗ਼ਦਰ ਲਹਿਰ ਦੇ ਇਤਿਹਾਸ ਦੇ ਦਸਤਾਵੇਜ਼ ਦੇ ਤੋਰ ਤੇ ਵੀ ਦੇਖੇ ਜਾ ਸਕਦੇ ਹਨ। ਇਨ੍ਹਾਂ ਦੇ ਨਾਵਲ ਹਨ- ਲਹਿਰ ਵਧਦੀ ਗਈ (1953), ਜੰਗੀ ਕੈਦੀ (1969), ਬਾਬਾ ਹਰੀ ਸਿੰਘ ਉਸਮਾਨ (1975), ਅਮਰ ਸ਼ਹੀਦ ਮਦਨ ਲਾਲ ਢੀਂਗਰਾ (1977), ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ ਮਾਰਚ (1978), ਸਿੰਘ ਸਾਹਿਬ ਦੀ ਸ਼ਹਾਦਤ ਮਾਰਚ (1982), ਜੰਢ ਲਾੜਿਆਂ ਦੀ (1982), ਤੀਜੀ ਪੀੜ੍ਹੀ (1984), ਗ਼ਦਰੀ ਬੀਬੀ ਗੁਲਾਬ ਕੌਰ (1987), ਗਰੀਨ ਕਾਰਡ (1988), ਹੀਰੋਸ਼ੀਮਾ (1990), ਇਕ ਮਾਂਗ ਸੰਧੂਰੀ (1991), ਕਾਮਾਗਾਟਾਮਾਰੂ (1993), ਮਨੁੱਖਤਾ ਦੀ ਮੌਤ (1996), ਲੰਡਨ ਰੋਡ (1996), ਹਥਿਆਰਬੰਦ ਇਨਕਲਾਬ ਜੁਲਾਈ (1998), ਸ਼ਹੀਦ ਊਧਮ ਸਿੰਘ (ਮਿਤੀ ਹੀਣ)।

ਬਲਵੀਰ ਸਿੰਘ ਮੋਮੀ ਨੇ ਵੀ ਇਸ ਸਾਹਿਤ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਉਸ ਨੇ ਕਈ ਨਾਵਲ ਰਚੇ ਜਿਵੇਂ ਕਿ ਇਸ ਦੇ ਨਾਵਲ ਹਨ:- ਪੀਲਾ ਗੁਲਾਬ (1975),[21] ਇਕ ਫੁੱਲ ਮੇਰਾ ਵੀ (1987) ਵਿਚ ਲਿਖੇ। ਬਲਵੀਰ ਕੌਰ ਸੰਘੇੜਾ ਨੇ ਆਪਣੀਆਂ ਰਚਨਾਵਾਂ ਸਦਕਾ ਪੱਛਮੀ ਪੰਜਾਬੀ ਸਾਹਿਤ ਰਚਣ ਵਿਚ ਬਹੁਤ ਯੋਗਦਾਨ ਪਾਇਆ ਹੈ।

ਉਸ ਦੇ ਨਾਵਲ ਹਨ- ਹੱਕ ਦੀ ਮੰਗ (1978), ਇਕ ਖ਼ਤ ਨਾਂ ਸੱਜਣਾਂ ਦੇ.. (1979), ਜਾਲ (2010) ਲਿਖੇ ਹਨ। ਨਦੀਮ ਪਰਮਾਰ ਇਕ ਅਜਿਹਾ ਨਾਵਲਕਾਰ ਹੈ ਜਿਸ ਨੇ ਏਡਜ਼ ਵਰਗੇ ਵਿਸ਼ੇ ਨੂੰ ਛੋਹਿਆ ਹੈ। ਉਸ ਨੇ ਉਸ ਸਮੇਂ ਇਸ ਨਾਵਲ ਦੀ ਰਚਨਾ ਕੀਤੀ ਜਦੋਂ ਕੋਈ ਇਸ ਨਾਮੁਰਾਦ ਬਿਮਾਰੀ ਦਾ ਨਾਂ ਵੀ ਨਹੀਂ ਲੈਂਦਾ ਸੀ। ਉਸ ਨੇ ਆਪਣੇ ਨਾਵਲ ਚਿੱਟੀ ਮੌਤ (1995) ਵਿਚ ਇਸ ਵਿਚ ਖੁੱਲ ਕੇ ਚਰਚਾ ਕੀਤੀ ਹੈ। ਇਸ ਦੇ ਹੋਰ ਨਾਵਲ ਹਨ- ਪੇਸ਼ੀ (2006), ਸਪਾਂਸਰਸ਼ਿਪ (2009) ਦੇ ਰਾਹੀ ਆਪਣਾ ਯੋਗਦਾਨ ਪਾਇਆ ਹੈ। ਜਰਨੈਲ ਸਿੰਘ ਸੇਖਾ ਨੇ ਨਵੇਂ ਵਿਸ਼ੇ ਲੈ ਆਪਣੀ ਰਚਨਾ ਰਚੀ ਹੈ। ਉਸ ਦਾ ਯੋਗਦਾਨ ਵੀ ਵਡਮੁੱਲਾ ਹੈ। ਉਸ ਨੇ ਪੱਛਮੀ ਪੰਜਾਬੀ ਸਾਹਿਤ ਰਚਣ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ। ਉਸ ਨੇ 'ਦੁਨੀਆ ਕੈਸੀ ਹੋਈ'(1997) ਨਾਲ ਪਰਵਾਸੀ ਪੰਜਾਬੀ ਗਲਪ ਨੂੰ ਇਕ ਨਵਾਂ ਪਰਿਪੇਖ ਹਾਸਿਲ ਹੁੰਦਾ ਹੈ। ਉਸ ਦੇ ਸਾਰੇ ਹੀ ਨਾਵਲ ਵਰਨਣਯੋਗ ਹਨ। ਇਸ ਦੇ ਨਾਵਲ ਹਨ:-ਦੁਨੀਆ ਕੈਸੀ ਹੋਈ (1997), ਭਰੌਂੜਾ (2003), ਵਿਗੋਚਾ (2009), ਬੇਗਾਨੇ (2012) ਵਿਚ ਲਿਖੇ। ਇਕਬਾਲ ਰਾਮੂਵਾਲੀਆ ਇਕ ਬਹੁਤ ਹੀ ਸੁਘੜ ਕਿਸਮ ਦਾ ਨਾਵਲਕਾਰ ਹੈ। ਉਸ ਨੇ ਵੀ ਪੰਜਾਬ ਔਰਤਾਂ ਦੇ ਸੰਤਾਪ ਬਾਰੇ ਬਹੁਤ ਵਿਸਥਾਰ ਵਿਚ ਲਿਖਿਆ ਹੈ।ਉਸ ਨੇ ਇਕ ਅਲੱਗ ਜਿਹੇ ਵਿਸ਼ੇ ਨੂੰ ਆਪਣਾ ਆਧਾਰ ਬਣਾ ਕੇ ਮੌਤ ਇਕ ਪਾਸਪੋਰਟ ਦੀ ਨਾਵਲ 2005 ਵਿਚ ਲਿਖਿਆ।[22]

**ਅਮਰੀਕਨ ਪੰਜਾਬੀ ਨਾਵਲ**- ਗ.ਸ. ਨਕਸ਼ਦੀਪ ਪੰਜਕੋਹਾ ਦਾ ਯੋਗਦਾਨ ਪਰਵਾਸੀ ਪੰਜਾਬੀ ਨਾਵਲ ਵਿਚ ਵਰਨਣਯੋਗ ਹੈ। ਉਸ ਦਾ ਜਨਮ 1951 ਨੂੰ ਇਕ ਗ਼ਰੀਬ ਪਰਿਵਾਰ ਵਿਚ ਹੋਇਆ। ਉਸ ਨੇ ਪੰਜਾਬੀ ਐਜੁਕੇਸ਼ਨ ਅਤੇ ਅੰਗਰੇਜ਼ੀ ਦੀ ਐਮ.ਏ. ਕੀਤੀ। ਦਲਜਿੰਦਰ ਕੌਰ ਨਾਲ ਵਿਆਹ ਤੋਂ ਬਾਅਦ ਦੋ ਬੱਚੇ ਹੋਏ। ਕਈ ਥਾਵਾਂ ਤੇ ਨੌਕਰੀਆਂ ਕੀਤੀਆਂ ਤੇ ਫਿਰ ਆਪਣਾ ਕਾਰੋਬਾਰ ਕੀਤਾ। ਉਸ ਨੇ ਵੱਖ ਵੱਖ ਧਰਮਾਂ ਅਤੇ ਗੁਰਬਾਣੀ ਦਾ ਅਧਿਐਨ ਵੀ ਕੀਤਾ। ਉਸ ਦੇ ਨਾਵਲ ਹਨ- ਵਾਵਰੋਲਿਆਂ ਦੇ ਨਾਲ (1987) ਵਿਚ ਸ਼ਹਿਰੀ ਮੱਧ- ਸ਼੍ਰੇਣੀ ਦੇ ਭ੍ਰਿਸ਼ਟ ਜੀਵਨ ਵਿਵਹਾਰ ਦੀ ਪੇਸ਼ਕਾਰੀ ਕੀਤੀ ਗਈ ਹੈ।[23] ਸਾਂਝਾ ਦੁੱਖ (1990), ਪਾਰ ਬਣਾਏ ਆਲ੍ਹਣੇ (1994), ਗਿਰਵੀ ਹੋਏ ਮਨ (1998) ਲਿਖੇ ਹਨ। ਉਸ ਨੇ ਕਈ ਕਵਿਤਾਵਾਂ ਕਹਾਣੀਆਂ ਤੇ ਲੇਖ ਵੀ ਲਿਖੇ। ਪ੍ਰੋ: ਹਰਭਜਨ ਸਿੰਘ ਦਾ ਯੋਗਦਾਨ ਇਸ ਪ੍ਰਕਾਰ ਹੈ- ਜੋ ਹਾਰੇ ਨਹੀਂ (2003), ਮਿੱਟੀ ਜਾਏ (1996), ਵਿੰਗ ਤੜਿੰਗੇ ਰਾਹ (2000) । ਇਹ ਉਸ ਦਾ ਤ੍ਰੈ-ਲੜੀ ਨਾਵਲ ਸੀ। ਉਸ ਨੂੰ ਪਾਰ-ਸਭਿਆਚਾਰ ਦਾ ਗਹਿਰਾ ਅਨੁਭਵ ਹੈ। ਮਨਜੀਤ ਕੌਰ ਸੇਖੋਂ ਇਸਤਰੀ ਨਾਵਲਕਾਰ ਹੈ। ਜਿਸ ਨੇ ਪੰਜਾਬੀ ਨਾਵਲ ਦੇ ਵਧਣ ਫੁੱਲਣ ਵਿਚ ਆਪਣਾ ਯੋਗਦਾਨ ਪਾਇਆ ਇਸ ਨੇ ਬੜੇ ਵਧੀਆ ਵਿਸ਼ਾ ਲਿਆ ਹੈ। ਜਿਸ ਵਿਚ ਵਾਪਸ ਆਉਂਦੇ ਰਿਸ਼ਤਿਆਂ ਦਾ ਬਿਆਨ ਬੜੇ ਵਧੀਆਂ ਢੰਗ ਨਾਲ ਕੀਤਾ ਹੈ। ਇਸ ਦਾ ਨਾਵਲ ਘਰ ਪਰਤਦੇ ਰਿਸ਼ਤੇ (2004) ਵਿਚ ਦੋ ਨਾਵਲੈੱਟ ਪਹਿਲਾ ਇਕ ਸ਼ਿਕਵਾ ਇਕ ਸ਼ਿਕਾਇਤ, ਦੂਜਾ ਘਰ ਪਰਤਦੇ ਰਿਸ਼ਤੇ ਹਨ।[24]

ਨਾਵਲ ਵਿਧਾ ਨੂੰ ਜਾਣਨ ਤੋਂ ਬਾਅਦ ਸਭਿਆਚਾਰ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ ਕਿਉਂਕਿ ਮਨੁੱਖੀ ਸਬੰਧ ਦਾ ਆਧਾਰ ਤਾਂ ਸਭਿਆਚਾਰ ਹੀ ਬਣਦਾ ਹੈ ਕਿਉਂਕਿ ਰਿਸ਼ਤਿਆਂ ਦੀ ਹੋਂਦ ਸਭਿਆਚਾਰ ਤੋ ਬਾਹਰ ਸੰਭਵ ਹੋ ਹੀ ਨਹੀਂ ਸਕਦੀ। ਸੋ ਇਸ ਕਰਕੇ ਰਿਸ਼ਤਿਆਂ ਨੂੰ ਜਾਚਣ ਤੋਂ ਪਹਿਲਾ ਸਭਿਆਚਾਰ ਬਾਰੇ ਜਾਣਕਾਰੀ ਹੋਣੀ ਅਤਿ ਜ਼ਰੂਰੀ ਹੈ।

ਸਭਿਆਚਾਰ ਦਾ ਅਰਥ: ਸਭਿਆਚਾਰ ਦੋ ਸ਼ਬਦਾਂ ਦੇ ਮੇਲ 'ਸੱਭਯ'+'ਆਚਾਰ' ਤੋਂ ਬਣਿਆ ਹੈ। ਅੰਗਰੇਜ਼ੀ ਭਾਸ਼ਾ ਵਿੱਚ ਇਸ ਨੂੰ culture ਆਖਦੇ ਹਨ। culture ਵੀ ਮੂਲ ਰੂਪ ਵਿਚ ਲਾਤੀਨੀ ਭਾਸ਼ਾ ਦੇ ਸ਼ਬਦ (culture) ਤੋਂ ਫਰਾਂਸੀਸੀ ਭਾਸ਼ਾ ਰਾਹੀਂ ਅੰਗਰੇਜ਼ੀ ਵਿਚ ਆਇਆ ਹੈ, ਜਿੱਥੇ ਇਸ ਦੇ ਸ਼ਾਬਦਿਕ ਅਰਥ ਵਿਸ਼ੇਸ਼ ਪ੍ਰਕਾਰ ਦੇ ਵਿਕਾਸ ਜਾਂ ਕਾਰਜ ਦੇ ਹਨ।[25] ਸਭਿਆਚਾਰ ਮਨੁੱਖ ਨੂੰ ਪਸ਼ੂ ਜੀਵਨ ਤੋਂ ਉੱਪਰ ਚੁੱਕ ਕੇ ਨੈਤਿਕ ਕਦਰਾਂ-ਕੀਮਤਾਂ ਨਾਲ ਸੰਪੰਨ ਕਰਦਾ ਹੈ। "ਸ਼ਬਦ ਸਭਿਆਚਾਰ ਦਾ ਅੰਗਰੇਜ਼ੀ ਪਰਿਆਇ 'ਕਲਚਰ' ਸ਼ਬਦ ਆਰੰਭ ਵਿਚ ਖੇਤੀਬਾੜੀ, ਪਸ਼ੂ ਪਾਲਣ, ਆਦਿ ਦੇ ਅਰਥਾਂ ਵਿਚ ਪ੍ਰਯੋਗ ਹੁੰਦਾ ਸੀ। 17ਵੀਂ ਸਦੀ ਦੇ ਸ਼ੁਰੂ ਵਿਚ ਇਹ ਅਰਥ ਸੰਕੋਚ ਦੇ ਅਤੇ ਅਰਥ ਵਿਸਥਾਰ ਦੇ ਵਿਵਿਧ ਸਰੂਪਾਂ ਵਿਚੋਂ ਦੀ ਗੁਜ਼ਰ ਚੁੱਕਿਆ ਸੀ।"[26] "ਸਭਿਆਚਾਰ ਦਾ ਭਾਰਤੀ ਸ਼ਬਦ 'ਸੰਸਕ੍ਰਿਤੀ' ਹੈ। ਸੰਸਕ੍ਰਿਤੀ ਦਾ ਅਰਥ ਸ਼ੁੱਧ ਕਰਨਾ, ਉਚਿਆਉਣਾ, ਸਾਧਨਾ, ਢਾਲਣਾ ਤੇ ਨਿਪੁੰਨ ਕਰਨਾ ਹੈ, ਭਾਵ ਪਸ਼ੂ ਪ੍ਰਵਿਰਤੀਆਂ ਨੂੰ ਗਿਆਨ ਤੇ ਬੁੱਧੀ ਨਾਲ ਸਾਧਨਾ ਹੈ।"[27]

**ਸਭਿਆਚਾਰ ਦੀ ਪਰਿਭਾਸ਼ਾ**- ਸਭਿਆਚਾਰ ਦੇ ਅਰਥ ਨੂੰ ਵਧੇਰੇ ਸ਼ਪੱਸਟਤਾ ਨਾਲ ਸਮਝਣ ਲਈ ਇਸ ਦੀ ਪਰਿਭਾਸ਼ਾਵਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਸਭਿਆਚਾਰ ਦੀ ਕੋਈ ਇਕ ਨਿਸ਼ਚਿਤ ਪਰਿਭਾਸ਼ਾ ਨਹੀਂ ਹੈ, ਸਭਿਆਚਾਰ ਨੂੰ ਵੱਖ- ਵੱਖ ਵਿਦਵਾਨਾਂ ਨੇ ਆਪੋ ਆਪਣੀ ਸੂਝ ਅਨੁਸਾਰ ਪਰਿਭਾਸ਼ਿਤ ਕੀਤਾ ਹੈ।

**ਪ੍ਰਸਿੱਧ ਵਿਦਵਾਨ ਈ.ਬੀ. ਟਾਇਲਰ ਦੇ ਅਨੁਸਾਰ**, "ਸਭਿਆਚਾਰ ਜਾਂ ਸਭਿਅਤਾ ਆਪਣੇ ਮਾਨਵ ਜਾਤੀ-ਵਿਗਿਆਨਕ ਅਰਥਾਂ ਵਿਚ ਅਜਿਹਾ ਜਟਿਲ ਸਮੁੱਚ ਹੈ, ਜਿਸ ਵਿਚ ਗਿਆਨ, ਕਲਾ, ਨੀਤੀ, ਨਿਯਮ, ਸੰਸਾਰਕ, ਅਤੇ ਹੋਰ ਸਾਰੀਆਂ ਉਨ੍ਹਾਂ ਸਮਰਥਾਵਾਂ ਅਤੇ ਆਦਤਾਂ ਦਾ ਸਮਾਵੇਸ਼ ਹੁੰਦਾ, ਜਿਹੜੀਆਂ ਮਨੁੱਖ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।"[28]

**ਅਮਰੀਕੀ ਮਾਨਵ ਵਿਗਿਆਨੀ ਹਿਰਸਕੋਵਿਤਸ ਦੇ ਅਨੁਸਾਰ**, "ਵਾਤਾਵਰਨ ਦਾ ਮਨੁੱਖ ਸਿਰਜਿਆ ਭਾਗ ਜਾਂ ਮਨੁੱਖੀ ਵਿਵਹਾਰ ਦਾ ਸਿੱਖਿਆ ਹੋਇਆ ਭਾਗ ਮੰਨਦਾ ਹੈ।"[29]

**ਅਮਰੀਕੀ ਮਾਨਵ ਵਿਗਿਆਨੀ ਕਰੋਬਰ ਅਤੇ ਕਲੱਕਹੋਨ ਅਨੁਸਾਰ**, "ਸਭਿਆਚਾਰ ਮਨੁੱਖੀ ਵਿਵਹਾਰ ਨਾਲ ਸੰਬੰਧਿਤ ਅਜਿਹੇ ਪਰੋਖ ਤੇ ਪ੍ਰਤੱਖ ਵਿਭਿੰਨ ਪੈਟਰਨਾਂ ਦਾ ਸਮੁੱਚ ਜਾਂ ਕਰਦਾਂ ਕੀਮਤਾਂ ਦਾ ਸਿਸਟਮ ਹੈ ਜਿਸ ਦੇ ਵਿਭਿੰਨ ਅੰਸ਼ ਜਾ ਅੰਸ਼ ਸਮੂਹ ਪ੍ਰਤੀਕਾਂ ਰਾਹੀ ਗ੍ਰਹਿਣ ਕੀਤੇ ਜਾਂਦੇ ਹਨ।"[30]

**ਐਨਸਾਈਕਲੋਪੀਡੀਆ ਅਮੈਰੀਕਾਨਾ ਅਨੁਸਾਰ**, "ਸਾਰੇ ਮਾਨਵ ਵਿਗਿਆਨੀ ਮੰਨਦੇ ਹਨ ਕਿ ਸਭਿਆਚਾਰ ਵਿਰਸੇ ਤੋਂ ਪ੍ਰਾਪਤ ਸੁਭਾਅ ਦੇ ਸਾਂਝੇ ਤੇ ਆਦਮ ਪ੍ਰਵਿਰਤੀਆਂ ਤੋਂ ਉਲਟ ਵਤੀਰੇ ਦੇ ਢੰਗ ਨੂੰ ਲਿਖਣ ਤੇ ਗ੍ਰਹਿਣ ਕਰਨ ਨਾਲ ਹੀ ਬਣਦਾ ਹੈ।"[31]

**ਪ੍ਰਸਿੱਧ ਮਾਨਵ ਵਿਗਿਆਨੀ ਬਰਾਨੀਸਲਾਵ ਮੈਲਿਨੋਵਸਕੀ ਅਨੁਸਾਰ**, " ਸਭਿਆਚਾਰ ਉਹ ਜੰਤਰ ਹੈ ਜਿਸ ਰਾਹੀ ਮਨੁੱਖ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ। ਭੁੱਖ, ਪਿਆਸ, ਸੁਰੱਖਿਆ ਅਤੇ ਕਾਮ ਤ੍ਰਿਪਤੀ, ਉਹ ਪ੍ਰਾਥਮਿਕ ਲੋੜਾਂ ਹਨ, ਜਿਨ੍ਹਾਂ ਦੀ ਪੂਰਤੀ ਅਤੇ ਸੰਤੁਸ਼ਟੀ ਉਪਰੰਤ ਗੌਣ ਲੋੜਾਂ ਪੂਰੀਆਂ ਹੁੰਦੀਆਂ ਹਨ। ਇਹ ਲੋੜਾਂ ਸਰਵਵਿਆਪਕ ਹਨ ਇਸ ਲਈ ਸਭਿਆਚਾਰ ਵੀ ਸਰਵ-ਵਿਆਪਕ ਹੈ। ਇਨ੍ਹਾਂ ਲੋੜਾਂ ਦੀ ਪੂਰਤੀ ਦੇ ਦੌਰਾਨ ਹੀ ਸੰਸਥਾਵਾਂ ਦਾ ਜਨਮ ਹੁੰਦਾ ਹੈ, ਜਿਨ੍ਹਾਂ ਰਾਹੀ ਮਨੁੱਖੀ ਵਿਵਹਾਰ ਦੇ ਆਦਰਸ਼ਕ ਮਾਪਦੰਡ ਨਿਰਧਾਰਿਤ ਹੁੰਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਾਥਮਿਕ ਅਤੇ ਗੌਣ ਲੋੜਾਂ ਦੀ ਤ੍ਰਿਪਤੀ ਦੇ ਯਤਨਾਂ ਵਿਚੋਂ ਨਿਰਮਿਤ ਸੰਸਥਾਵਾਂ ਦੀ ਪਰਸਪਰ-ਸਬੰਧ ਪ੍ਰਣਾਲੀ ਹੀ ਸਭਿਆਚਾਰ ਹੈ।"[32]

ਮਾਨਵ ਵਿਗਿਆਨੀਆਂ ਦੀ ਭਾਸ਼ਾ ਵਿਚ ਇਕ ਸਭਿਆਚਾਰ ਦੇ ਲੋਕਾਂ ਨੂੰ ਸਭਿਆਚਾਰਕ ਗਰੁੱਪ ਕਿਹਾ ਜਾਂਦਾ ਹੈ। ਸਭਿਆਚਾਰ ਦੀ ਇਸ ਪਰਿਭਾਸ਼ਾ ਦੀ ਪੁਸ਼ਟੀ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚ ਦਿੱਤੀ ਪਰਿਭਾਸ਼ਾ ਤੋਂ ਹੁੰਦੀ ਹੈ। "A culture is an historically designed system of designs for living which tends to be shared by members of a group (single people or a group). It comprises the group's language, traditions, customs, and institutions, including the motivating ideas, belief and values."[33]

ਸਭਿਆਚਾਰ ਦੀ ਸਿਰਜਣਾ ਵਿਚ ਕੁੱਝ ਅਜਿਹੇ ਅੰਗ ਵੀ ਆਉਂਦੇ ਹਨ। ਜਿਨ੍ਹਾਂ ਨੂੰ ਸੰਗਠਨ-ਮੂਲਕ ਅੰਗ ਕਿਹਾ ਜਾਂਦਾ ਹੈ। ਇਹ ਅੰਗ ਹੀ ਸਭਿਆਚਾਰ ਦਾ ਆਧਾਰ ਹੁੰਦੇ ਹਨ। ਜੇਕਰ ਇਹਨਾਂ ਨੂੰ ਸਭਿਆਚਾਰਕ ਸੰਸਥਾਵਾਂ ਦੇ ਰੂਪ ਵਿਚ ਦੇਖਿਆ ਜਾਵੇ ਤਾਂ ਇਹ ਮਾਨਵ ਸਮੂਹ ਦੀਆਂ ਅਜਿਹੀਆਂ ਸੰਸਥਾਵਾਂ ਹਨ ਜਿਹੜੀਆਂ ਸਭਿਆਚਾਰ ਦਾ ਸੰਪੂਰਨ ਖੇਤਰ ਬਣਦੀਆਂ ਹਨ।

**ਡਾ. ਜਸਵਿੰਦਰ ਸਿੰਘ ਦੇ ਅਨੁਸਾਰ**, "ਸਭਿਆਚਾਰ ਦੀ ਇਕ ਸੁਨਿਸ਼ਚਿਤ ਪ੍ਰਬੰਧ ਵਜੋਂ ਸਿਰਜਣਾ ਦਾ ਮੂਲ ਆਧਾਰ ਸਮੂਹਕ ਜੀਵਨ ਵਿਵਹਾਰ ਵਿਚੋਂ ਸਿਰਜੀਆਂ ਵਿਉਂਤਾਂ, ਜੁਗਾੜ ਅਤੇ ਵਿਧੀਆਂ ਹਨ, ਜਿਨ੍ਹਾਂ ਦੇ ਇਕਾਗਰ ਸਮੁੱਚ ਨੂੰ ਵਿਸ਼ੇਸ਼ ਸੰਗਠਨ ਅਨੁਕੂਲ ਸਭਿਆਚਾਰ ਸੰਸਥਾਵਾਂ ਕਿਹਾ ਜਾਂਦਾ ਹੈ।"[34] ਇਹ ਸੰਸਥਾਵਾਂ ਬਹੁਤ ਹਨ ਇਹ ਸੰਸਥਾਵਾਂ ਆਪਸ ਵਿਚ ਅੰਤਰ-ਸੰਬੰਧਿਤ ਹੁੰਦੀਆਂ ਹਨ। ਇਹਨਾਂ ਸਭਿਆਚਾਰਕ ਸੰਸਥਾਵਾਂ ਦਾ ਵਰਣਨ ਅੱਗੇ ਦਿੱਤੇ ਅਨੁਸਾਰ ਹੈ:-

### 1. ਰਿਸ਼ਤਾ ਨਾਤਾ ਪ੍ਰਬੰਧ

ਪਰਿਵਾਰ ਹੀ ਸਮਾਜ ਦੀ ਇਕਾਈ ਹੁੰਦਾ ਹੈ, ਪਰਿਵਾਰ ਸਮਾਜ ਦਾ ਆਧਾਰ ਹੁੰਦਾ ਹੈ। ਰਿਸ਼ਤੇ ਨਾਤੇ ਨੂੰ ਅੰਗਰੇਜ਼ੀ ਵਿਚ 'ਰਿਲੇਸ਼ਨਸ਼ਿਪ' ਆਖਦੇ ਹਨ। ਇਹ ਸ਼ਬਦ ਵਿਸ਼ਾਲ ਅਰਥਾਂ ਦਾ ਧਾਰਨੀ ਹੈ।

**ਲੇਵੀ ਸਤਰਾਸ ਅਨੁਸਾਰ**, "ਰਿਸ਼ਤੇ-ਨਾਤੇ ਦੇ ਪ੍ਰਬੰਧ ਨੂੰ ਜਿਹੜੀ ਗੱਲ ਸਭਿਆਚਾਰ ਸੁਭਾਅ ਪ੍ਰਦਾਨ ਕਰਦਾ ਹੈ। ਉਹ ਇਹ ਨਹੀਂ ਕਿ ਇਸ ਨੇ ਪ੍ਰਕ੍ਰਿਤੀ ਤੋਂ ਕੀ ਪ੍ਰਾਪਤ ਕੀਤਾ ਹੈ, ਸਗੋਂ ਉਹ ਵਿਸ਼ੇਸ਼ ਢੰਗ ਹੈ। ਜਿਸ ਰਾਹੀ ਉਹ ਪ੍ਰਕਿਰਤੀ ਤੋਂ ਆਪਣੇ ਆਪ ਨੂੰ ਵਖ਼ਰਿਆਉਂਦਾ ਹੈ।"

ਰਿਸ਼ਤਾ ਨਾਤਾ ਇਕ ਅਜਿਹਾ ਪ੍ਰਬੰਧ ਹੈ, ਜੋ ਮਨੁੱਖ ਨੂੰ ਸਭਿਆਚਾਰਕ ਕਦਰਾਂ ਕੀਮਤਾਂ ਵਿਚ ਵਿਚਰਨਾ ਸਿਖਾਉਂਦਾ ਹੈ। ਰਿਸ਼ਤੇ ਨਾਤੇ ਸਿਰਫ਼ ਮਨੁੱਖੀ ਸਮਾਜ ਵਿਚ ਹੀ ਮਿਲਦੇ ਹਨ, ਇਹ ਮਨੁੱਖ ਨੂੰ ਪਸ਼ੂ ਜੀਵਨ ਨਾਲੋਂ ਵਖਰੇਵਾਂ ਪ੍ਰਧਾਨ ਕਰਦੇ ਹਨ।

**ਲੇਸਿਲ ਏ. ਵਾਈਟ ਅਨੁਸਾਰ**, "ਰਿਸ਼ਤਾ ਨਾਤਾ ਇਕ ਤਕਨੀਕੀ ਸ਼ਬਦ ਹੈ, ਜਿਹੜਾ ਕੀ ਪਤੀ-ਪਤਨੀ, ਮਾਪੇ ਬੱਚੇ ਜਾਂ ਬੱਚਿਆਂ ਵਿਚਕਾਰ ਸਬੰਧਾਂ ਵਿਚੋਂ ਉਤਪੰਨ ਹੋਏ ਸਮਾਜਕ ਰਿਸ਼ਤਿਆਂ ਨੂੰ ਵਿਸ਼ੇਸ਼ ਨਾਮ ਪ੍ਰਦਾਨ ਕਰਦਾ ਹੈ।"

**ਇੰਟਰਨੈਸ਼ਨਲ ਇਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸਜ਼ ਅਨੁਸਾਰ**, "ਰਿਸ਼ਤਾ ਨਾਤਾ ਮਨੁੱਖੀ ਸਮਾਜ ਵਿਚ ਸਰਵ-ਵਿਆਪਕ ਹੈ। ਇਸ ਲਈ ਇਹ ਵਿਵਹਾਰ ਵਿਚ ਬਕਾਇਦਗੀ ਅਤੇ ਸਮਾਜੀ ਗਰੁੱਪਾਂ ਦੀ ਘਾੜਤ ਵਿਚ ਮਹੱਤਵਪੂਰਨ ਹਿੱਸਾ ਪਾਉਂਦਾ ਹੈ।

**ਰੈਡਕਲਿਫ਼ ਬਰਾਊਨ ਅਨੁਸਾਰ**, "ਇਕ ਰਿਸ਼ਤਾ ਪ੍ਰਬੰਧ ਨੂੰ ਆਪਣੀ ਹੋਂਦ ਕਾਇਮ ਰੱਖਣ ਵਾਸਤੇ ਕਾਰਜ ਕਰਨਾ ਪਵੇਗਾ। ਇਸ ਨੂੰ ਸਮਾਜਕ ਵਰਤੋਂ ਅਨੁਸਾਰ ਮਨੁੱਖੀ ਰਿਸ਼ਤਿਆਂ ਦਾ ਵਿਵਿਧਾਜਨਕ ਅਤੇ ਕਾਰਜਾਤਮਕ ਪ੍ਰਬੰਧ ਦੇਣਾ ਪਵੇਗਾ।"

ਪੰਜਾਬੀ ਰਿਸ਼ਤਾ ਪ੍ਰਬੰਧ ਵਿਚ ਪਤੀ ਪਤਨੀ, ਉਨ੍ਹਾਂ ਦੇ ਬੱਚੇ ਹੁੰਦੇ ਹਨ। **ਡਾ. ਜੀਤ ਸਿੰਘ ਜੋਸ਼ੀ ਅਨੁਸਾਰ**, "ਮੂਲ ਪਰਿਵਾਰ ਵਿਚ ਅੱਠ ਕਿਸਮ ਦੇ ਰਿਸ਼ਤੇ ਮਿਲਦੇ ਹਨ, ਜਿਵੇਂ ਪਤੀ-ਪਤਨੀ, ਪਿਉ-ਪੁੱਤਰ, ਪਿਉ-ਪੁੱਤਰ, ਪਿਉ-ਧੀ, ਮਾਂ-ਪੁੱਤਰ, ਮਾਂ-ਧੀ, ਭਰਾ-ਭਰਾ, ਭਰਾ-ਭੈਣ, ਅਤੇ ਭੈਣ-ਭੈਣ ਦਾ ਰਿਸ਼ਤਾ ਮੂਲ ਰਿਸ਼ਤਾ ਹੈ। ਸਮਾਜ ਦੀ ਬਾਕੀ ਸਾਕਾਦਾਰੀ ਇਨ੍ਹਾਂ ਸੰਬੰਧਾਂ ਉੱਪਰ ਹੀ ਉੱਸਰਦੀ ਹੈ। ਚਾਚੇ , ਤਾਏ ਦੀ ਸੰਤਾਨ ਪੁੱਤਰਾਂ, ਧੀਆਂ ਨੂੰ ਵੀ ਮੂਲ ਰਿਸ਼ਤੇ ਦੇ ਪੈਟਰਨ ਵਿਚ ਲਿਆ ਜਾਂਦਾ ਹੈ। ਇੱਥੋਂ ਤੱਕ ਕੀ ਪਿੰਡ ਜਾਂ ਬਾਹਰ ਦੇ ਕਿਸੇ ਅਣਪਛਾਤੇ ਵਿਅਕਤੀ ਨੂੰ ਵੀ ਮੂਲ ਰਿਸ਼ਤੇ ਦੇ ਅਨੁਕੂਲ ਮੰਨਿਆਂ ਜਾਂਦਾ ਹੈ।"[35]

ਰਿਸ਼ਤੇ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਚਲਦੇ ਰਹਿੰਦੇ ਹਨ। **ਡਾ.ਵਣਜਾਰਾ ਬੇਦੀ ਦੇ ਅਨੁਸਾਰ**, "ਦੋਵੇਂ ਉਸ ਦੇ ਜੀਵਨ ਦੀਆਂ ਦੋ ਚੂਲਾਂ ਹਨ। ਜੀਵਨ ਦੀ ਫੁਲਕਾਰੀ ਵਿਚ ਸਭ ਤੋਂ ਪੀਡੀ ਤੰਦ ਲਹੂ ਮਾਸ ਦੀ ਹੁੰਦੀ ਹੈ, ਜੋ ਫਿੱਕੀ ਪੈ ਜਾਵੇ ਪਰ ਜਿਉਂਦੇ ਜੀਅ ਗੱਲ ਟੁੱਟਦੀ ਨਹੀਂ। ਪੰਜਾਬੀ ਸੰਬੰਧੀਆਂ ਨਾਲ ਭਾਵੁਕ ਤੌਰ ਉੱਤੇ ਕੁੱਝ ਵਧੇਰੇ ਹੀ ਬੱਝੇ ਹੁੰਦੇ ਹਨ ਅਤੇ ਰਿਸ਼ਤੇ ਦੀ ਨਿੱਘ ਤੇ ਮਿਠਾਸ ਨੂੰ ਹੋਰਨਾਂ ਜਾਤੀਆਂ ਨਾਲੋਂ ਕੁੱਝ ਵਧੇਰੇ ਹੰਢਾਉਂਦੇ ਹਨ।"[36] ਇਹੀ ਲੇਖਕ

ਰਿਸ਼ਤੇਦਾਰੀ ਦੀ ਮਹਾਨਤਾ ਦੱਸਦੇ ਅੱਗੇ ਲਿਖਦੇ ਹਨ ਕਿ, "ਰਿਸ਼ਤੇਦਾਰੀਆਂ ਦੀ ਭਰਪੂਰ ਫੁਲਵਾੜੀ ਵਿਚ ਹਰ ਤੰਦ ਦਾ ਆਪਣਾ ਨਿਵੇਕਲਾ ਸੁਹਜ ਹੋਣ ਕਰਕੇ ਉਸ ਦਾ ਖ਼ਾਸ ਮਹੱਤਵ ਹੈ।"

ਰਿਸ਼ਤਾ ਪ੍ਰਣਾਲੀ ਵਿਚ ਦੋ ਪ੍ਰਕਾਰ ਦੇ ਰਿਸ਼ਤੇ 1. ਖ਼ੂਨ ਦੇ ਰਿਸ਼ਤੇ 2. ਮਨੁੱਖ ਵੱਲੋਂ ਬਣਾਏ ਗਏ ਰਿਸ਼ਤੇ।

ਰਿਸ਼ਤਾ ਪ੍ਰਣਾਲੀ ਬਹੁਤ ਸਾਰੇ ਸਭਿਆਚਾਰਕ ਵਿਦਵਾਨਾਂ ਨੇ ਵੀ ਰਿਸ਼ਤਿਆਂ ਦੀ ਵਰਗ ਵੰਡ ਬਾਰੇ ਚਾਨਣਾ ਪਾਇਆ ਹੈ। ਖ਼ੂਨ ਦੇ ਰਿਸ਼ਤਿਆਂ ਵਿਚ ਨਾਨਕੇ ਪੱਖ ਤੇ ਦਾਦਕੇ ਪੱਖ ਦੇ ਰਿਸ਼ਤੇ ਆਉਂਦੇ ਹਨ। ਇਹਨਾਂ ਵਿਚ ਨਾਨਕਾ ਪੱਖ ਨੂੰ ਵਿਸ਼ੇਸ਼ ਮਹੱਤਵ ਮਿਲਦਾ ਹੈ। ਪਰ ਬੱਚੇ ਦੀ ਗੋਤ ਤੇ ਜਾਤ ਦੀ ਪਹਿਚਾਣ ਦਾਦਕੇ ਪੱਖ ਤੋਂ ਹੀ ਹੁੰਦੀ ਹੈ। ਬਹੁਤ ਸਾਰੇ ਵਿਦਵਾਨਾਂ ਨੇ ਪੰਜਾਬੀ ਰਿਸ਼ਤਾ ਪ੍ਰਣਾਲੀ ਦੀ ਵਰਗ ਵੰਡ ਇਸ ਪ੍ਰਕਾਰ ਕੀਤੀ ਹੈ।

**ਰਿਸ਼ਤਾ ਪ੍ਰਣਾਲੀ** -:1. ਖ਼ੂਨ ਦੇ ਰਿਸ਼ਤੇ 2. ਆਪ ਸਿਰਜੇ ਰਿਸ਼ਤੇ।

ਖ਼ੂਨ ਦੇ ਰਿਸ਼ਤਿਆਂ ਨੂੰ ਅੱਗੇ ਨਾਨਕੇ ਪੱਖ ਦੇ ਰਿਸ਼ਤੇ ਅਤੇ ਦਾਦਕੇ ਪੱਖ ਦੇ ਰਿਸ਼ਤਿਆਂ ਵਿਚ ਵੰਡਿਆਂ ਗਿਆ ਹੈ। ਅਤੇ ਆਪ ਸਿਰਜਿਤ ਰਿਸ਼ਤਿਆਂ ਵਿਚ ਪਤੀ ਪਤਨੀ, ਧਰਮ ਭਰਾ/ ਭੈਣ, ਸਹੁਰਾ ਪਰਿਵਾਰ ਦੇ ਰਿਸ਼ਤੇ ਆਦਿ। ਪੰਜਾਬੀ ਸਭਿਆਚਾਰ ਵਿਚ ਦੋਵੇਂ ਪ੍ਰਕਾਰ ਦੇ ਰਿਸ਼ਤਿਆਂ ਨੂੰ ਜ਼ਿਆਦਾ ਮਹੱਤਤਾ ਦਿੱਤੀ ਗਈ ਹੈ। ਦੋਵਾਂ ਤਰ੍ਹਾਂ ਦੇ ਰਿਸ਼ਤੇ ਜੀਵਨ ਦੇ ਨਿਰਬਾਹ ਲਈ ਸਹਾਈ ਹੁੰਦੇ ਹਨ। ਪੰਜਾਬੀ ਸਭਿਆਚਾਰ ਵਿਚ ਪਤੀ ਪਤਨੀ ਹੀ ਰਿਸ਼ਤਾ ਪ੍ਰਣਾਲੀ ਦਾ ਅਸਲੀ ਆਧਾਰ ਹੁੰਦੇ ਹਨ। ਪਤੀ ਪਤਨੀ ਵਿਆਹ ਦੇ ਬੰਧਨ ਵਿਚ ਬੱਝ ਕੇ ਹੀ ਸੰਪੂਰਨ ਪਰਿਵਾਰ ਬਣਾਉਣ ਲਈ ਬੱਚੇ ਪੈਦਾ ਕਰਦੇ ਹਨ। ਪਤੀ ਪਤਨੀ ਹੀ ਰਿਸ਼ਤਿਆਂ ਦੇ ਮੋਢੀ ਕਹਾਉਂਦੇ ਹਨ । ਨਾਨਕੇ ਤੇ ਦਾਦਕੇ ਪਰਿਵਾਰ ਦੀ ਮਹੱਤਤਾ ਦੱਸਦੇ **ਵਣਜਾਰਾ ਬੇਦੀ ਲਿਖਦੇ ਹਨ**, "ਇਹ ਦੋ ਅਜਿਹੀਆਂ ਫੁਲਵਾੜੀਆਂ ਹਨ ਜਿਨ੍ਹਾਂ ਦਾ ਆਪੋ ਆਪਣਾ ਰਸ ਤੇ ਸੁਆਦ ਹੈ, ਇਕ ਦੇ ਫੁੱਲ ਤੇ ਮਹਿਕ ਦੂਜੀ ਵਿਚ ਨਹੀਂ ਮਿਲਦੀ, ਇਕ ਫੁਲਵਾੜੀ ਦਾ ਰਸ ਪੀ ਕੇ ਜਦੋਂ ਬੱਚਾ ਰੱਜ ਜਾਂਦਾ ਹੈ ਤਾਂ ਦੂਜੀ ਲਈ ਸਹਿਕਦਾ ਹੈ।"[37]

ਨਾਨਕੇ ਘਰ ਵਿਚ ਮਾਂ ਦਾ ਪਿਤਾ ਨਾਨਾ, ਮਾਂ ਦੀ ਮਾਂ ਨਾਨੀ, ਮਾਂ ਦਾ ਭਰਾ ਮਾਮਾ, ਮਾਂ ਦੀ ਭੈਣ ਮਾਸੀ ਅਖਵਾਉਂਦੇ ਹਨ। ਮਾਸੀ ਮਾਂ ਦਾ ਰੂਪ ਹੁੰਦੀ ਹੈ। ਨਾਨਕੇ ਪਰਿਵਾਰ ਦਾ ਬਹੁਤ ਮਹੱਤਵਪੂਰਨ ਸਥਾਨ ਹੁੰਦਾ ਹੈ ਜਿਵੇਂ ਨਾਨਕੇ ਪਰਿਵਾਰ ਵੱਲੋਂ ਹੀ ਵਿਆਹ ਵਾਲੀ ਕੁੜੀ ਨੂੰ ਚੂੜਾ ਚੜ੍ਹਾਇਆ ਜਾਂਦਾ ਹੈ, ਖਾਰੇ ਤੋਂ ਵੀ ਮਾਮਾ ਹੀ ਉਤਾਰਦਾ ਹੈ ਅਤੇ ਨਾਨਕ ਛੱਕ ਜੋ ਵਿਆਹ ਵੇਲੇ ਕੁੜੀ ਲਈਆਂ ਸੌਗਾਤਾਂ ਲਿਆਂਦੀਆਂ ਜਾਂਦੀਆਂ ਹਨ ਨਾਨਕੇ ਪਰਿਵਾਰ ਵੱਲੋਂ ਹੀ ਸਾਰਾ ਪ੍ਰਬੰਧ ਕੀਤੀ ਜਾਂਦਾ ਹੈ। ਲਗਭਗ ਵਿਆਹ ਦੇ ਸਾਰੇ ਕਾਰਜ ਮਾਪਿਆਂ ਵੱਲੋਂ ਹੀ ਸਿਰੇ ਚਾੜ੍ਹੇ ਜਾਂਦੇ ਹਨ। ਬੱਚੇ ਦਾ ਲਗਾਓ ਵੀ ਨਾਨਕਿਆਂ ਨਾਲ਼ ਵਧੇਰੇ ਹੁੰਦਾ ਹੈ। ਉਹ ਛੁੱਟੀਆਂ ਆਦਿ ਵੇਲੇ ਵੀ ਨਾਨਕਿਆਂ ਘਰ ਜਾਣਾ ਪਸੰਦ ਕਰਦੇ ਹਨ। **ਡਾ. ਜੀਤ ਸਿੰਘ ਜੋਸ਼ੀ ਦੇ ਅਨੁਸਾਰ**, "ਨਾਨਕੇ ਪਰਿਵਾਰ ਵਿਚ ਮਾਂ ਦੀ ਆਂਦਰ ਦਾ ਨਿੱਘ ਹੁੰਦਾ ਹੈ। ਨਾਨੀ ਲਈ 'ਦੋਹਤਰਾ'

ਪੋਤਰੇ ਨਾਲੋਂ ਵਧੇਰੇ ਪਿਆਰਾ ਹੁੰਦਾ ਹੈ।( ਭਾਵੇਂ ਦੋਹਤਰਾ ਹਰਾਮਖ਼ੋਰ ਹੀ ਹੋਵੇ) ਬੱਚੇ ਦੇ ਮਨ ਵਿਚ ਹਮੇਸ਼ਾ ਨਾਨਕਿਆਂ ਦੀ ਤਾਂਘ ਹੁੰਦੀ ਹੈ।

"ਨਾਨਕੇ ਘਰ ਜਾਵਾਂਗੇ

ਲੱਡੂ ਪੇੜੇ ਖਾਵਾਂਗੇ

ਮੋਟੇ ਹੋਕੇ ਆਵਾਂਗੇ।"

ਦਾਦਕੇ ਪੱਖ ਦੇ ਰਿਸ਼ਤੇ ਵੀ ਪਿਆਰ ਤੇ ਨਿੱਘ ਨਾਲ਼ ਭਰੇ ਹੁੰਦੇ ਹਨ। **ਜੀਤ ਸਿੰਘ ਜੋਸ਼ੀ ਦੇ ਅਨੁਸਾਰ**, "ਬੱਚੇ ਦੀਆਂ ਰਗਾਂ ਵਿਚ ਪਿਤਾ ਦਾ ਖ਼ੂਨ ਹੁੰਦਾ ਹੈ। ਉਹ ਦਾਦਕੀ ਰੂੜੀ ਵਿਚ ਪਲ਼ਦਾ, ਵਧਦਾ, ਫੁੱਲਦਾ ਅਤੇ ਪ੍ਰਵਾਨ ਚੜ੍ਹਦਾ ਹੈ। ਦਾਦੇ ਲਾਹੀ ਮਿੱਟੀ ਵਿਚ ਉਸ ਦੇ ਵਡੇਰਿਆਂ ਦੀ ਰੂਹ ਹੁੰਦੀ ਹੈ। ਪਿਤਾ ਪੁਰਖੀ ਧੰਦੇ ਅਤੇ ਰਸਮ ਰਿਵਾਜ ਉਹ ਸਹਿਜੇ ਹੀ ਗ੍ਰਹਿਣ ਕਰ ਲੈਂਦਾ ਹੈ।[38]

ਦਾਦਕੇ ਦੀ ਰਿਸ਼ਤਾ ਪ੍ਰਣਾਲੀ ਵਿਚ ਪਿਤਾ ਦਾ ਪਿਤਾ ਦਾਦਾ, ਪਿਤਾ ਦੀ ਮਾਂ ਦਾਦੀ, ਪਿਤਾ ਦਾ ਭਰਾ ਚਾਚਾ/ ਤਾਇਆ ਅਤੇ ਭੈਣ ਭੂਆ ਹੁੰਦੀ ਹੈ। ਇਹਨਾਂ ਰਿਸ਼ਤਿਆਂ ਤੋਂ ਬਿਨਾਂ ਰਿਸ਼ਤਾ ਪ੍ਰਣਾਲੀ ਵਿਚ ਜੀਜਾ ਸਾਲੀ, ਭਾਬੀ, ਦਿਉਰ, ਜੇਠ, ਜਠਾਣੀ/ ਦਰਾਣੀ ਆਦਿ ਰਿਸ਼ਤੇ ਵੀ ਆਉਂਦੇ ਹਨ । ਇਹਨਾਂ ਰਿਸ਼ਤਿਆਂ ਵਿਚ ਹਾਸ ਵਿਅੰਗ ਦੀ ਪ੍ਰਧਾਨਤਾ ਹੁੰਦੀ ਹੈ। ਦਿਉਰ ਤੇ ਭਰਜਾਈ ਦਾ ਰਿਸ਼ਤਾ ਚੋਲ੍ਹ-ਮੋਲ੍ਹ ਵਾਲ਼ਾ ਹੁੰਦਾ ਹੈ। ਜਿਵੇਂ-

"ਕਾਲ਼ਾ ਡੋਰੀਆਂ ਕੁੰਡੇ ਨਾਲ਼ ਅੜਿਆਂ ਈ ਓਏ

ਕਿ ਛੋਟਾ ਦੇਵਰਾ ਭਾਬੀ ਨਾਲ਼ ਲੜਿਆਂ ਈ ਓਏ"

ਭੈਣ ਭਰਾ ਦਾ ਰਿਸ਼ਤਾ ਪੰਜਾਬੀ ਸਭਿਆਚਾਰ ਵਿਚ ਪਵਿੱਤਰਤਾ ਦਾ ਪ੍ਰਤੀਕ ਹੈ। ਇਹ ਮੋਹ ਤੇ ਵਿਸ਼ਵਾਸ ਭਰਪੂਰ ਰਿਸ਼ਤਾ ਹੈ। ਭੈਣ ਭਰਾ ਦਾ ਰਿਸ਼ਤਾ ਬਾਕੀ ਰਿਸ਼ਤਿਆਂ ਨਾਲੋਂ ਗੂੜ੍ਹਾ ਤੇ ਲੰਬੇ ਸਾਥ ਵਾਲ਼ਾ ਹੁੰਦਾ ਹੈ। ਬਚਪਨ ਵਿਚ ਇੱਕੋ ਵਿਹੜੇ ਵਿਚ ਖੇਡੇ ਭੈਣ ਭਰਾ ਮੋਹ ਦੀਆਂ ਤੰਦਾਂ ਵਿਚ ਗੁੰਦੇ ਜਾਂਦੇ ਹਨ। ਭੈਣ ਜੇ ਵੱਡੀ ਹੁੰਦੀ ਹੈ ਤਾਂ ਉਹ ਭਰਾ ਦੇ ਜਨਮ ਤੇ ਸਭ ਤੋਂ ਵੱਧ ਖ਼ੁਸ਼ ਹੁੰਦੀ ਹੈ। ਵੀਰ ਦੇ ਵਿਆਹ ਸਮੇਂ ਵੀ ਭੈਣ ਸਭ ਤੋਂ ਵੱਧ ਖ਼ੁਸ਼ ਹੁੰਦੀ ਹੈ। ਇਸ ਮੌਕੇ ਉੱਤੇ ਭੈਣ ਘੋੜੀ ਦੀਆਂ ਵਾਗਾਂ ਗੁੰਦਣ ਵਿਚ ਵੀ ਸਭ ਤੋਂ ਅੱਗੇ ਹੁੰਦੀ ਹੈ।

"ਵੇ ਵੀਰਾ ਨੀਲੀ ਨੀਲੀ ਘੋੜੀ ਸਰਵਣ ਵੀਰ ਚੜ੍ਹੇ

ਨੀਲੀ ਨੀਲੀ ਘੋੜੀ ਸਰਵਣ ਵੀਰ ਚੜ੍ਹੇ

ਵੇ ਵੀਰਾ ਪੀਲ਼ੀ ਪੀਲ਼ੀ ਦਾਲ਼ ਤੇਰੀ ਘੋੜੀ ਚਰੇ।

ਪੀਲ਼ੀ ਪੀਲ਼ੀ ਦਾਲ਼ ਤੇਰੀ ਘੋੜੀ ਚਰੇ।

ਵੇ ਵੀਰਾ ਭੈਣ ਸੁਹਾਗਣ ਘੋੜੀ ਦੀ ਵਾਂਗ ਗੁੰਦੇ।"

ਭੈਣ ਭਰਾਂ ਨੂੰ ਧਨੀਏ ਦਾ ਬੂਟਾ ਆਦਿ ਪ੍ਰਤੀਕਾਂ ਨਾਲ ਸੰਬੋਧਨ ਕਰਦੀ ਹੈ।

"ਮੇਰਾ ਵੀਰ ਧਨੀਏ ਦਾ ਬੂਟਾ

ਆਉਂਦੇ ਜਾਂਦੇ ਲੈਣ ਵਾਸ਼ਨਾ"

ਭੈਣ ਭਰਾ ਦਾ ਰਿਸ਼ਤਾ ਬਿਨਾਂ ਕਿਸੇ ਸਵਾਰਥ ਦੇ ਹੁੰਦਾ ਹੈ। ਇਹ ਰਿਸ਼ਤਾ ਛਲ਼ ਅਤੇ ਕਪਟ ਤੋਂ ਮਹਿਫ਼ੂਜ਼ ਹੁੰਦਾ ਹੈ। ਇਸ ਤੋਂ ਬਿਨਾਂ ਸੱਸ ਨੂੰਹ, ਨਨਾਣ ਭਰਜਾਈ ਦਾ ਰਿਸ਼ਤਾ ਈਰਖਾ ਤੇ ਝਗੜੇ ਵਾਲ਼ਾ ਹੁੰਦਾ ਹੈ। ਪੰਜਾਬੀ ਪਰਿਵਾਰ ਵਿਚ ਸੱਸ ਦਾ ਡਰ ਕੁੜੀ ਦੇ ਮਨ ਵਿਚ ਛੋਟੇ ਹੁੰਦਿਆਂ ਤੋਂ ਹੀ ਬਿਠਾ ਦਿੱਤਾ ਜਾਂਦਾ ਹੈ। ਸੱਸ ਦੇ ਕਿਰਦਾਰ ਨੂੰ ਸਮਾਜ ਵਿਚ ਬਹੁਤ ਬੁਰਾ ਦਿਖਾਇਆਂ ਜਾਂਦਾ ਹੈ। ਸੱਸ ਨੂੰ ਪੁਆੜੇ ਦੀ ਜੜ੍ਹ ਮੰਨਿਆਂ ਜਾਂਦਾ ਹੈ। ਨੂੰਹ ਸੱਸ ਦੇ ਰਿਸ਼ਤਿਆਂ ਵਿਚ ਕਈ ਵਾਰ ਤਣਾਉ ਇਸ ਕਰਕੇ ਵੀ ਜ਼ਿਆਦਾ ਆ ਜਾਂਦਾ ਹੈ ਕਿਉਂਕਿ ਨੂੰਹ ਆਪਣੇ ਪੇਕੇ ਪਰਿਵਾਰ ਪ੍ਰਤੀ ਸੱਸ ਤੋਂ ਕੋਈ ਬੁਰਾ ਸ਼ਬਦ ਨਹੀਂ ਸੁਣਨਾ ਪਸੰਦ ਕਰਦੀ। ਸੱਸ ਨੂੰ ਬਘਿਆੜੀ, ਬੁਢੜੀ, ਚੰਦਰੀ ਵਰਗੇ ਨਾਵਾਂ ਦੇ ਪ੍ਰਤੀਕ ਨਾਲ਼ ਪਰਿਭਾਸ਼ਿਤ ਕੀਤਾ ਜਾਂਦਾ ਹੈ।

"ਮਾਪਿਆਂ ਨੇ ਰੱਖੀ ਲਾਡਲੀ

ਅੱਗੋਂ ਸੱਸ ਬਘਿਆੜੀ ਟੱਕਰੀ"

ਨਨਾਣ ਭਰਜਾਈ ਦਾ ਰਿਸ਼ਤਾ ਵੀ ਕੁੜੱਤਣ ਦਾ ਧਾਰਨੀ ਹੁੰਦਾ ਹੈ। ਇਸ ਰਿਸ਼ਤੇ ਵਿਚ ਜਿੱਥੇ ਭਰਜਾਈ ਦੇ ਪਰਾਈ ਹੋਣ ਦਾ ਤਣਾਉ ਹੈ, ਉੱਥੇ ਵੀਰ ਦੇ ਅਪਣੱਤ ਭਰਪੂਰ ਰਿਸ਼ਤੇ ਕਾਰਨ ਮਿਠਾਸ ਵੀ ਹੈ। ਕਈ ਵਾਰ ਇਹ ਰਿਸ਼ਤਾ ਹਮਰਾਜ਼ ਰਿਸ਼ਤਾ ਵੀ ਬਣ ਜਾਂਦਾ ਹੈ। ਜੇਕਰ ਭਰਜਾਈ ਨੇ ਕੋਈ ਗੱਲ ਸੱਸ ਕੋਲੋਂ ਮਨਵਾਉਣੀ ਹੋਵੇ ਤਾਂ ਉਹ ਨਨਾਣ ਦਾ ਸਹਾਰਾ ਲੈਂਦੀ ਹੈ। ਈਰਖਾਲੂ ਹੋਣ ਦੇ ਬਾਵਜੂਦ ਵੀ ਕਦੇ ਕਦੇ ਪਿਆਰ ਵਾਲ਼ਾ ਰਿਸ਼ਤਾ ਵੀ ਬਣ ਜਾਂਦਾ ਹੈ।

"ਵੀਰ ਮੇਰੇ ਨੇ ਚਰਖਾ ਦਿੱਤਾ

ਭਾਬੋ ਨੇ ਫੁਲਕਾਰੀ

ਜੁੱਗ ਜੁੱਗ ਜੀ ਭਾਬੀ ਲੱਗੇ

ਵੀਰ ਤੋਂ ਪਿਆਰੀ।"

ਪੰਜਾਬੀ ਸਭਿਆਚਾਰ ਵਿਚਲੀ ਰਿਸ਼ਤਾ ਪ੍ਰਣਾਲੀ ਵਿਚ ਮਾਮੀ ਮਾਸੜ, ਚਾਚੀ ਚਾਚਾ, ਤਾਇਆਂ ਤਾਈ, ਭੂਆ ਫੁੱਫੜ ਅਤੇ ਮਾਮਾ ਮਾਮੀ ਵਰਗੇ ਰਿਸ਼ਤੇ ਵੀ ਪ੍ਰਚੱਲਿਤ ਹਨ। ਪੰਜਾਬੀ ਸਭਿਆਚਾਰ ਵਿਚ ਹਰ ਰਿਸ਼ਤੇ ਦਾ ਇਕ ਨਾਮ ਹੈ ਪਰ ਪੱਛਮੀ ਸਭਿਆਚਾਰ ਵਿਚ ਹਰ ਇਕ ਰਿਸ਼ਤਾ ਸਿਰਫ਼ 'ਆਂਟੀ ਅੰਕਲ' ਦੇ ਨਾਮ ਨਾਲ ਹੀ ਪ੍ਰਵਾਨ ਚੜ੍ਹਦਾ ਹੈ। ਹੁਣ ਪੰਜਾਬੀ ਸਭਿਆਚਾਰ ਦੀ ਰਿਸ਼ਤਾ ਪ੍ਰਣਾਲੀ ਤੇ ਵੀ ਅੰਗਰੇਜ਼ੀ ਦੇ 'ਆਂਟੀ ਤੇ ਅੰਕਲ' ਭਾਰੂ ਹੋ ਰਹੇ ਹਨ।

### ਸਭਿਆਚਾਰਕ ਪਰਿਵਰਤਨ

ਪਰਿਵਰਤਨ ਕੁਦਰਤ ਦਾ ਨਿਯਮ ਹੈ, ਕੁਦਰਤ ਦੇ ਹਰ ਵਰਤਾਰੇ ਵਿਚ ਪਰਿਵਰਤਨ ਆਉਣਾ ਲਾਜ਼ਮੀ ਹੈ। ਹਰ ਚੀਜ਼ ਜੋ ਹੋਂਦ ਰੱਖਦੀ ਹੈ ਉਹ ਵਿਕਾਸ ਵੀ ਕਰਦੀ ਹੈ, ਤੇ ਉਸ ਦਾ ਅੰਤ ਵੀ ਨਿਸ਼ਚਿਤ ਹੁੰਦਾ ਹੈ। ਜਿਵੇਂ ਸਾਡੇ ਸਰੀਰ ਵਿਚ ਟੁੱਟ ਭੱਜ, ਵਧਣ ਫੁੱਲਣ ਤੇ ਢਹਿਣ ਦੀ ਪ੍ਰਕਿਰਿਆ ਚੱਲਦੀ ਰਹਿੰਦੀ ਹੈ। ਉਸੇ ਤਰ੍ਹਾਂ ਹੀ ਸਭਿਆਚਾਰਕ ਪਰਿਵਰਤਨ ਕੁਦਰਤੀ ਵਰਤਾਰੇ ਅਧੀਨ ਹੀ ਹੁੰਦੇ ਰਹਿੰਦੇ ਹਨ। ਸਮਾਜ ਵਿਚ ਜਦੋਂ ਕੋਈ ਨਵੀਆਂ ਧਾਰਨਾਵਾਂ ਸਥਾਪਿਤ ਹੁੰਦੀਆਂ ਹਨ ਤਾਂ ਉਨ੍ਹਾਂ ਧਾਰਨਾਵਾਂ ਨੂੰ ਬਦਲਣ ਲਈ ਨਵੀਂ ਪੀੜ੍ਹੀ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਇਸ ਬਦਲਾਅ ਦਾ ਵਿਰੋਧ ਹੁੰਦਾ ਹੈ। ਇਹ ਬਦਲਾਅ ਸਮਾਜ ਅਤੇ ਮਨੁੱਖ ਦੀ ਮਰਜ਼ੀ ਤੇ ਵੀ ਨਿਰਭਰ ਕਰਦਾ ਹੈ। ਇਸ ਬਦਲਾਅ ਦੇ ਅਨੁਕੂਲ ਢਲਣ ਦੀ ਕੋਸ਼ਿਸ਼ ਹੀ ਸਭਿਆਚਾਰਕ ਪਰਿਵਰਤਨ ਦਾ ਕਾਰਨ ਬਣਦੀ ਹੈ। ਜਿਸ ਦੇ ਕਾਰਨ ਹਰ ਸਭਿਆਚਾਰ ਵਿਚ ਤਾਜ਼ਗੀ, ਨਵੇਕਲਾਪਣ, ਪਰਿਵਰਤਨ ਸ਼ੀਲਤਾ ਦੇ ਵਿਵਹਾਰ ਬਣੇ ਰਹਿੰਦੇ ਹਨ। "ਹਰ ਸਮਾਜ ਜਿਹੜਾ ਸਭਿਆਚਾਰ ਰੱਖਦਾ ਹੈ ਨਿਰੰਤਰ ਪਰਿਵਰਤਨ ਦੇ ਅਮਲ ਵਿਚ ਲੰਘ ਰਿਹਾ ਹੈ। ਵੱਖ-ਵੱਖ ਸਮਾਜਾਂ ਵਿਚ ਸਭਿਆਚਾਰਕ ਪਰਿਵਰਤਨ ਦੀ ਗਤੀ ਧੀਮੀ ਜਾਂ ਤੇਜ਼ ਹੋ ਸਕਦੀ ਹੈ। ਪਰਿਵਰਤਨ ਦੀ ਗਤੀ ਵਿਨਾਸ਼ ਜਾਂ ਵਿਕਾਸ ਕਿਸੇ ਵੀ ਦਿਸ਼ਾ ਵੱਲ ਹੋ ਸਕਦੀ ਹੈ, ਪ੍ਰੰਤੂ ਕੋਈ ਵੀ ਸਭਿਆਚਾਰ ਖੜੋਤ ਦੀ ਅਵਸਥਾ ਵਿਚ ਹੋਵੇ ਇਹ ਸੰਭਵ ਨਹੀਂ ਹੈ।" ਕੁੱਝ ਮਾਨਵ ਵਿਗਿਆਨੀਆਂ ਨੇ ਸਭਿਆਚਾਰਕ ਪਰਿਵਰਤਨਾਂ ਤੋਂ ਇਨਕਾਰ ਕੀਤਾ ਹੈ। ਇਸ ਨੂੰ ਸਵੈ-ਸੰਪੂਰਨ ਅਤੇ ਸਥਿਰ ਹੋਂਦ ਵਾਲਾ ਸਵੀਕਾਰਿਆ ਹੈ। **ਬੀ. ਮਲਿਨੋਵਸਕੀ ਅਜਿਹੇ ਵਿਦਵਾਨਾਂ ਬਾਰੇ ਲਿਖਦਾ ਹੈ ਕਿ**, "ਬਹੁਤ ਸਾਰੇ ਇਤਿਹਾਸਕਾਰਾਂ ਤੇ ਮਾਨਵ ਵਿਗਿਆਨੀਆਂ ਨੇ ਬਹੁਤ ਸਾਰੀ ਸਿਧਾਂਤਕ ਸ਼ਕਤੀ ਅਤੇ ਸੁਖਾਵਾਂ ਸਮਾਜ ਸਭਿਆਚਾਰਕ ਪ੍ਰਕਿਰਿਆ ਦੇ ਵਿਗਿਆਨਕ ਨਿਯਮਾਂ ਦੇ ਸੰਕਲਪ ਨੂੰ ਅਸਵੀਕਾਰ ਕਰਨ ਉੱਤੇ ਲਾਇਆ ਹੈ।" **ਜੀਤ ਸਿੰਘ ਜੋਸ਼ੀ ਅਨੁਸਾਰ**, "ਸਭਿਆਚਾਰਕ ਅੰਗਰੇਜ਼ੀ ਦੇ ਸ਼ਬਦ 'ਕਲਚਰ ਡਿਫੂਸ਼ਨ' ਦਾ ਪੰਜਾਬੀ ਰੂਪਾਂਤਰਨ ਹੈ। ਜਿਸ ਦਾ ਅਰਥ ਹੈ ਕਿਸੇ ਇਕ ਸਭਿਆਚਾਰਕ ਅੰਸ਼ ਜਾਂ ਵਰਤਾਰੇ ਦਾ ਕਿਸੇ ਦੂਸਰੇ ਸਭਿਆਚਾਰ ਤੱਕ ਫੈਲ ਜਾਣਾ ਜਾਂ ਖਿੰਡ ਜਾਣਾ, ਇਸੇ ਕਾਰਨ ਹੀ ਕਲਚਰ ਡਿਫੂਸ਼ਨ ਨੂੰ ਸਭਿਆਚਾਰ ਖਿੰਡਾਓ ਦਾ ਨਾਮ ਦਿੱਤਾ ਗਿਆ ਹੈ।" ਸਭਿਆਚਾਰ ਦੀ ਗ੍ਰਹਿਣਸ਼ੀਲਤਾ ਹੀ ਇਸ ਦੇ ਰੂਪਾਂਤਰਨ ਦਾ ਕਾਰਨ ਬਣਦੀ ਹੈ। ਰੇਮੰਡ ਵਿਲੀਅਮਜ਼ ਸਭਿਆਚਾਰ ਇਤਿਹਾਸ ਦੇ ਸਾਰੇ ਯੁੱਗਾਂ ਵੇਲੇ ਸਮਾਜਕ ਸੰਗਠਨ ਵਿਚ ਪਰਿਵਰਤਨ ਦੀ ਜ਼ਰੂਰਤ ਦੇ ਵਿਰੋਧ ਵਿਚ ਰਿਹਾ ਹੈ, "ਉਹ ਮਿਆਰ ਜਿਹੜੇ

ਸਮਾਜ ਵਿਚ ਵਿਸ਼ੇਸ਼ ਪੱਧਰ ਤੇ ਅਪਣਾਏ ਗਏ ਤੇ ਬੀਤੇ ਸਮੇਂ ਦੇ ਸਭਿਆਚਾਰ ਵਿਚ ਪ੍ਰਵਾਨ ਚੜ੍ਹੇ ਅਤੇ ਸਵੀਕਾਰ ਕੀਤੇ ਗਏ, ਪਰੰਤੂ ਭਵਿੱਖ ਦੀ ਅਗਲੇਰੀ ਉੱਨਤੀ ਲਈ ਨਾਕਾਫ਼ੀ ਤੇ ਪ੍ਰਤੀਕੂਲ ਸਿੱਧ ਹੋਏ।" ਸਭਿਆਚਾਰ ਦੇ ਵਿਕਾਸ ਤੇ ਪਰਿਵਰਤਨ ਦੇ ਕਈ ਕਾਰਨ ਹੋ ਸਕਦੇ ਹਨ। ਇਹ ਸਮਾਜਕ, ਧਾਰਮਿਕ ਕਾਰਨ ਵੀ ਹੋ ਸਕਦੇ ਹਨ। ਏਂਗਲਜ ਨੇ ਆਪਣੀਆਂ ਪੁਸਤਕਾਂ Anti-Duhring ਅਤੇ Dialectics Of nature ਕੁਦਰਤੀ ਵਰਤਾਰਿਆਂ ਵਿਚ ਪਰਿਵਰਤਨ ਦੀ ਗਤੀ ਵਿਚ ਮੌਲਿਕਤਾ ਤੇ ਸੁਤੰਤਰਤਾ ਦੀ ਸਥਾਪਤੀ ਨੂੰ ਪੇਸ਼ ਕੀਤਾ ਹੈ। **ਫਰੈਡਰਿਕ ਏਂਗਲਜ ਦੇ ਅਨੁਸਾਰ**, "ਸਮਾਜ ਦੇ ਇਤਿਹਾਸ ਵਿਚ ਮਨੁੱਖ ਇਕ ਕਾਮੇ ਵਾਂਗ ਕਰਮਸ਼ੀਲ ਹੁੰਦੇ ਹਨ। ਉਹ ਬੇਖ਼ਬਰੇ ਕਾਨੂੰਨ ਨਾਲ ਸੁਨਿਸ਼ਚਿਤ ਨਿਸ਼ਾਨਿਆਂ ਵੱਲ ਕਾਰਜਸ਼ੀਲ ਹੁੰਦੇ ਹਨ, ਜਦਕਿ ਪ੍ਰਕਿਰਤੀ ਵਿਚ ਅੰਨ੍ਹੀਆਂ ਬੇਰੋਕ ਅਚੇਤ ਸ਼ਕਤੀਆਂ ਇਕ ਦੂਜੇ ਤੇ ਕਾਰਜਸ਼ੀਲ ਹੁੰਦੀਆਂ ਹਨ, ਜਿਨ੍ਹਾਂ ਵਿਚ ਸਮਾਨਯ ਨਿਯਮ ਲਾਗੂ ਹੁੰਦੇ ਹਨ।" **ਇਕ ਹੋਰ ਵਿਦਵਾਨ ਲੇਸਾਇਲ ਏ. ਵਾਈਟ ਦੇ ਸ਼ਬਦਾਂ ਵਿਚ**, "ਸਭਿਆਚਾਰ ਇਕ ਪ੍ਰਤੀਕਾਤਮਿਕ, ਨਿਰੰਤਰ ਸੰਚਿਤ ਅਤੇ ਅਗਾਂਹ ਵਧੂ ਪ੍ਰਕਿਰਿਆ ਹੈ। "**ਪ੍ਰਸਿੱਧ ਵਿਦਵਾਨ ਲੋਟਮਾਨ ਦੇ ਸ਼ਬਦਾਂ ਵਿਚ**, "ਜੀਵੰਤ ਸਭਿਆਚਾਰ ਇਕ ਲਹਿਰ ਹੈ, ਜੋ ਕਿ ਭੂਤ ਨੂੰ ਭਵਿੱਖ ਨਾਲ ਜੋੜਦੀ ਹੈ। ਇਸ ਪ੍ਰਕਿਰਿਆ ਨੂੰ ਉਹ ਸਭਿਆਚਾਰ ਦੀ ਗਤੀ ਦਾ ਤਰਕ (The logic of the movement of culture)ਕਹਿੰਦਾ ਹੈ। "ਸਭਿਆਚਾਰ ਵਿਚ ਪਰਿਵਰਤਨ ਦੇ ਅਨੇਕ ਬਾਹਰੀ, ਅੰਦਰੂਨੀ, ਸੂਖਮ, ਸਥੂਲ ਕਾਰਨ ਹੋ ਸਕਦੇ ਹਨ। ਸਮਾਜ ਵਿਗਿਆਨੀਆਂ ਤੇ ਮਾਨਵ ਵਿਗਿਆਨੀਆਂ ਨੇ ਇਨ੍ਹਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆਂ ਹੈ।

1. ਪ੍ਰਾਕ੍ਰਿਤਕ ਮਾਹੌਲ ਵਿਚ ਆਏ ਪਰਿਵਰਤਨ
2. ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ
3. ਸਮਾਜ ਤੇ ਬਾਹਰੋਂ ਪ੍ਰਭਾਵ ਪਾਉਣ ਵਾਲੇ ਕਾਰਨ ਆਦਿ।

ਪੰਜਾਬੀ ਸਭਿਆਚਾਰ ਵਿਚ ਪਰਿਵਰਤਨ ਦੇ ਕਾਰਨ ਬਹੁਤ ਹੋ ਸਕਦੇ ਹਨ ਸਭਿਆਚਾਰਕ ਰੂਪਾਂਤਰਨ ਲਈ ਸਿਰਫ਼ ਉੱਪਰ ਦਿੱਤੇ ਕਾਰਨ ਹੀ ਜ਼ਿੰਮੇਵਾਰ ਨਹੀਂ ਠਹਿਰਾਏ ਜਾ ਸਕਦੇ ਸਭਿਆਚਾਰਕ ਪਰਿਵਰਤਨ ਲਈ ਅਨੇਕਾਂ ਹੋਰ ਵੀ ਕਾਰਨ ਜ਼ਿੰਮੇਵਾਰ ਹਨ। ਜੇਕਰ ਸਭਿਆਚਾਰ ਰੂਪਾਂਤਰਨ ਦੇ ਕਾਰਨਾਂ ਨੂੰ ਅਧਾਰ ਬਣਾ ਕੇ ਇਸ ਦਾ ਅਧਿਐਨ ਕੀਤਾ ਜਾਵੇ ਤਾਂ ਜਦੋਂ ਸਭਿਆਚਾਰਕ ਬਦਲਾਓ ਹੁੰਦਾ ਹੈ ਤਾਂ ਜੀਵਨ ਦਾ ਹਰ ਪਹਿਲੂ ਇਸ ਤੋਂ ਪ੍ਰਭਾਵਿਤ ਹੋ ਸਕਦਾ ਹੈ। ਪੰਜਾਬੀ ਸਭਿਆਚਾਰਕ ਰੂਪਾਂਤਰਨ ਜਾਂ ਪਰਿਵਰਤਨ ਲਈ ਅਨੇਕ ਅਜਿਹੇ ਕਾਰਨ ਹਨ ਜੋ ਇਸ ਦਾ ਮੂਲ ਆਧਾਰ ਬਣੇ ਅਤੇ ਅਨੇਕ ਅਜਿਹੇ ਖੇਤਰ ਹਨ, ਜਿਨ੍ਹਾਂ ਵਿਚ ਪਰਿਵਰਤਨ ਨੂੰ ਵੇਖਿਆ ਜਾ ਸਕਦਾ ਹੈ। ਜਿਨ੍ਹਾਂ ਵਿਚੋਂ ਪ੍ਰਮੁੱਖ ਆਧੁਨਿਕੀਕਰਨ, ਪੱਛਮੀਕਰਨ, ਉਦਯੋਗੀਕਰਨ, ਸ਼ਹਿਰੀਕਰਨ, ਵਿਸ਼ਵੀਕਰਨ ਨੇ ਸਾਨੂੰ ਮਾਨਸਿਕ ਤੇ ਸਮਾਜਕ ਪੱਧਰ ਤੇ ਪ੍ਰਭਾਵਿਤ ਕਰ ਕੇ ਰੱਖਿਆ ਹੈ।

## ਮਨੁੱਖੀ ਰਿਸ਼ਤੇ

ਰਿਸ਼ਤਾ ਨਾਤਾ ਪ੍ਰਬੰਧ ਸਭਿਆਚਾਰ ਦੀ ਸਮੁੱਚੀ ਬਣਤਰ ਦਾ ਮਹੱਤਵਪੂਰਨ ਅੰਗ ਹੈ। ਰਿਸ਼ਤਾ ਨਾਤਾ ਪ੍ਰਬੰਧ ਮਨੁੱਖ ਦੇ ਸਮਾਜਿਕ ਜੀਵਨ ਦੌਰਾਨ ਵੱਖ ਵੱਖ ਢੰਗਾਂ ਕਾਰਨ ਵੱਖ ਵੱਖ ਪੱਧਰਾਂ ਤੇ ਸਿਰਜੇ ਗਏ ਰਿਸ਼ਤਿਆਂ ਦੇ ਅਜਿਹੇ ਨਿਸ਼ਚਿਤ ਸੰਗਠਿਤ, ਇਕ ਸਾਰ ਪੈਟਰਨ ਦਾ ਰੂਪ ਹੈ, ਜਿਸ ਵਿਚਲੇ ਸਾਰੇ ਰਿਸ਼ਤੇ ਇਕ ਖ਼ਾਸ ਪ੍ਰਕਾਰ ਦਾ ਸਮਾਜੀਕਰਨ ਜੀਵਨ ਵਿਵਹਾਰ ਸਿਰਜਦੇ ਹੋਏ ਅੰਤਿਮ ਰੂਪ ਵਿਚ ਸਭਿਆਚਾਰਕ ਕੀਮਤਾਂ ਦਾ ਇਕ ਸਮੁੱਚ ਸਿਰਜਦੇ ਹਨ।

ਰਿਸ਼ਤਾ ਨਾਤਾ ਪ੍ਰਬੰਧ ਇਕ ਅਜਿਹਾ ਪ੍ਰਬੰਧ ਹੈ, ਜਿਹੜਾ ਮਨੁੱਖ ਦੇ ਸਮਾਜਿਕ, ਇਤਿਹਾਸ, ਪਦਾਰਥਕ ਵਿਕਾਸ ਅਨੁਸਾਰ ਪਰਿਵਰਤਨ ਹੁੰਦਾ ਰਹਿੰਦਾ ਹੈ। ਇਹ ਮੂਲ ਮਾਨਵੀ ਸਾਕ-ਸਬੰਧ-ਪਰੰਪਰਾ ਤੇ ਆਧਾਰਿਤ ਹੁੰਦਾ ਹੈ ਅਤੇ ਇਸ ਵਿਚ ਪਰਿਵਰਤਨ ਸਾਧਾਰਨ ਸਮਾਜਿਕ ਪਰਿਵਰਤਨਾਂ ਦੇ ਬਿਲਕੁਲ ਸਮਾਨੰਤਰ ਨਹੀਂ ਆਉਂਦਾ ਪਰ ਇਸ ਦੇ ਬਾਵਜੂਦ ਵੀ ਸਾਕ-ਸਬੰਧ ਪਰੰਪਰਾ ਸਮੁੱਚੇ ਸਮਾਜਿਕ ਸੰਗਠਨ ਵਿਚ ਵਾਪਰਦੇ ਪਰਿਵਰਤਨਾਂ ਅਨੁਸਾਰ ਪਰਿਵਰਤਿਤ ਹੁੰਦੀ ਰਹਿੰਦੀ ਹੈ। ਸਭਿਆਚਾਰ ਆਪਣੇ ਆਪ ਵਿਚ ਇਕ ਅਜਿਹਾ ਵਿਕਾਸਸ਼ੀਲ ਗਤੀ ਵਿਚ ਹੁੰਦਾ ਹੈ ਅਤੇ ਇਸ ਦੇ ਇਕ ਪੱਖ ਵਜੋਂ ਰਿਸ਼ਤਾ ਨਾਤਾ ਪ੍ਰਬੰਧ ਵੀ ਵਿਕਾਸ ਮੁਖੀ ਹੁੰਦਾ ਹੈ ਓਪਰੇ ਰੂਪ ਵਿਚ ਦੇਖਿਆ ਇਸ ਤਰ੍ਹਾਂ ਜਾਪਦਾ ਹੈ ਕਿ ਰਿਸ਼ਤਾ ਨਾਤਾ ਪ੍ਰਬੰਧ ਕਿਉਂਕਿ ਸਾਕਾਦਾਰੀ, ਗੋਤ, ਜਾਤ ਜਾਂ ਖ਼ੂਨ ਦੀ ਸਾਂਝ ਤੇ ਆਧਾਰਿਤ ਹੈ, ਇਨ੍ਹਾਂ ਪੱਖਾਂ ਵਿਚ ਬਾਹਰੀ ਤੌਰ ਤੇ ਵੇਖਿਆ ਕੋਈ ਪਰਿਵਰਤਨ ਨਹੀਂ ਆਉਂਦਾ, ਇਸ ਕਰਕੇ ਰਿਸ਼ਤਾ ਨਾਤਾ ਪ੍ਰਬੰਧ ਵੀ ਸ਼ਾਇਦ ਵਿਕਾਸਸ਼ੀਲ ਨਾ ਹੋਵੇ ਪਰ ਵਾਸਤਵ ਵਿਚ, ਸਮਾਜ ਦਾ ਵਿਕਾਸ ਪ੍ਰਮਾਣਿਤ ਕਰਦਾ ਹੈ ਕਿ ਹਰੇਕ ਯੁੱਗ ਦੇ ਆਰਥਕ ਵਿਕਾਸ ਦੇ ਅਨੁਕੂਲ ਮਨੁੱਖੀ ਵਿਵਹਾਰ ਦੀ ਪ੍ਰਚੱਲਿਤ ਮਰਯਾਦਾ ਅਨੁਸਾਰ ਸਾਰੇ ਮਨੁੱਖੀ ਰਿਸ਼ਤਿਆਂ ਵਿਚ ਪਰਿਵਰਤਨ ਹੁੰਦਾ ਆਇਆ ਹੈ। ਮਿਸਾਲ ਵਜੋਂ ਵਿਆਹ ਪ੍ਰਬੰਧ ਸਮੁੱਚੇ ਰਿਸ਼ਤਿਆਂ ਨੂੰ ਸਿਰਜਣ ਨਿਰਧਾਰਿਤ ਕਰਨ ਅਤੇ ਪ੍ਰਮਾਣਿਕ ਰੂਪ ਦੇਣ ਦਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਿਆਹ ਪ੍ਰਬੰਧ ਵਿਚ ਆਉਣ ਵਾਲੇ ਪਰਿਵਰਤਨਾਂ ਅਨੁਸਾਰ, ਇਸ ਦੁਆਰਾ ਸਿਰਜਿਤ ਰਿਸ਼ਤਿਆਂ ਵਿਚ ਵੀ ਪਰਿਵਰਤਨ ਆਉਂਦਾ ਰਹਿੰਦਾ ਹੈ। ਮਿਸਾਲ ਵਜੋਂ ਗਰੁੱਪ ਵਿਆਹ ਬਹੁ ਪਤੀ ਜਾਂ ਪਤਨੀ ਵਾਦ, ਇਕ ਪਤੀ ਜਾਂ ਇਕ ਪਤਨੀ ਵਾਦ ਆਦਿ ਵਿਭਿੰਨ ਵਿਆਹ-ਪ੍ਰਬੰਧ ਦੇ ਅਨੁਕੂਲ ਸਾਰੇ ਰਿਸ਼ਤਾ-ਨਾਤਾ ਪ੍ਰਬੰਧ ਵਿਚ ਪਰਿਵਰਤਨ ਆਉਂਦਾ ਰਿਹਾ ਹੈ। ਖ਼ਾਸ ਸਮਾਜਿਕ, ਇਤਿਹਾਸਕ ਸਮੇਂ ਦੇ ਸਭਿਆਚਾਰ ਅਨੁਸਾਰ ਸਮੁੱਚੇ ਮਨੁੱਖੀ ਰਿਸ਼ਤਿਆਂ ਨੂੰ ਇਸ ਦੇ ਅਨੁਕੂਲ ਉਸਾਰਦੇ ਸਮੇਂ ਇਸ ਵਿਚ ਨਵੇਂ ਰਿਸ਼ਤੇ ਸਿਰਜੇ ਜਾਂਦੇ ਹਨ ਅਤੇ ਪੁਰਾਣੇ ਨਵਾਂ ਰੂਪ ਧਾਰਦੇ ਹਨ ਜਾਂ ਲੋਪ ਹੁੰਦੇ ਹਨ। ਇਹ ਇਕ ਨਿਰੰਤਰ ਵਿਕਸਦੀ ਪ੍ਰਕਿਰਿਆ ਹੈ, ਭਾਵੇਂ ਕੁਝ ਜੀਵ ਵਿਗਿਆਨਕ ਰਿਸ਼ਤਿਆਂ ਵਿਚ ਪਰਿਵਰਤਨ ਮੁਕਾਬਲਤਨ ਘੱਟ ਆਇਆ ਹੈ ਤੇ ਕੁਝ ਨਿਰੋਲ ਰਿਸ਼ਤੇ ਮੁੱਢ ਤੋਂ ਹੀ ਬਦਲ ਗਏ ਹਨ। ਸਮਾਜ ਦੇ ਇਤਿਹਾਸਕ ਵਿਕਾਸ ਅਨੁਸਾਰ ਇਸ ਦੇ ਪਹਿਲੇ ਪੜ੍ਹਾ ਤੇ ਕਬੀਲਾ ਯੁੱਗ ਸਮੇਂ ਸਮੁੱਚੇ ਸਮਾਜ ਦਾ ਸੰਗਠਨ ਹੀ ਰਿਸ਼ਤਾ-ਨਾਤਾ ਪ੍ਰਬੰਧ ਤੇ ਆਧਾਰਿਤ ਹੁੰਦਾ ਸੀ। ਸਾਮੰਤਵਾਦੀ ਸਮਾਜਕ ਪ੍ਰਬੰਧ ਅਤੇ ਇਸ ਤੋਂ ਵੀ ਅੱਗੇ ਸਰਮਾਏਦਾਰੀ ਸਮਾਜਿਕ ਪ੍ਰਬੰਧ ਤਕ ਪਹੁੰਚ ਦਿਆਂ ਮੂਲ ਰਿਸ਼ਤਿਆਂ ਦੇ ਆਧਾਰ ਅਤੇ ਸੁਭਾਅ ਵਿਚ ਬੁਨਿਆਦੀ ਪਰਿਵਰਤਨ ਆ ਗਿਆ। ਇਹ ਵਿਕਾਸ ਜਮਾਤੀ ਸਮਾਜ ਦੇ ਵਿਕਾਸ ਅਤੇ ਆਰਥਕ ਵਿਕਾਸ ਦੇ ਅਨੁਰੂਪ ਹੀ ਹੋਇਆ,

ਜਿਸ ਤੋਂ ਸਪਸ਼ਟ ਹੈ ਕਿ ਰਿਸ਼ਤਾ-ਨਾਤਾ ਪ੍ਰਬੰਧ ਵਿਚ ਜਾਤ, ਖ਼ੂਨ, ਗੋਤ ਦੇ ਨਾਲ ਨਾਲ ਮੁੱਖ ਨਿਰਨਾਇਕ ਸ਼ਕਤੀ ਸਮਾਜਿਕ ਪ੍ਰਬੰਧ ਦੇ ਆਰਥਕ ਆਧਾਰ ਹਨ। ਅਜੋਕਾ ਰਿਸ਼ਤਾ-ਨਾਤਾ ਪ੍ਰਬੰਧ ਇਸਦਾ ਠੋਸ ਅਤੇ ਸਪਸ਼ਟ ਪ੍ਰਮਾਣ ਹੈ। ਹਰੇਕ ਰਿਸ਼ਤਾ-ਨਾਤਾ ਹੋਰ ਅਨੇਕ ਪੱਖ ਰੱਖਣ ਦੇ ਬਾਵਜੂਦ ਵੀ ਅੰਤਿਮ ਤੋਰ ਤੇ ਸਮਾਜਿਕ ਆਰਥਕ ਪ੍ਰਬੰਧ ਦੇ ਸੁਭਾਅ ਅਤੇ ਸਭਿਆਚਾਰਕ ਕੀਮਤਾਂ ਦੁਆਰਾ ਸਿਰਜਿਆ ਜਾਂਦਾ ਹੈ।

ਰਿਸ਼ਤਾ-ਨਾਤਾ ਪ੍ਰਬੰਧ ਨੂੰ ਵਿਭਿੰਨ ਮਾਨਵ-ਵਿਗਿਆਨੀਆਂ ਇਸ ਦੀਆਂ ਵੱਖ ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ।

ਲੇਸਿਲ ਏ ਵਾਈਟ ਦਾ ਇਹ ਕਥਨ ਠੀਕ ਹੀ ਹੈ ਕਿ ਰਿਸ਼ਤਾ-ਨਾਤਾ ਪ੍ਰਬੰਧ ਦੀ ਨਾਮਾਵਲੀ ਦੇ ਅਣਗਿਣਤ ਅਤੇ ਵੱਖੋ ਵੱਖਰੇ ਪੈਟਰਨਾਂ ਨੂੰ ਵਰਗੀ ਕ੍ਰਿਤ ਕਰਨ ਦੀ ਸਮੱਸਿਆ ਮੁਸ਼ਕਿਲ ਕਾਰਜ ਹੈ ਅਤੇ ਅਜੇ ਤੱਕ ਬਿਲਕੁਲ ਸੰਤੋਖ ਜਨਕ ਹੱਲ ਨਹੀਂ ਕੱਢਿਆ ਜਾ ਸਕਿਆ।

ਵਾਸਤਵ ਵਿਚ ਰਿਸ਼ਤਾ-ਨਾਤਾ ਪ੍ਰਬੰਧ ਨੂੰ ਸਿਰਜਣ ਵਿਚ ਇਤਨੇ ਸਮਾਜਿਕ, ਪ੍ਰਕਿਰਤਿਕ ਅਤੇ ਜੀਵ ਵਿਗਿਆਨਿਕ ਆਧਾਰ ਸਹਿਤ ਸੁਭਾਵਕ ਰੂਪ ਵਿਚ ਕੰਮ ਕਰ ਰਹੇ ਹਨ ਕਿ ਇਹ ਇਕ ਅਤਿ ਗੁੰਝਲਦਾਰ ਪ੍ਰਬੰਧ ਬਣ ਜਾਂਦਾ ਹੈ। ਪ੍ਰਕਿਰਤਿਕ ਰਿਸ਼ਤੇ-ਨਾਤੇ ਆਪਣੀ ਵੱਖਰੀ ਹੋਂਦ ਵੀ ਰੱਖਦੇ ਹਨ। ਮੂਲ ਰੂਪ ਵਿਚ ਪ੍ਰਕਿਰਤਿਕ ਰਿਸ਼ਤੇ ਅਜਿਹੇ ਹਨ ਜਿਹੜੇ ਮਨੁੱਖ ਦੇ ਸਮਾਜਿਕ ਪ੍ਰਬੰਧ ਤੋਂ ਬਾਹਰੀ ਰੂਪ ਵਿਚ ਵਿਦਮਾਨ ਹੁੰਦੇ ਹਨ ਜਿਵੇਂ ਇਸਤਰੀ ਮਰਦ ਦਾ ਰਿਸ਼ਤਾ, ਰਿਸ਼ਤਾ-ਨਾਤਾ ਪ੍ਰਬੰਧ ਨੂੰ ਇਸੇ ਕਰਕੇ ਰਿਸ਼ਤਿਆਂ ਦੀ ਸਿਰਜਣ ਪ੍ਰਕਿਰਿਆ ਵਿਚ ਕਾਰਜਸ਼ੀਲ ਤੱਤਾਂ ਦੇ ਆਧਾਰ ਤੇ ਪ੍ਰਕਿਰਤਿਕ ਜੀਵ ਵਿਗਿਆਨ, ਸਭਿਆਚਾਰਕ ਵਰਗਾਂ ਵਿਚ ਵੰਡਿਆ ਜਾਂਦਾ ਹੈ। ਜੀਵ ਵਿਗਿਆਨਿਕ ਰਿਸ਼ਤੇ ਅਜਿਹੇ ਹਨ ਜਿਨ੍ਹਾਂ ਦੀ ਤਹਿ ਵਿਚ ਖ਼ੂਨ ਜਾਂ ਹੋਰ ਨਿਕਟ ਵਰਤੀ ਸਾਂਝ ਜਾਂ ਨਾਤੇਦਾਰੀ ਸ਼ਾਮਿਲ ਹੁੰਦੀ ਹੈ ਜਿਵੇਂ ਮਾਂ ਪੁੱਤਰ ਦਾ ਰਿਸ਼ਤਾ।

ਸਭਿਆਚਾਰਕ ਰਿਸ਼ਤੇ ਅਜਿਹੇ ਹਨ ਜਿਹੜੇ ਮਨੁੱਖ ਨੇ ਸਭਿਆਚਾਰਕ ਦੇ ਦੌਰਾਨ ਸਮਾਜਿਕ ਬਣਤਰ ਨੂੰ ਵਿਸ਼ੇਸ਼ ਪੈਟਰਨ ਵਿਚ ਉਸਾਰ ਦਿਆਂ ਵਿਭਿੰਨ ਸਮਾਜੀ ਮਨੁੱਖੀ ਲੋੜਾਂ ਅਨੁਕੂਲ ਮਨੁੱਖੀ ਸਬੰਧਾਂ ਨੂੰ ਇਕ ਨਿਸ਼ਚਿਤ ਨਾਮ, ਪਦਵੀ ਅਤੇ ਸਥਾਨ ਪ੍ਰਸਤੁਤ ਕਰਦਿਆਂ ਬਣਾਏ ਜਿਵੇਂ ਪਤੀ ਪਤਨੀ, ਸੱਸ ਸੌਹਰਾ, ਨੂੰਹ ਜਵਾਈ, ਮਾਮਾ ਮਾਮੀ, ਭਾਣਜਾ ਭਾਣਜੀ, ਚਾਚਾ ਚਾਚੀ, ਤਾਇਆ ਤਾਈ, ਭੂਆ ਫੁੱਫੜ ਭਤੀਜਾ ਭਤੀਜੀ, ਸਾਲਾ ਸਾਲੀ, ਸਾਂਢੂ ਆਦਿ ਇਨ੍ਹਾਂ ਰਿਸ਼ਤਿਆਂ ਦੀ ਪਛਾਣ, ਵੰਡ ਨਾਮਕਰਨ ਅਤੇ ਸਥਾਨ ਕਿਸੇ ਵਿਸ਼ੇਸ਼ ਸਭਿਆਚਾਰ ਦੇ ਰਿਸ਼ਤਾ-ਨਾਤਾ ਪ੍ਰਬੰਧ ਦੇ ਸਰੂਪ ਉੱਪਰ ਜ਼ਿਆਦਾ ਆਧਾਰਿਤ ਹੁੰਦਾ ਹੈ। ਰਿਸ਼ਤਾ ਨਾਤਾ ਪ੍ਰਬੰਧ ਵਿਚ ਹੀ ਕੁਝ ਰਿਸ਼ਤੇ ਅਜਿਹੇ ਹਨ, ਜਿਨ੍ਹਾਂ ਨੂੰ ਗੌਣ ਮੰਨਿਆ ਜਾਂਦਾ ਹੈ। ਕੁਝ ਅਜਿਹੇ ਰਿਸ਼ਤੇ ਵੀ ਹਨ ਜਿਨ੍ਹਾਂ ਨੂੰ ਬਨਾਵਟੀ ਰਿਸ਼ਤੇ ਕਿਹਾ ਜਾਂਦਾ ਹੈ। ਇਹ ਰਿਸ਼ਤੇ ਮਨੁੱਖ ਦੁਆਰਾ ਨਿਰੋਲ ਨਿੱਜੀ ਤੌਰ ਤੇ ਸਵੀਕਾਰ ਕੀਤੇ ਜਾਂ ਅਪਣਾਏ ਗਏ ਹੁੰਦੇ ਹਨ ਪਰ ਇਨ੍ਹਾਂ ਨੂੰ ਸਮਾਜਿਕ ਤੌਰ ਤੇ ਵਿਸ਼ੇਸ਼ ਨਾਮ ਅਤੇ ਪਰਵਾਨਗੀ ਪ੍ਰਾਪਤ ਹੁੰਦੀ ਹੈ ਮੁਤਬੰਨਾ ਪੁੱਤਰ ਤੇ ਧੀ, ਧਰਮ ਭਰਾ ਆਦਿ। ਕੁਝ ਰਿਸ਼ਤੇ ਅਜਿਹੇ ਵੀ ਹਨ ਜਿਨ੍ਹਾਂ

ਨੂੰ ਮਤਰੇਏ ਰਿਸ਼ਤੇ ਮੰਨਿਆਂ ਜਾਂਦਾ ਹੈ ਅਜਿਹੇ ਸਬੰਧਾਂ ਵਿਚ ਸਬੰਧਿਤ ਵਿਅਕਤੀਆਂ ਦਾ ਸਿੱਧਾ ਨਿਕਟਵਰਤੀ ਜਾਂ ਸਾਕ ਜਾਂ ਨਾਤਾ ਨਹੀਂ ਹੁੰਦਾ, ਸਗੋਂ ਕਿਸੇ ਵਿਸ਼ੇਸ਼ ਤੀਸਰੇ ਵਿਅਕਤੀ ਨਾਲ ਸਬੰਧਿਤ ਹੋਣ ਕਰਕੇ ਇਹ ਰਿਸ਼ਤੇ ਵਜੂਦ ਵਿਚ ਆਉਂਦੇ ਹਨ, ਮਤ੍ਰੇਈ ਧੀ, ਮਤ੍ਰੇਈ ਮਾਂ, ਮਤਰੇਆ ਭਰਾ ਮਤ੍ਰੇਈ ਭੈਣ, ਸੌਂਕਣ ਆਦਿ।

ਵਿਸ਼ੇਸ਼ ਸਭਿਆਚਾਰ ਵਿਚ ਪਰਿਵਾਰ ਦੀ ਇਕਾਈ ਨੂੰ ਸਿਰਜਣ ਦਾ ਕਾਰਜ ਵਿਆਹ ਪ੍ਰਬੰਧ ਦੁਆਰਾ ਕੀਤਾ ਜਾਂਦਾ ਹੈ ਸਮੁੱਚੇ ਮਨੁੱਖੀ ਜੀਵਨ ਵਿਚ ਸਭਿਆਚਾਰਕ ਤੌਰ ਤੇ ਤਿੰਨ ਅਜਿਹੇ ਮਹੱਤਵਪੂਰਨ ਪੜਾਅ ਹਨ, ਜਿਨ੍ਹਾਂ ਤੋਂ ਸਾਰੇ ਮਨੁੱਖੀ ਰਿਸ਼ਤੇ-ਨਾਤੇ ਉਤਪੰਨ ਹੁੰਦੇ ਹਨ। ਇਨ੍ਹਾਂ ਪੜਾਵਾਂ ਵਿਚ ਜਨਮ ਅਤੇ ਮੌਤ ਪ੍ਰਾਕ੍ਰਿਤਕ ਅਵਸਥਾ ਨਾਲ ਸਬੰਧਿਤ ਹਨ ਅਤੇ ਵਿਆਹ ਸਭਿਆਚਾਰਕ ਪ੍ਰਬੰਧ ਵੱਲੋਂ ਸਿਰਜੀ ਗਈ ਵਿਉਂਤ ਦਾ ਵਿਸ਼ੇਸ਼ ਰੂਪ ਹੈ। ਇਹ ਤਿੰਨੇ ਹੀ ਮਨੁੱਖੀ ਰਿਸ਼ਤਿਆਂ ਦੀ ਸਿਰਜਣਾ ਅਤੇ ਪਛਾਣ ਦੇ ਨਿਵੇਕਲੇ ਮੋੜ ਹਨ। ਜਨਮ ਤੋਂ ਬਾਅਦ ਬੱਚਾ ਵਿਸ਼ੇਸ਼ ਰਿਸ਼ਤਾ-ਨਾਤਾ ਪ੍ਰਬੰਧ ਵਿਚ ਵਿਭਿੰਨ ਨਵੇਂ ਰਿਸ਼ਤਿਆਂ ਦੀ ਸਿਰਜਣ ਦਾ ਆਧਾਰ ਬਣਦਾ ਹੈ ਅਤੇ ਇਨ੍ਹਾਂ ਨੂੰ ਪਛਾਣ ਦਾ ਹੈ ਜਿਵੇਂ ਮਾਤਾ ਪਿਤਾ, ਭੈਣ ਭਰਾ ਆਦਿ। ਮੌਤ ਤੋਂ ਪਿੱਛੋਂ ਭਾਵੇਂ ਪਹਿਲੇ ਸਿਰਜੇ ਗਏ ਰਿਸ਼ਤੇ ਵਿਸ਼ੇਸ਼ ਭਾਂਤ ਖ਼ਤਮ ਹੋ ਜਾਂਦੇ ਹਨ, ਪਰ ਪਿੱਛੋਂ ਰਹਿ ਗਏ ਰਿਸ਼ਤੇ ਇਸ ਨਾਲ ਪ੍ਰਭਾਵਿਤ ਜ਼ਰੂਰ ਹੁੰਦੇ ਹਨ। ਨਰ ਅਤੇ ਮਾਦਾ ਦੇ ਪ੍ਰਕਿਰਤਿਕ ਰਿਸ਼ਤੇ ਦਾ ਨਿਸ਼ਚਿਤ ਸਭਿਆਚਾਰਕ ਵਿਧੀ ਵਿਧਾਨ ਅਨੁਕੂਲ ਸਿਰਜਿਤ ਪਤੀ ਪਤਨੀ ਦਾ ਰਿਸ਼ਤਾ ਵਾਸਤਵ ਵਿਚ ਮਰਦ ਇਸਤਰੀ ਜਿਨਸੀ ਸਬੰਧਾਂ ਦਾ ਸਭਿਆਚਾਰੀਕਰਨ ਹੈ; ਜੋ ਅੱਗੋਂ ਮਨੁੱਖ ਦੇ ਪਾਸ਼ਵੀਕਰਨ ਦੇ ਵਿਪਰੀਤ ਮਨੁੱਖੀਕਰਨ ਦਾ ਪਛਾਣ ਚਿੰਨ੍ਹ ਹੈ। ਵਿਆਹ ਪ੍ਰਬੰਧ ਮਨੁੱਖੀ ਸਭਿਆਚਾਰ ਦੀ ਰੰਗੀਨੀ ਦਾ ਮਧੁਰ ਨਾਚ ਹੈ ਭਾਵੇਂ ਵਿਸ਼ੇਸ਼ ਸਭਿਆਚਾਰਕ ਵਿਗਾੜਾਂ ਵਾਂਗ ਵਿਆਹ ਪ੍ਰਬੰਧ ਵੀ ਬੇਸੁਰ ਬੇਤਾਲ ਨਾਚ ਹੀ ਨਹੀਂ ਸਗੋਂ ਕਈ ਵਾਰੀ ਪਾਸ਼ਵਿਕਤਾ ਤੋਂ ਵੀ ਨਿੱਘਰ ਜਾਂਦਾ ਹੈ।

ਉਪਰੋਕਤ ਕਥਨ ਨੂੰ ਵੱਖ ਵੱਖ ਵਿਧਾਵਾਂ ਰਾਹੀ ਸਾਹਿਤਕਾਰ ਆਪਣੇ ਆਪਣੇ ਅਨੁਭਵ ਅਨੁਸਾਰ ਆਪਣੀ ਲੇਖਣੀ ਦਾ ਰੰਗ ਚਾੜ੍ਹ ਕੇ ਪਾਠਕਾਂ ਦੇ ਸਾਹਮਣੇ ਪੇਸ਼ ਕਰਦੇ ਹਨ। ਇਸ ਗੱਲ ਨੂੰ ਬਿਆਨ ਕਰਨ ਲਈ ਨਾਵਲ ਵਿਧਾ ਪੂਰੀ ਤਰ੍ਹਾਂ ਢੁਕਵੀਂ ਹੈ ਕਿਉਂਕਿ ਨਾਵਲ ਹੀ ਇਕ ਅਜਿਹੀ ਵਿਧਾ ਹੈ। ਜਿਸ ਵਿਚ ਸਾਹਿਤਕਾਰ ਆਪਣੀ ਗੱਲ ਨੂੰ ਪੂਰੇ ਵਿਸਥਾਰ ਨਾਲ ਤੇ ਪੂਰੀ ਡੂੰਘਾਈ ਨਾਲ ਪੇਸ਼ ਕਰ ਸਕਦਾ ਹੈ।

ਨਾਵਲਕਾਰ ਇਸ ਵਿਧਾ ਦੇ ਰਾਹੀ ਮਨੁੱਖਤਾ ਨੂੰ ਬਹੁਤ ਸੰਦੇਸ਼ ਦੇ ਸਕਦਾ ਹੈ ਕਿ ਪਰਿਵਾਰ ਤੋਂ ਦੂਰ ਰਹਿ ਕੇ ਮਨੁੱਖ ਦੀ ਕੋਈ ਵੀ ਹੋਂਦ ਨਹੀਂ ਹੁੰਦੀ। ਭਾਰਤੀ ਨਾਵਲ ਦੀ ਬਜਾਏ ਪੱਛਮੀ ਨਾਵਲ ਵਿਚ ਇਸ ਪਰਿਵਾਰਕ ਦੂਰੀ ਜ਼ਿਆਦਾ ਵਿਸਥਾਰ ਨਾਲ ਬਿਆਨ ਕੀਤਾ ਜਾਂਦਾ ਹੈ ਕਿਉਂਕਿ ਪੱਛਮੀ ਸਭਿਆਚਾਰ ਵਿਚ ਪਰਿਵਾਰਕ ਰਿਸ਼ਤਾ ਤੇ ਵਿਆਹ ਪ੍ਰਬੰਧ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ ਹੈ ਇਸ ਦਾ ਪ੍ਰਭਾਵ ਪੱਛਮੀ ਨਾਵਲਾਂ ਵਿਚ ਆਮ ਦੇਖਿਆ ਜਾ ਸਕਦਾ।

ਪੱਛਮੀ ਨਾਵਲ ਵਿਚ ਦਰਸ਼ਨ ਸਿੰਘ ਧੀਰ, ਸਵਰਨ ਚੰਦਨ, ਨਕਸ਼ਦੀਪ ਪੰਜਕੋਹਾ ਭਾਵੇਂ ਕਿ ਵੱਖਰੇ ਵੱਖਰੇ ਦੇਸ਼ਾਂ ਨਾਲ ਸਬੰਧ ਰੱਖਦੇ ਹਨ ਪਰ ਇਨ੍ਹਾਂ ਨੇ ਇਕ ਹੀ ਸਮੱਸਿਆ ਨੂੰ ਵਿਸਥਾਰ ਸਹਿਤ ਬਿਆਨ ਕੀਤਾ ਹੈ ਕਿ ਪੱਛਮ ਵਿਚ

ਪਰਿਵਾਰਕ ਰਿਸ਼ਤਿਆਂ ਦਾ ਕੋਈ ਮੁੱਲ ਨਹੀਂ ਵਿਸਥਾਰ ਸਹਿਤ ਬਿਆਨ ਕੀਤਾ ਹੈ ਕਿ ਪੱਛਮ ਵਿਚ ਪਰਿਵਾਰਕ ਰਿਸ਼ਤਿਆਂ ਦਾ ਕੋਈ ਮੁੱਲ ਨਹੀਂ ਹੈ ਤੇ ਨਾ ਹੀ ਆਪਸੀ ਪਿਆਰ ਤੇ ਸਾਂਝ ਹੈ ਕਿਉਂਕਿ ਉੱਥੋਂ ਦੀ ਜ਼ਿੰਦਗੀ ਇੰਨੀ ਰੁਝੇਵਿਆਂ ਭਰਪੂਰ ਹੈ ਕਿ ਆਪਸੀ ਸਾਂਝ ਬਣਦੀ ਹੀ ਨਹੀਂ ਹੈ ਲੋਕਾਂ ਕੋਲ ਇਕ ਦੂਜੇ ਲਈ ਸਮਾ ਹੀ ਨਹੀਂ ਹੈ ਕਿ ਉਹ ਆਪਣੀ ਰੁਝੇਵਿਆਂ ਭਰਪੂਰ ਜ਼ਿੰਦਗੀ ਵਿਚੋਂ ਕੁਝ ਸਮਾ ਕਿਸੇ ਆਪਣੇ ਮਿੱਤਰ ਜਾਂ ਆਪਣੇ ਪਰਿਵਾਰ ਜਾਂ ਸਾਕ ਸਬੰਧੀ ਲਈ ਕੱਢ ਸਕੇ ਤੇ ਉਨ੍ਹਾਂ ਨਾਲ ਗੱਲ ਕਰ ਸਕੇ। ਇਸੇ ਰੁਝੇਵਿਆਂ ਭਰੀ ਜ਼ਿੰਦਗੀ ਨੇ ਮਨੁੱਖ ਨੂੰ ਮਨੁੱਖ ਤੋਂ ਦੂਰ ਕਰ ਦਿੱਤਾ ਹੈ ਫਿਰ ਚਾਹੇ ਉਸ ਪਤੀ ਪਤਨੀ ਹੋਵੇ, ਭੈਣ ਭਰਾ, ਮਾਤਾ ਪਿਤਾ ਜਾਂ ਕੋਈ ਹੋਰ ਨੇੜੇ ਦਾ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਹੋਵੇ ਕੋਈ ਵੀ ਇਸੇ ਨੂੰ ਬਿਨਾ ਮਤਲਬ ਦੇ ਨਹੀਂ ਸਬੰਧ ਰੱਖਦਾ। ਇਸ ਦੇ ਕਾਰਨ ਹੀ ਰਿਸ਼ਤੇ ਦੇ ਸਰੂਪ ਬਦਲ ਰਹੇ ਹਨ ਤੇ ਉਨ੍ਹਾਂ ਦਾ ਆਪਸ ਵਿਚ ਮੋਹ ਪਿਆਰ ਟੁੱਟਦਾ ਜਾਂ ਰਿਹਾ ਪਰ ਅਜਿਹਾ ਕਹਿਣਾ ਵੀ ਕੋਈ ਗ਼ਲਤ ਨਹੀਂ ਹੈ ਕੇ ਖ਼ਤਮ ਹੀ ਹੁੰਦਾ ਜਾ ਰਿਹਾ ਹੈ। ਜਿਸ ਕਾਰਨ ਪਾਰਟਨਰਸ਼ਿਪ ਵਿਚ ਲਗਾਤਾਰ ਵਾਧਾ ਹੁੰਦਾ ਜਾਂ ਰਿਹਾ। ਇਸ ਗੱਲ ਨੂੰ ਸਾਬਤ ਕਰਨ ਲਈ ਦਰਸ਼ਨ ਸਿੰਘ ਧੀਰ ਦਾ ਨਾਵਲ ਪੈੜਾਂ ਦੇ ਆਰ ਪਾਰ ਨੂੰ ਦੇਖਿਆ ਜਾ ਸਕਦਾ ਹੈ। ਜਿਸ ਵਿਚ ਪਾਰਟਨਰਸ਼ਿਪ ਦੇ ਕਾਰਨ ਉਸ ਦੀ ਮੁੱਖ ਪਾਤਰ ਨਵਜੋਤ ਆਪਣੀ ਸਾਰੀ ਜ਼ਿੰਦਗੀ ਇਕੱਲੀ ਬਿਤਾਉਂਦੀ ਹੈ ਕਿਉਂਕਿ ਉਹ ਵਿਆਹ ਨੂੰ ਇਕ ਅਜਿਹਾ ਬੰਧਨ ਮੰਨਦੀ ਹੈ ਜਿਸ ਵਿਚ ਰਹਿ ਕੇ ਔਰਤ ਦੀ ਅਜ਼ਾਦੀ ਹੀ ਖ਼ਤਮ ਹੋ ਜਾਂਦੀ ਹੈ ਤੇ ਪਾਰਟਨਰਸ਼ਿਪ ਉਸ ਨੂੰ ਬਿਲਕੁਲ ਵੀ ਮਾੜੀ ਨਹੀਂ ਲੱਗਦੀ। ਤਲਵਿੰਦਰ ਜੋ ਕਿ ਘਰਦਿਆਂ ਨੇ ਆਪਣੀ ਮਰਜ਼ੀ ਨਾਲ ਉਸ ਲਈ ਚੁਣਿਆ ਹੁੰਦਾ ਹੈ ਉਹ ਉਸ ਨੂੰ ਪਹਿਲੀ ਮੁਲਾਕਾਤ ਵਿਚ ਕਹਿ ਦਿੰਦੀ ਹੈ ਕਿ ਉਸ ਨੇ ਉਸ ਨਾਲ ਵਿਆਹ ਨਹੀਂ ਕਰਾਉਣਾ ਪਰ ਉਸ ਨੂੰ ਤਲਵਿੰਦਰ ਨੂੰ ਫਰੈਂਡ ਬਣਾਉਣ ਵਿਚ ਕੋਈ ਪਰ ਪ੍ਰੇਸ਼ਾਨੀ ਨਹੀਂ ਹੈ ਪਰ ਹੋਲੀ ਹੋਲੀ ਉਸ ਦੀ ਦੋਸਤੀ ਪਾਰਟਨਰਸ਼ਿਪ ਵਿਚ ਬਦਲ ਜਾਂਦੀ ਹੈ। ਜਿਸ ਕਾਰਨ ਉਸ ਦੀ ਜ਼ਿੰਦਗੀ ਹੀ ਬਦਲ ਜਾਂਦੀ ਹੈ ਕਿਉਂਕਿ ਉਹ ਤਲਵਿੰਦਰ ਨਾਲ ਰਹਿਣ ਤੋਂ ਪਹਿਲਾ ਜਾਹਨ ਕੀਥ ਨਾਮ ਦੇ ਗੋਰੇ ਫਰੈਂਡ ਨਾਲ ਵੀ ਰਹਿ ਚੁੱਕੀ ਹੈ। ਜਿਸ ਦੇ ਕਾਰਨ ਉਸ ਦੇ ਤੇ ਤਲਵਿੰਦਰ ਦੇ ਵਿਚ ਤਣਾਓ ਆ ਜਾਂਦਾ ਹੈ ਤੇ ਉਨ੍ਹਾਂ ਦਾ ਰਿਸ਼ਤਾ ਖ਼ਤਮ ਹੋ ਜਾਂਦਾ ਹੈ ਪਰ ਇਸ ਦੌਰਾਨ ਗਰਭਵਤੀ ਹੋ ਜਾਂਦੀ ਹੈ ਤੇ ਤਲਵਿੰਦਰ ਅੰਦਰੋਂ ਮੰਨਦਾ ਹੋਇਆ ਵੀ ਇਹ ਨਹੀਂ ਮੰਨਦਾ ਕਿ ਉਸ ਬੱਚਾ ਉਸ ਦਾ ਹੈ। ਤਲਵਿੰਦਰ ਤੋਂ ਬਾਅਦ ਉਹ ਆਪਣੇ ਪੁਰਾਣੇ ਪ੍ਰੇਮੀ ਕੋਲ ਵਾਪਸ ਚਲੀ ਜਾਂਦੀ ਹੈ ਤੇ ਉਸ ਨਾਲ ਰਹਿੰਦੀ ਹੈ ਪਰ ਵਿਆਹ ਉਸ ਨਾਲ ਵੀ ਨਹੀਂ ਕਰਾਉਂਦੀ ਤੇ ਉਸ ਦੇ ਬੱਚੇ ਨੂੰ ਜਨਮ ਵੀ ਦਿੰਦੀ ਹੈ। ਉਸ ਦਾ ਬੱਚਾ ਭਾਰਤੀ ਅਤੇ ਪੱਛਮੀ ਸਭਿਆਚਾਰ ਦੀ ਰਲ਼ੀ ਮਿਲੀ ਔਲਾਦ ਬਣ ਕੇ ਹੀ ਰਹਿ ਜਾਂਦਾ ਹੈ ਤੇ ਉਸ ਦੇ ਪਰਿਵਾਰ ਨੇ ਵੀ ਉਸ ਨਾਲ ਸਾਰੇ ਸਬੰਧ ਤੋੜ ਲਏ ਸਨ ਕਿਉਂਕਿ ਭਾਰਤੀ ਸਭਿਆਚਾਰ ਇਕ ਕੁੜੀ ਨੂੰ ਕਿਸੇ ਮੁੰਡੇ ਨਾਲ ਬਿਨਾ ਵਿਆਹ ਦੇ ਨਾਲ ਰਹਿਣ ਜਾਂ ਪਤੀ ਪਤਨੀ ਵਾਲੇ ਸਬੰਧ ਬਣਾਉਣ ਦੀ ਆਗਿਆ ਨਹੀਂ ਦਿੰਦਾ। ਪਰ ਇਸ ਸਥਾਪਤ ਕੀਤੇ ਸਬੰਧਾਂ ਦਾ ਨਤੀਜਾ ਉਸ ਸਾਂਝੀ ਜਾਤੀ ਤੋਂ ਪੈਦਾ ਹੋਈ ਔਲਾਦ ਨੂੰ ਭੁਗਤਣੇ ਪੈਂਦੇ ਹਨ। ਜਾਂ ਇਸ ਤਰ੍ਹਾਂ ਕਿਹਾ ਜਾਂ ਸਕਦਾ ਹੈ ਕਿ ਉਨ੍ਹਾਂ ਦੇ ਕੀਤੇ ਕੁਕਰਮਾਂ ਦੇ ਮਾੜੇ ਨਤੀਜੇ ਉਨ੍ਹਾਂ ਦੀ ਆਉਣ ਵਾਲੀ ਪੀੜ੍ਹੀ ਜਾਂ ਨਸਲ ਨੂੰ ਭੁਗਤਣੇ ਪੈਂਦੇ ਹਨ। ਇਸ ਵਿਚ ਨਵਜੋਤ ਅਤੇ ਤਲਵਿੰਦਰ ਦੋਨੋਂ ਹੀ ਗੈਰ ਸਭਿਅਕ ਰਿਸ਼ਤਿਆਂ ਦੀ ਅੱਗ ਨੂੰ ਸੇਕਦੇ ਹਨ।

ਇਸੇ ਤਰ੍ਹਾਂ ਹੀ ਗਿਰਵੀ ਹੋਏ ਮਨ ਵਿਚ ਪੰਜਕੋਹਾ ਨੇ ਸੰਸਾਰ ਅਤੇ ਡੋਰਥੀ ਦੇ ਸਬੰਧਾਂ ਨੂੰ ਬਹੁਤ ਹੀ ਬਰੀਕੀ ਨਾਲ ਪੇਸ਼ ਕਰਦੇ ਹੋਏ ਦਰਸਾਇਆ ਹੈ ਕਿ ਇਹ ਦੋਵੇਂ ਗੈਰ ਸਭਿਅਕ ਰਿਸ਼ਤਿਆਂ ਨੂੰ ਭੋਗਦੇ ਹੋਏ ਸਭਿਅਕ ਰਿਸ਼ਤੇ ਵਿਚ ਬੰਨ੍ਹ ਜਾਣ ਦੇ ਬਾਵਜੂਦ ਵੀ ਛੋਟੀ ਜਿਹੀ ਗੱਲ ਤੇ ਆਪਣਾ ਬਣਿਆ ਬਣਾਇਆ ਰਿਸ਼ਤਾ ਆਪਣੇ ਹੱਥੀ ਆਪ ਹੀ ਖ਼ਰਾਬ ਕਰਕੇ ਆਪਣੇ ਬੱਚੇ ਦਾ ਭਵਿੱਖ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਸੌਂਪ ਦਿੰਦੇ ਹਨ। ਜਿਨ੍ਹਾਂ ਦਾ ਆਪਣਾ ਕੋਈ ਥਾਂ ਟਿਕਾਣਾ ਨਹੀਂ ਹੁੰਦਾ।

ਇਨ੍ਹਾਂ ਦੋਹਾਂ ਨਾਵਲਾਂ ਵਿਚ ਹਰ ਰਿਸ਼ਤਾ ਕਿਸੇ ਨਾ ਕਿਸੇ ਥਾਂ ਆ ਕੇ ਰੁਕ ਜਾਂਦਾ ਹੈ ਪਰ ਸਵਰਨ ਚੰਦਨ ਦਾ ਨਾਵਲ ਕੰਜਕਾਂ ਤਾ ਹਰ ਬੰਧਨ ਨੂੰ ਤੋੜ ਕੇ ਬਹੁਤ ਅੱਗੇ ਲੰਘ ਜਾਂਦਾ ਹੈ ਜਿਸ ਵਿਚ ਅਣੂ ਬਿਨਾਂ ਕਿਸੇ ਦੀ ਪ੍ਰਵਾਹ ਕੀਤਿਆਂ ਆਪਣੀ ਜ਼ਿੰਦਗੀ ਦੇ ਨਾਲ ਨਾਲ ਆਪਣੇ ਮਾਂ ਬਾਪ ਦੀ ਜ਼ਿੰਦਗੀ ਵੀ ਰੋਲ ਦਿੰਦੀ ਹੈ। ਜਿਸ ਕਾਰਨ ਉਹ ਭਾਰਤੀ ਅਤੇ ਪੱਛਮੀ ਦੋਨੋਂ ਸੱਭਿਆਚਾਰਾਂ ਵਿਚੋਂ ਦੁਰਕਾਰੀ ਜਾਂਦੀ ਹੈ।

## ਪੂਰਵ ਖੋਜ ਕਾਰਜ

ਬਰਤਾਨਵੀ ਪੰਜਾਬੀ ਨਾਵਲ: ਰਿਸ਼ਤਿਆਂ ਦੇ ਬਦਲਦੇ ਸਰੂਪ-ਇਹ ਜਗਦੀਪ ਸਿੰਘ ਦੀ 2003 ਵਿਚ ਪ੍ਰਕਾਸ਼ਿਤ ਹੋਈ ਆਲੋਚਾਨਤਮਕ ਪੁਸਤਕ ਹੈ। ਇਸ ਪੁਸਤਕ ਵਿਚ ਔਰਤ-ਮਰਦ ਦੇ ਆਪਸੀ ਸੰਬੰਧਾਂ ਬਾਰੇ ਚਰਚਾ ਕੀਤੀ ਗਈ ਅਤੇ ਨਾਲ ਹੀ ਇਨ੍ਹਾਂ ਸਬੰਧਾਂ ਵਿਚ ਆ ਰਾਹੀਆਂ ਵਿਆਪਕ ਤਬਦੀਲੀਆਂ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ।

ਹਰਮਿੰਦਰ ਸਿੰਘ, ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਔਰਤ-ਮਰਦ ਸੰਬੰਧ, ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ 1989-ਇਸ ਵਿਚ ਰਾਮ ਸਰੂਪ ਅਣਖੀ ਦਾ ਉਸ ਦੇ ਸਮਕਾਲੀ ਨਾਵਲਕਾਰਾਂ ਦੇ ਸਮਾਨੰਤਰ ਪੰਜਾਬੀ ਨਾਵਲ ਪਰੰਪਰਾ ਵਿਚ ਸਥਾਨ ਨਿਸ਼ਚਿਤ ਕਰਦੇ ਹੋਏ, ਕਬੀਲਾ ਯੁੱਗ, ਗ਼ੁਲਾਮੀ ਯੁੱਗ, ਜਾਗੀਰਦਾਰੀ ਯੁੱਗ, ਸਰਮਾਏਦਾਰੀ ਯੁੱਗ ਵਿਚ ਮਿਲਦੇ ਔਰਤ-ਮਰਦ ਸੰਬੰਧਾਂ ਦੇ ਵਿਭਿੰਨ ਪੈਟਰਨਾਂ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਜਾਇਜ਼ ਨਜਾਇਜ਼ ਸੰਬੰਧਾਂ ਨੂੰ ਵੱਖ ਵੱਖ ਪੱਖਾ ਤੋਂ ਪ੍ਰਗਟਾਇਆ ਗਿਆ ਹੈ।

ਜਗਦੀਪ ਕੌਰ, ਬਲਵਿੰਦਰ ਕੌਰ ਬਰਾੜ ਦੀਆਂ ਕਹਾਣੀਆਂ ਵਿਚ ਔਰਤ-ਮਰਦ ਸਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2002-ਇਸ ਖੋਜ-ਪ੍ਰਬੰਧ ਵਿਚ ਬਲਵਿੰਦਰ ਕੌਰ ਬਰਾੜ ਦੇ ਜੀਵਨ ਅਤੇ ਰਚਨਾ ਦੀ ਜਾਣਕਾਰੀ ਦਿੰਦੇ ਹੋਏ ਆਦਿ ਸਮਾਜ ਤੋਂ ਲੈ ਕੇ ਵਰਤਮਾਨ ਯੁੱਗ ਤਕ ਮਰਦ ਔਰਤ ਸੰਬੰਧਾਂ ਦੇ ਇਤਿਹਾਸਕ ਪ੍ਰਸੰਗ ਨੂੰ ਬਦਲੀਆਂ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਉਸਾਰਿਆ ਗਿਆ ਹੈ। ਇਸ ਤੋਂ ਇਲਾਵਾ ਮਰਦ ਦੁਆਰਾ ਔਰਤ ਦਾ ਕੀਤਾ ਜਾ ਰਿਹਾ ਸ਼ੋਸ਼ਣ, ਮਰਦ ਦੀ ਅਧੀਨਗੀ ਤੋਂ ਮੁਕਤੀ ਅਤੇ ਸਵੈ ਨਿਰਭਰਤਾ ਦੀ ਤਲਾਸ਼ ਕਰਦੀ ਔਰਤ ਆਦਿ ਵੱਖ ਵੱਖ ਪਹਿਲੂਆਂ ਤੇ ਚਰਚਾ ਕੀਤੀ ਗਈ ਹੈ।

ਸੁਖਵਿੰਦਰ ਕੌਰ ਮੱਲ੍ਹੀ, ਰਵਿੰਦਰ ਰਵੀ ਦੇ ਕਾਵਿ ਵਿਚ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਪਾਸਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 2001-ਇਸ ਵਿਚ ਰਵਿੰਦਰ ਰਵੀ ਦੇ ਬਾਰੇ ਜਾਣਕਾਰੀ ਦਿੰਦੇ ਹੋਇਆ ਮਾਨਵੀ ਰਿਸ਼ਤਿਆਂ ਦੇ ਸਿਧਾਂਤਕ ਪਰਿਪੇਖ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਮਾਨਵੀ ਰਿਸ਼ਤਿਆਂ ਦੇ ਆਧਾਰ ਕੀ ਹਨ ਨੂੰ ਬਿਆਨ ਕੀਤਾ ਗਿਆ ਹੈ।

ਹਰਦੀਪ ਕੌਰ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਅਤੇ ਅਜੀਤ ਕੌਰ ਦੀਆ ਕਹਾਣੀਆਂ ਵਿਚ ਔਰਤ-ਮਰਦ ਸੰਬੰਧ: ਤੁਲਨਾਤਮਿਕ ਅਧਿਐਨ-ਇਸ ਵਿਚ ਤੁਲਨਾਤਮਿਕ ਅਧਿਐਨ ਨੂੰ ਆਧਾਰ ਬਣਾ ਕੇ ਵਿਭਿੰਨ ਸੰਬੰਧਾਂ ਜਿਵੇਂ ਸਭਿਆਚਾਰਕ ਅਤੇ ਗੈਰ ਸਭਿਆਚਾਰਕ ਰਿਸ਼ਤਿਆਂ ਨੂੰ ਪਰਖਿਆ ਹੈ, ਇਸ ਤੋਂ ਇਲਾਵਾ ਨਾਰੀ ਚੇਤਨਾ ਦੀ ਗੱਲ ਵੀ ਵਿਸਥਾਰ ਨਾਲ ਕੀਤੀ ਗਈ ਹੈ।

ਸੁਖਵਿੰਦਰ ਕੌਰ, ਕਰਤਾਰ ਸਿੰਘ ਦੁੱਗਲ ਦੇ ਨਾਵਲਾਂ ਵਿਚ ਮਾਨਵੀ ਰਿਸ਼ਤੇ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1998-ਇਸ ਵਿਚ ਔਰਤ-ਮਰਦ ਦੇ ਸਬੰਧਾਂ ਨੂੰ ਸਿਧਾਂਤਕ ਪੱਖ ਤੋਂ ਵਿਚਾਰ ਕਰਦਿਆਂ ਸਮਾਜ-ਸ਼ਾਸਤਰੀ ਅਤੇ ਸੰਰਚਨਾਵਾਦੀ ਸਮੀਖਿਆ ਪ੍ਰਣਾਲੀ ਦੀ ਚਰਚਾ ਕਰਦੇ ਹੋਏ ਇਨ੍ਹਾਂ ਦੇ ਸੰਬੰਧਾਂ ਦਾ ਅਧਿਐਨ ਵੱਖ-ਵੱਖ ਪੜਾਵਾਂ ਜਿਵੇਂ ਜੰਗਲੀ ਸਮਾਜ, ਜਹਾਲਤ ਦਾ ਸਮਾਜ ਤੇ ਸੱਭਿਆ ਸਮਾਜ ਦੇ ਅਧਿਐਨ ਰਾਹੀਂ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅਜੋਕੀ ਸਥਿਤੀ ਵਿਚ ਇਨ੍ਹਾਂ ਸੰਬੰਧਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ ਦੀ ਪਛਾਣ ਕੀਤੀ ਗਈ ਹੈ। ਵਿਸ਼ੇਸ਼ ਕਰਕੇ ਆਰਥਿਕਤਾ ਦੇ ਕਾਰਨ ਟੁੱਟਦੇ ਰਿਸ਼ਤਿਆਂ ਬਾਰੇ।

ਜਸਵੰਤ ਸਿੰਘ, ਪੰਜਾਬੀ ਨਾਟਕ ਵਿਚ ਨਰ ਨਾਰੀ ਸੰਬੰਧ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 1998-ਇਸ ਵਿਚ ਨਰ ਨਾਰੀ ਸੰਬੰਧ: ਸਿਧਾਂਤਕ ਪਰਿਪੇਖ ਦੇ ਅੰਤਰਗਤ ਇਨ੍ਹਾਂ ਸੰਬੰਧਾਂ ਨੂੰ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ ਵਿਚ ਵਿਚਾਰਿਆ ਗਿਆ ਹੈ। ਇਸ ਵਿਚ ਨਰ ਨਾਰੀ ਸੰਬੰਧਾਂ ਨੂੰ ਇਤਿਹਾਸਕ, ਮਿਥਿਹਾਸਿਕ, ਦਾਰਸ਼ਨਿਕ ਧਾਰਮਿਕ, ਮਨੋਵਿਗਿਆਨਕ ਉੱਤੇ ਸਮਾਜ ਸੰਦਰਭਾਂ ਵਿਚ ਵਿਚਾਰਿਆ ਗਿਆ ਹੈ। ਇਸ ਵਿਚ ਇਨ੍ਹਾਂ ਸੰਬੰਧਾਂ ਨੂੰ ਤਿੰਨ ਭਾਂਗਾ ਵਿਚ ਵਾਚਿਆ ਗਿਆ ਹੈ। ਨਰ ਨਾਰੀ ਵਿਆਹ ਤੋਂ ਪਹਿਲਾ ਦੇ ਸੰਬੰਧ, ਵਿਆਹ ਸੰਬੰਧ ਤੇ ਵਿਆਹ ਤੋਂ ਭਾਵ ਵਿਆਹੁਤਾ ਜੀਵਨ ਤੋਂ ਬਾਹਰਲੇ ਸੰਬੰਧ ਨੂੰ ਵਾਚਦਿਆਂ ਇਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ ਦਾ ਵਰਣਨ ਵੀ ਕੀਤਾ ਗਿਆ ਹੈ।

ਡਾ. ਅਕਾਲ ਅੰਮ੍ਰਿਤ ਕੌਰ, ਪਰਵਾਸੀ ਪੰਜਾਬੀ ਨਾਵਲ ਦਾ ਇਤਿਹਾਸ (ਆਲੋਚਨਾ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ-ਇਸ ਕਿਤਾਬ ਵਿਚ ਪਰਵਾਸੀ ਨਾਵਲ ਦਾ ਇਤਿਹਾਸ, ਪਰਿਭਾਸ਼ਾ ਉਸ ਦੇ ਤੱਤ ਤੇ ਪ੍ਰਕਿਰਤੀ ਬਾਰੇ ਵਿਸਥਾਰ ਨਾਲ ਬਿਆਨ ਕੀਤਾ ਹੈ।

### ਵਿਸ਼ੇ ਦੀ ਚੋਣ

ਇਸ ਵਿਸ਼ੇ ਦੀ ਚੋਣ ਦਾ ਕਾਰਨ ਇਹ ਹੈ ਕਿ ਅਜੋਕੇ ਸਮਾਜ ਵਿਚ ਔਰਤ ਅਤੇ ਮਰਦ ਦੇ ਸੰਬੰਧਾਂ ਦਾ ਰੂਪ ਬਹੁਤ ਬਦਲ ਰਿਹਾ ਹੈ ਜਿਸ ਦੇ ਅਨੇਕਾਂ ਕਾਰਨ ਹਨ ਅਤੇ ਰਿਸ਼ਤਿਆਂ ਵਿਚ ਆ ਰਹੀਆਂ ਇਨ੍ਹਾਂ ਤਬਦੀਲੀਆਂ ਦਾ ਸਮਾਜ ਵਿਚ ਬਹੁਤ ਹੀ ਮਹੱਤਵ ਹੈ ਅਤੇ ਸਮਾਜ ਵਿਚ ਔਰਤ-ਮਰਦ ਸਬੰਧਾਂ ਦੀਆਂ ਨਵੀਆਂ ਸਮੀਕਰਨਾਂ ਪੈਦਾ ਹੋ ਰਹੀਆਂ ਹਨ। ਇਨ੍ਹਾਂ ਸੰਬੰਧਾਂ ਵਿਚਲੀਆਂ ਇਨ੍ਹਾਂ ਤਬਦੀਲੀਆਂ ਨੂੰ ਨਾਵਲ ਵਰਗਾ ਸਮਰੱਥ ਰੂਪ ਹੀ ਸਹੀ ਢੰਗ ਨਾਲ ਬਿਆਨ ਕਰ ਸਕਦਾ ਹੈ ਸੋ ਮੈਂ ਆਪਣੇ ਖੋਜ ਕਾਰਜ ਲਈ ਪਰਵਾਸੀ ਪੰਜਾਬੀ ਨਾਵਲ, ਜੋ ਇਸ ਸਮੇਂ ਪੰਜਾਬੀ ਦੇ ਮੁੱਖ ਧਾਰਾ ਦੇ ਨਾਵਲ ਨਾਲ ਬਰ ਮੇਚ ਕੇ ਤੁਰ ਰਿਹਾ ਹੈ, ਨੂੰ ਆਪਣੇ ਅਧਿਐਨ ਦਾ ਕੇਂਦਰ ਮਿਥਿਆ ਹੈ।

### ਵਿਸ਼ੇ ਦੀ ਸਾਰਥਿਕਤਾ

ਇਸ ਵਿਸ਼ੇ ਦੀ ਸਾਰਥਿਕਤਾ ਇਸ ਗੱਲ ਵਿਚ ਹੈ ਕਿ ਇਹ ਕਿੰਨੀ ਵੱਡੀ ਮੂਲ ਸਮੱਸਿਆ ਨੂੰ ਆਧਾਰ ਬਣਾ ਰਿਹਾ ਹੈ ਕਿਉਂਕਿ ਟੁੱਟ ਰਹੇ ਰਿਸ਼ਤੇ ਸਮਾਜ ਲਈ ਖ਼ਤਰਾ ਬਣਦੇ ਜਾ ਰਹੇ ਹਨ। ਇਨ੍ਹਾਂ ਰਿਸ਼ਤਿਆਂ ਨੂੰ ਬਚਾਉਣ ਵਿਚ ਇਹ ਖੋਜ ਕਾਰਜ ਅਹਿਮ ਭੂਮਿਕਾ ਨਿਭਾਵੇਗਾ ਕਿਉਂਕਿ ਭਾਵੇਂ ਕਿ ਇਸ ਵਿਸ਼ੇ ਤੇ ਪਹਿਲਾ ਵੀ ਕੰਮ ਹੋ ਚੁੱਕਾ ਹੈ ਪਰ ਉਸ ਕੰਮ ਵਿਚ ਬਹੁਤ ਗੈਬ ਪੈ ਗਿਆ ਹੈ। ਜਿਸ ਨੂੰ ਇਸ ਖੋਜ ਕਾਰਜ ਰਾਹੀ ਪੂਰਾ ਕਰਨ ਦਾ ਟੀਚਾ ਮਿਥਿਆ ਗਿਆ ਹੈ।

## ਉਦੇਸ਼

ਹਰ ਕੰਮ ਨੂੰ ਕਰਨ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ ਬਿਨਾਂ ਉਦੇਸ਼ ਦੇ ਕੋਈ ਵੀ ਕੰਮ ਨਹੀਂ ਕੀਤਾ ਜਾ ਸਕਦਾ। ਜੇਕਰ ਉਦੇਸ਼ ਹੀ ਨਹੀਂ ਹੋਵੇਗਾ ਤਾਂ ਕੰਮ ਸਾਰਥਿਕ ਨਹੀਂ ਹੋਵੇਗਾ।

ਸਭਿਅਕ ਅਤੇ ਗੈਰ-ਸਭਿਅਕ ਰਿਸ਼ਤਿਆਂ ਵਿਚਕਾਰ ਅੰਤਰ ਸਪਸ਼ਟ ਕਰਨਾ।

ਨਾਵਲਾਂ ਵਿਚ ਪ੍ਰਸਤੁਤ ਔਰਤ-ਮਰਦ ਸੰਬੰਧਾਂ ਵਿਚ ਆ ਰਹੀਆਂ ਤਬਦੀਲੀਆਂ ਦਾ ਮੁਲਾਂਕਣ ਕਰਨਾ।

ਔਰਤ-ਮਰਦ ਸਬੰਧਾਂ ਵਿਚ ਆਰਥਿਕਤਾ ਦਾ ਮਹੱਤਵ ਸਪਸ਼ਟ ਕਰਨਾ।

ਔਰਤ-ਮਰਦ ਸਬੰਧਾਂ ਵਿਚ ਆਧੁਨਿਕਤਾ ਅਤੇ ਪੱਛਮੀ ਸਭਿਆਚਾਰ ਦਾ ਪ੍ਰਭਾਵ ਸਪਸ਼ਟ ਕਰਨਾ।

## ਖੋਜ ਵਿਧੀਆਂ

ਮਨੋਵਿਗਿਆਨਿਕ ਵਿਧੀ:-

ਮਨੋਵਿਗਿਆਨ ਉਹ ਵਿਗਿਆਨ ਹੈ, ਜੋ ਮਨੁੱਖੀ ਮਨ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਦੀ ਹੋਂਦ ਸਰੀਰ ਵਿੱਚ ਹੀ ਸੰਭਵ ਹੈ। ਇਸ ਲਈ ਇਸ ਦਾ ਅਧਿਐਨ ਖੇਤਰ ਵੀ ਮਨੁੱਖੀ ਮਨ ਅਤੇ ਮਨੁੱਖੀ ਸਰੀਰ ਨਾਲ ਹੈ। ਮਨ ਤੋਂ ਭਾਵ ਮਾਨਸਿਕਤਾ ਤੋਂ ਹੈ। ਮਨੁੱਖੀ ਮਨ ਦਾ ਕੋਈ ਹਿੱਸਾ ਸੁਚੇਤ, ਅਰਧ ਸੁਚੇਤ ਜਾਂ ਅਵਚੇਤਨ ਜਦੋਂ ਕਿਸੇ ਵਿਸ਼ੇਸ਼ ਦਿਸ਼ਾ ਵੱਲ ਯਾਤਰਾ ਕਰਦਾ ਹੈ ਤਾਂ ਉਸ ਵਿੱਚੋਂ ਉਪਜੀਆਂ ਬਿਰਤੀਆਂ ਨੂੰ ਮਾਨਸਿਕਤਾ ਕਿਹਾ ਜਾਂਦਾ ਹੈ। ਮਨੋਵਿਗਿਆਨ ਮਨੁੱਖੀ ਵਿਵਹਾਰ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਬਹੁਤ ਗੁੰਝਲਦਾਰ ਹੈ। ਗੁੰਝਲਦਾਰ ਮਨ ਗੁੰਝਲਦਾਰ ਵਿਵਹਾਰ ਦਾ ਕਾਰਨ ਬਣਦਾ ਹੈ। ਮਨੁੱਖੀ ਮਨ ਵਿੱਚ ਸਭ ਤੋਂ ਵੱਧ ਉਲਝਣਾ ਉਹ ਅਨੁਭਵ ਆਉਂਦੇ ਹਨ ਜਿਨ੍ਹਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਵਿੱਚ ਸਭ ਤੋਂ ਵੱਧ ਝਿਜਕ ਹੁੰਦੀ ਹੈ। ਮਨੋਵਿਗਿਆਨ ਦਾ ਮੋਢੀ ਸਿਗਮੰਡ ਫਰਾਇਡ ਹੈ। ਇਸ ਪਿੱਛੋਂ ਯੁੰਗ ਅਤੇ ਐਡਲਰ ਨੇ ਇਸ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਫਰਾਇਡ ਅਨੁਸਾਰ ਮਨੁੱਖੀ ਸਰੀਰ ਵਾਂਗ ਮਨੁੱਖੀ ਮਨ ਵੀ ਬਿਮਾਰ ਹੋ ਜਾਂਦਾ ਹੈ। ਬਿਮਾਰ ਮਨ ਬਿਮਾਰ ਮਾਨਸਿਕਤਾ ਦੀ ਸਿਰਜਣਾ ਕਰਦਾ ਹੈ। ਮਨੁੱਖ ਦੀਆਂ ਖ਼ਾਹਿਸ਼ਾਂ ਅਤੇ ਬਾਹਰੀ ਸਮਾਜ ਦੇ ਵਿਚਕਾਰ ਵਿਰੋਧ ਹੈ। ਸਮਾਜ ਦੇ ਵਿਰੋਧ ਦੇ ਬਾਵਜੂਦ ਇਹ ਦੱਬੀਆਂ-ਘੁੱਟੀਆਂ ਖ਼ਾਹਿਸ਼ਾਂ ਕਦੀ-ਕਦੀ ਜਦੋਂ ਪੂਰਤੀ ਲਈ ਸਿਰ ਚੁੱਕਦੀਆਂ ਹਨ ਤਾਂ ਮਾਨਸਿਕ ਤਣਾਅ ਜਾਂ ਉਲਝਣਾਂ ਨੂੰ ਸੁਲਝਾਉਣ ਲਈ ਜਿਹੜੀ ਵਿਧੀ ਵਰਤੀ ਜਾਂਦੀ ਹੈ ਉਸ ਨੂੰ ਮਨੋਵਿਗਿਆਨੀ ਵਿਧੀ ਕਿਹਾ ਜਾਂਦਾ ਹੈ।

"ਫ਼ਰਾਇਡ ਨੇ ਆਪਣੇ ਮਨੋਵਿਸ਼ਲੇਸ਼ਣ ਰਾਹੀਂ ਜੋ ਪਰੀਖਣ ਕੀਤੇ ਹਨ ਉਨ੍ਹਾਂ ਨੂੰ ਨਿਮਨ ਲਿਖਤ ਭਾਗਾਂ ਵਿੱਚ ਵੰਡ ਕੇ ਉਸ ਦੇ ਸਿਧਾਂਤ ਅਤੇ ਵਿਧੀਆਂ ਨੂੰ ਸਮਝ ਸਕਦੇ ਹਾਂ।

1.ਮਨ ਦੇ ਤਿੰਨ ਭਾਗ: ਇਡ (id), ਅਹੰ, ਨੈਤਿਕ ਮਨ (ego super ego)

2.ਅਵਚੇਤਨ ਮਨ

3.ਕਾਮ ਸ਼ਕਤੀ

4.ਈਡੀਪਸ ਗ੍ਰੰਥੀ ਅਤੇ ਇਲੈਕਟਰਾ ਗ੍ਰੰਥੀ

5. ਜੀਵਨ ਅਤੇ ਮਰਨ ਦੀ ਪ੍ਰਵਿਰਤੀ"

## ਸਮਾਜ ਸ਼ਾਸਤਰੀ ਵਿਧੀ:-

ਇਸ ਵਿੱਚ ਕਿਸੇ ਵੀ ਰਚਨਾ ਨੂੰ ਸਮਾਜਿਕ ਪਰਿਪੇਖ ਵਿੱਚ ਰੱਖ ਕੇ ਵੇਖਿਆ ਜਾਂਦਾ ਹੈ। ਇਸ ਵਿੱਚ ਜੋ ਸਾਡੇ ਸਾਹਮਣੇ ਵਾਪਰਦਾ ਹੈ ਜਾਂ ਜਿਸ ਪ੍ਰਕਾਰ ਦਾ ਸਮਾਜ ਰਚਨਾਵਾਂ ਵਿੱਚ ਵਿਖਾਇਆ ਜਾਂਦਾ ਹੈ ਉਸੇ ਦਾ ਹੀ ਸਿੱਧਾ ਸਿੱਧਾ ਅਧਿਐਨ ਕਰਨਾ ਹੁੰਦਾ ਹੈ। ਇਸ ਖੋਜ ਪ੍ਰਬੰਧ ਵਿੱਚ ਇਹ ਵਿਧੀ ਲਾਗੂ ਹੁੰਦੀ ਹੈ ਕਿਉਂਕਿ ਸਾਹਿਤ ਦੀ ਕੋਈ ਵੀ ਰਚਨਾ ਸਮਾਜ ਤੋ

ਵੱਖ ਨਹੀਂ ਹੋ ਸਕਦੀ ਅਤੇ ਜਗਤਾਰ ਨੇ ਵੀ ਸਮਾਜ ਦੀਆਂ ਹੀ ਵੱਖ-ਵੱਖ ਸਥਿਤੀਆਂ ਨੂੰ ਸਾਹਮਣੇ ਲੈ ਕੇ ਆਉਣ ਦੀ ਕੋਸ਼ਿਸ਼ ਕੀਤੀ ਹੈ।

ਸੰਭਾਵਿਤ ਨਤੀਜੇ

ਸਭਿਅਕ ਅਤੇ ਗੈਰ-ਸਭਿਅਕ ਰਿਸ਼ਤਿਆਂ ਨੂੰ ਇਸ ਖੋਜ ਕਾਰਜ ਦੇ ਆਧਾਰ ਤੇ ਉਜਾਗਰ ਕੀਤਾ ਜਾਵੇ ਗਾ।

ਨਾਵਲਾਂ ਵਿਚ ਪ੍ਰਸਤੁਤ ਔਰਤ-ਮਰਦ ਸੰਬੰਧਾਂ ਵਿਚ ਆ ਰਹੀਆਂ ਤਬਦੀਲੀਆਂ ਦਾ ਮੁਲਾਂਕਣ ਹੋਵੇਗਾ।

ਔਰਤ-ਮਰਦ ਸਬੰਧਾਂ ਵਿਚ ਆਰਥਿਕਤਾ ਦਾ ਮਹੱਤਵ ਇਸ ਖੋਜ ਕਾਰਜ ਦੇ ਆਧਾਰ ਤੇ ਸਪਸ਼ਟ ਹੋਵੇਗਾ।

ਔਰਤ-ਮਰਦ ਸਬੰਧਾਂ ਵਿਚ ਆਧੁਨਿਕਤਾ ਅਤੇ ਪੱਛਮੀ ਸਭਿਆਚਾਰ ਦਾ ਪ੍ਰਭਾਵ ਸਪਸ਼ਟ ਹੋਵੇਗਾ।

## ਸਮਾਜਿਕ ਤੇ ਸਾਹਿਤਕ ਸਾਰਥਿਕਤਾ

ਸਮਾਜ ਇਕ ਅਜਿਹਾ ਪ੍ਰਬੰਧ ਹੈ ਜੋ ਕਿ ਸਾਰੇ ਪ੍ਰਬੰਧਾਂ ਨੂੰ (ਰਿਸ਼ਤਾ ਨਾਤਾ, ਰਹਿਣ-ਸਹਿਣ, ਕਰਤੱਵ, ਨਿਆਂ ਪ੍ਰਬੰਧ ਆਦਿ) ਆਪਣੇ ਵਿਚ ਸਮਾਈ ਰੱਖ ਦਾ ਹੈ। ਕਿਉਂਕਿ ਇਹ ਸਾਰੇ ਪ੍ਰਬੰਧ ਸਮਾਜ ਵਿਚ ਹੀ ਸੰਭਵ ਹਨ। ਸਮਾਜ ਹੀ ਮਨੁੱਖ ਨੂੰ ਮਨੁੱਖ ਬਣਾਉਂਦਾ ਹੈ। ਸਮਾਜ ਹੀ ਮਨੁੱਖ ਨੂੰ ਉਸ ਦੇ ਚੰਗੇ ਮਾੜੇ ਵਿਚ ਅਪਣਾਉਂਦਾ ਹੈ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਮਾਜ ਹੀ ਮਨੁੱਖ ਨੂੰ ਚੰਗੇ ਮਾੜੇ ਦੀ ਜਾਂਚ ਸਿਖਾਉਂਦਾ ਹੈ। ਸਮਾਜ ਵਿਚ ਰਹਿ ਕੇ ਹੀ ਮਨੁੱਖ ਨਿਆਂ ਅਤੇ ਦੰਡ ਪ੍ਰਬੰਧ ਬਾਰੇ ਜਾਣ ਦਾ ਹੈ।

ਅਜੋਕੇ ਸਮਾਜ ਵਿਚ ਔਰਤ-ਮਰਦ ਸਬੰਧ ਟੁੱਟ ਰਹੇ ਹਨ ਤੇ ਇਹ ਸਾਡੇ ਸਮਾਜ ਦਾ ਕੋੜਾ ਸੱਚ ਵੀ ਹੈ। ਇਸ ਸਮੱਸਿਆ ਨੂੰ ਆਧਾਰ ਬਣਾ ਕੇ ਇਹ ਹੀ ਦਰਸਾਉਣਾ ਹੈ ਕਿ ਅਗਰ ਸਮਾਜ ਵਿਚੋਂ ਇਹ ਰਿਸ਼ਤਾ ਹੀ ਖ਼ਤਮ ਹੋ ਜਾਵੇਗਾ ਤਾਂ ਪਿੱਛੇ ਸਮਾਜ ਵਿਚ ਰਹਿ ਹੀ ਕੀ ਜਾਵੇਗਾ? ਅਤੇ ਨਾ ਹੀ ਸਮਾਜ ਅੱਗੇ ਗਤੀਸ਼ੀਲ ਹੋਵੇਗਾ ਕਿਉਂਕਿ ਸਮਾਜ ਦੀ ਸਭ ਤੋਂ ਛੋਟੀ ਮਹੱਤਵਪੂਰਨ ਇਕਾਈ ਪਰਿਵਾਰ ਹੈ ਜੇਕਰ ਸਮਾਜ ਵਿਚ ਪਰਿਵਾਰ ਹੀ ਨਹੀਂ ਹੋਵੇਗਾ ਤਾਂ ਕੋਈ ਰਿਸ਼ਤਾ ਸਿਰੇ ਨਹੀਂ ਚੜ੍ਹੇ ਗਾ ਇਸ ਲਈ ਜਿਸ ਤਰ੍ਹਾਂ ਸਮਾਜ ਲਈ ਪਰਿਵਾਰ ਦੀ ਹੋਂਦ ਜ਼ਰੂਰੀ ਹੈ ਉਸੇ ਤਰ੍ਹਾਂ ਹੀ ਪਰਿਵਾਰ ਲਈ ਸਭ ਤੋਂ ਜ਼ਰੂਰੀ ਹੈ ਮਨੁੱਖੀ ਰਿਸ਼ਤੇ ਅਤੇ ਇਨ੍ਹਾਂ ਮਨੁੱਖੀ ਰਿਸ਼ਤਿਆਂ ਦਾ ਇਕ ਆਧਾਰ ਹੈ ਔਰਤ-ਮਰਦ ਦਾ ਰਿਸ਼ਤਾ ਜਿਸ ਤੋਂ ਬਿਨਾਂ ਨਾ ਤਾਂ ਪਰਿਵਾਰ ਹੋਂਦ ਵਿਚ ਆ ਸਕਦਾ ਹੈ ਤੇ ਨਾ ਹੀ ਪੂਰਨ ਹੋ ਸਕਦਾ ਹੈ। ਸੋ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ  ਕਿ ਸਾਰਿਆ ਰਿਸ਼ਤਿਆਂ ਦਾ ਮੁੱਖ ਧੁਰਾ ਔਰਤ-ਮਰਦ ਦਾ ਰਿਸ਼ਤਾ ਹੀ ਹੈ।

[1] Punjabipedia.org 7Feb.1:30 pm
[2] Same 1:35
[3] Same 1:45
[4] Same 2:00
[5] ਪ੍ਰੋ. ਪਿਆਰ ਸਿੰਘ, ਪੰਜਾਬੀ ਗਲਪ ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ ਪੰਨਾ-39
[6] ਉਹੀ ਪੰਨਾ-39
[7] ਉਹੀ ਪੰਨਾ-39
[8] ਉਹੀ ਪੰਨਾ-41
[9] ਉਹੀ ਪੰਨਾ-42
[10] ਉਹੀ ਪੰਨਾ-43
[11] ਉਹੀ ਪੰਨਾ-44
[12] ਉਹੀ ਪੰਨਾ-45
[13] ਉਹੀ ਪੰਨਾ-48
[14] ਉਹੀ ਪੰਨਾ-51
[15] ਉਹੀ ਪੰਨਾ-52
[16] ਉਹੀ ਪੰਨਾ-52
[17] ਅਕਾਲ ਅੰਮ੍ਰਿਤ ਕੌਰ, ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਪੰਨਾ-24
[18] ਅਕਾਲ ਅੰਮ੍ਰਿਤ ਕੌਰ ,ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਪੰਨਾ-26
[19] ਅਕਾਲ ਅੰਮ੍ਰਿਤ ਕੌਰ ,ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਪੰਨਾ-27
[20] ਅਕਾਲ ਅੰਮ੍ਰਿਤ ਕੌਰ ,ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਪੰਨਾ-27
[21] ਅਕਾਲ ਅੰਮ੍ਰਿਤ ਕੌਰ ,ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਪੰਨਾ-29
[22] ਅਕਾਲ ਅੰਮ੍ਰਿਤ ਕੌਰ ,ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਪੰਨਾ-23
[23] ਅਕਾਲ ਅੰਮ੍ਰਿਤ ਕੌਰ ,ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਪੰਨਾ-24
[24] ਅਕਾਲ ਅੰਮ੍ਰਿਤ ਕੌਰ ,ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਪੰਨਾ-25
[25] ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਨਾ ਨੰ. 2
[26] ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਨਾ ਨੰ. 2
[27] ਗੁਰਦਿਆਲ ਸਿੰਘ ਫੁੱਲ, ਪੰਜਾਬੀ ਸਭਿਆਚਾਰ: ਇਕ ਦ੍ਰਿਸ਼ਟੀਕੋਣ, ਪੰਨਾ ਨੰ. 11
[28] ਡਾ. ਜਗੀਰ ਸਿੰਘ ਨੂਰ, ਪੰਜਾਬੀ ਸਭਿਆਚਾਰ, ਪੰਨਾ ਨੰ. 9
[29] ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਨਾ ਨੰ. 2
[30] ਡਾ. ਜੀਤ ਸਿੰਘ ਜੋਸ਼ੀ, ਸਭਿਆਚਾਰ ਤੇ ਲੋਕ ਧਾਰਾ ਦੇ ਮੂਲ ਸਰੋਕਾਰ, ਪੰਨਾ ਨੰ. 20
[31] ਡਾ. ਜੀਤ ਸਿੰਘ ਜੋਸ਼ੀ, ਸਭਿਆਚਾਰ ਤੇ ਲੋਕ ਧਾਰਾ ਦੇ ਮੂਲ ਸਰੋਕਾਰ, ਪੰਨਾ ਨੰ. 20
[32] ਬਲਬੀਰ ਸਿੰਘ ਪੂਨੀ, ਸਾਡਾ ਵਿਰਸਾ, ਪੰਨਾ ਨੰ. 10
[33] ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਨਾ ਨੰ. 3
[34] ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ-27
[35] ਜੀਤ ਸਿੰਘ ਜੋਸ਼ੀ, ਸਭਿਆਚਾਰ ਤੇ ਲੋਕ-ਧਾਰਾ ਦੇ ਮੂਲ ਸਰੋਕਾਰ, ਪੰਨਾ-113
[36] ਬਲਵੀਰ ਸਿੰਘ ਪੂੰਨੀ, ਪੰਜਾਬੀ ਲੋਕ-ਧਾਰਾ ਤੇ ਸਭਿਆਚਾਰ, ਪੰਨਾ-68
[37] ਬਲਵੀਰ ਸਿੰਘ ਪੂੰਨੀ, ਪੰਜਾਬੀ ਲੋਕ-ਧਾਰਾ ਤੇ ਸਭਿਆਚਾਰ, ਪੰਨਾ-6
[38] ਜੀਤ ਸਿੰਘ ਜੋਸ਼ੀ, ਸਭਿਆਚਾਰ ਤੇ ਲੋਕ-ਧਾਰਾ ਦੇ ਮੂਲ ਸਰੋਕਾਰ,ਪੰਨਾ-115

# ਅਧਿਆਇ-ਦੂਜਾ

# ਪਰਵਾਸੀ ਪੰਜਾਬੀ ਨਾਵਲ ਵਿਚ ਔਰਤ-ਮਰਦ ਸੰਬੰਧ

ਪੈੜਾਂ ਦੇ ਆਰ ਪਾਰ ਨਾਵਲ ਪਰਵਾਸੀ ਸਾਹਿਤ ਦੇ ਪ੍ਰਮੁੱਖ ਰਚੇਤਾ ਦਰਸ਼ਨ ਸਿੰਘ ਧੀਰ ਦੁਆਰਾ ਰਚਿਆ ਗਿਆ ਹੈ। ਇਸ ਵਿਚ ਉਸ ਨੇ ਆਧੁਨਿਕ ਸਮੇਂ ਵਿਚ ਚੱਲ ਰਹੀ ਸਮੱਸਿਆ ਨੂੰ ਆਧਾਰ ਬਣਾ ਕੇ ਇਸ ਨਾਵਲ ਨੂੰ ਪੂਰਾ ਕੀਤਾ ਗਿਆ ਹੈ। ਇਸ ਵਿਚ ਦਰਸ਼ਨ ਸਿੰਘ ਧੀਰ ਨੇ ਪਾਰਟਨਰਸ਼ਿਪ ਰਾਹੀ ਜੁੜਦੇ ਅਤੇ ਟੁੱਟ ਦੇ ਰਿਸ਼ਤਿਆਂ ਨੂੰ ਬਾਖੂਬੀ ਬਿਆਨ ਕੀਤਾ ਹੈ। ਇਸ ਵਿਚ ਇਸ ਨਾਵਲ ਦੀ ਮੁੱਖ ਪਾਤਰ ਨਵਜੋਤ ਹੈ ਜਿਸ ਨੇ ਘਰ ਦਿਆਂ ਦੀ ਮਰਜ਼ੀ ਤੋਂ ਬਿਨਾ ਵਿਆਹ ਨਾ ਕਰਵਾ ਕੇ ਪਾਰਟਨਰਸ਼ਿਪ ਨੂੰ ਤਰਜੀਹ ਦਿੰਦੀ ਹੈ। ਉਹ ਉਸੇ ਮੁੰਡੇ ਨਾਲ ਰਿਸ਼ਤੇ ਵਿਚ ਰਹਿੰਦੀ ਹੈ। ਜਿਸ ਨਾਲ ਉਸ ਦੇ ਘਰ ਦਿਆਂ ਨੇ ਉਸ ਦੇ ਰਿਸ਼ਤੇ ਦੀ ਗੱਲ ਕੀਤੀ ਸੀ ਪਰ ਉਹ ਵਿਆਹ ਨੂੰ ਬੰਧਨ ਮੰਨਦੀ ਹੋਈ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਨਾਲ ਜਿਊਣਾ ਚਾਹੁੰਦੀ ਹੈ ਤਾਂ ਜੋ ਉਹ ਮਰਦ ਦੇ ਪੈਰ ਦੀ ਜੁੱਤੀ ਦੇ ਬਰਾਬਰ ਨਾ ਹੋ ਕੇ ਉਸ ਦੇ ਉਸ ਦੇ ਬਰਾਬਰ ਦੀ ਥਾਂ ਬਣ ਸਕੇ। ਨਵਜੋਤ ਉਹ ਸਭ ਕੰਮ ਕਰਦੀ ਹੈ ਜੋ ਇਕ ਔਰਤ ਵਿਆਹ ਤੋਂ ਬਾਅਦ ਕਰਦੀ ਹੈ। ਨਵਜੋਤ ਤਲਵਿੰਦਰ ਨਾਲ ਵਿਆਹ ਤੋਂ ਬਾਹਰੇ ਸਬੰਧ ਬਣਾਉਂਦੀ ਹੈ ਤੇ ਉਹ ਗਰਭਵਤੀ ਵੀ ਹੁੰਦੀ ਹੈ ਪਰ ਬਦਕਿਸਮਤੀ ਨਾਲ ਉਸ ਦਾ ਬੱਚਾ ਇਸ ਦੁਨੀਆ ਵਿਚ ਆਉਣ ਤੋਂ ਪਹਿਲਾ ਹੀ ਉਸ ਦਾ ਸਾਥ ਛੱਡ ਜਾਂਦਾ ਹੈ। ਜਿਵੇਂ- ਉਹਨੂੰ ਤਿਲ੍ਹਕਦੀ ਦੇਖ ਕੇ ਜਾਹਨ ਕੀਥ ਕਹਿਣ ਲੱਗਾ, "ਸੰਭਲ ਕੇ ਡਾਰਲਿੰਗ। ਮੈਂ ਕਿਹਾ ਸੀ ਨਾ ਕਿ ਅਜਿਹਾ ਮੌਸਮ ਸਟੌਰਮ ਨਾਲੋਂ ਵੀ ਭੈੜਾ ਹੁੰਦਾ ਏ?" ਗੱਲ ਅਜੇ ਜਾਹਨ ਕੀਥ ਦੇ ਮੂੰਹ ਵਿਚ ਹੀ ਸੀ ਕਿ ਨਵਜੋਤ ਧੜੰਮ ਕਰਕੇ ਮੂੰਹ ਭਾਰ ਡਿਗ ਪਈ। ਨਾਲ ਹੀ ਉਹਦੇ ਮੂੰਹੋਂ ਜ਼ੋਰ ਦੀ ਚੀਕ ਨਿਕਲ ਗਈ। ਢਿੱਡ ਭਾਰ ਡਿੱਗਣ ਕਰ ਕੇ ਉਹਦਾ ਗਰਭਪਾਤ ਹੋ ਗਿਆ।[1]

ਬੱਚੇ ਦੇ ਸਾਥ ਛੱਡਣ ਤੋਂ ਪਹਿਲਾਂ ਹੀ ਤਲਵਿੰਦਰ ਉਸ ਦਾ ਸਾਥ ਜਾਹਨ ਕੀਥ ਦੇ ਕਾਰਨ ਛੱਡ ਜਾਂਦਾ ਹੈ ਕਿਉਂਕਿ ਉਸ ਨੂੰ ਯਕੀਨ ਹੋਣ ਦੇ ਬਾਵਜੂਦ ਵੀ ਉਸ ਦਾ ਦਿਲ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਕਿ ਇਹ ਬੱਚਾ ਉਸ ਦਾ ਹੈ। ਉਸ ਦੇ ਗਰਭਪਾਤ ਹੋਣ ਤੋਂ ਬਾਅਦ ਜਾਹਨ ਕੀਥ ਨੇ ਉਸ ਦਾ ਬਹੁਤ ਸਾਥ ਦਿੱਤਾ। ਜਿਸ ਕਾਰਨ ਉਹ ਉਸ ਨਾਲ ਦੋਬਾਰਾ ਜੁੜ ਜਾਂਦੀ ਹੈ ਤੇ ਬਾਕੀ ਦੀ ਜ਼ਿੰਦਗੀ ਉਸ ਨਾਲ ਬਿਤਾਉਣ ਲਈ ਤਿਆਰ ਹੁੰਦੀ ਹੀ ਹੈ ਕਿ ਉਹ ਫਿਰ ਤੋਂ ਗਰਭਵਤੀ ਹੁੰਦੀ ਹੈ ਕਿ ਇਕ ਰਾਤ ਉਸ ਨੂੰ ਇਹ ਖ਼ਬਰ ਮਿਲਦੀ ਹੈ ਕਿ ਜਾਹਨ ਕੀਥ ਦੀ ਇਕ ਕਾਰ ਹਾਦਸੇ ਵਿਚ ਮੌਤ ਹੋ ਜਾਂਦੀ ਹੈ।

ਉਸ ਦਿਨ ਦੀ ਮੁੱਖ ਸੂਚਨਾ ਦੇਖਦੀ ਹੀ ਨਵਜੋਤ ਸਿਰ ਤੋਂ ਪੈਰਾਂ ਤਕ ਕੰਬ ਗਈ। ਰਤਾ ਸੰਭਲੀ ਤਾਂ ਅੱਖਾਂ ਪਾੜ ਪਾੜ ਕੇ ਟੀ.ਵੀ. ਦੀ ਸਕਰੀਨ ਵੱਲ ਇੰਝ ਦੇਖਣ ਲੱਗ ਪਈ ਜਿਵੇਂ ਉਹਨੂੰ ਉਸ ਖ਼ਬਰ ਤੇ ਸੱਚ ਨਾ ਆ ਰਿਹਾ ਹੋਵੇ। ਸਕਰੀਨ ਤੇ

ਦੁਰਘਟਨਾ ਵਾਲੀ ਥਾਂ ਦਾ ਦ੍ਰਿਸ਼ ਦੇਖਦਿਆਂ ਹੀ ਉਹਦੇ ਮੂੰਹੋਂ ਜ਼ੋਰ ਦੀ ਚੀਕ ਵਾਂਗ ਨਿਕਲ ਗਿਆ, ਉਹ ਮਾਈ ਗੌਡ! ਨੋ!! ਨੋ!!!"[2]ਇਹ ਸਦਮਾ ਨਵਜੋਤ ਲਈ ਸਹਿਣਾ ਬਹੁਤ ਮੁਸ਼ਕਿਲ ਸੀ ਕਿਉਂਕਿ ਉਸ ਦਾ ਜਿਉਣ ਦਾ ਸਹਾਰਾ ਸਿਰਫ਼ ਕੀਥ ਹੀ ਸੀ ਕਿਉਂਕਿ ਨਵਜੋਤ ਦੇ ਘਰਦਿਆਂ ਨੇ ਉਸ ਦਾ ਸਾਥ ਬਹੁਤ ਪਹਿਲਾਂ ਹੀ ਛੱਡ ਦਿੱਤਾ ਸੀ। ਜਿਸ ਕਾਰਨ ਉਸ ਨੂੰ ਆਪਣੀ ਦੁਨੀਆ ਘੁੰਮਦੀ ਨਜ਼ਰ ਆਈ। ਉਸ ਨੂੰ ਕੋਈ ਵੀ ਥਾਂ ਟਿਕਾਣਾ ਨਹੀਂ ਸੀ ਦਿਸ ਰਿਹਾ।

ਇਸ ਨਾਵਲ ਵਿਚ ਸਿਰਫ਼ ਪ੍ਰੇਮ ਸਬੰਧ ਹੀ ਨਹੀਂ ਖ਼ਤਮ ਹੁੰਦੇ ਸਗੋਂ ਘਰ ਦਿਆਂ ਦਾ ਪਿਆਰ ਖ਼ਤਮ ਹੁੰਦਾ ਦਿਖਾਈ ਦਿੰਦਾ ਹੈ ਕਿਉਂਕਿ ਨਵਜੋਤ ਦੀ ਗ਼ਲਤੀ ਕਾਰਨ ਘਰ ਦਿਆਂ ਨੇ ਵੀ ਉਸ ਦੇ ਨਾਲ ਰਿਸ਼ਤਾ ਖ਼ਤਮ ਕਰ ਲਿਆ ਸੀ। ਉਹ ਕਿਸੇ ਵੀ ਰਿਸ਼ਤੇ ਵਿਚ ਪੂਰਨ ਨਹੀਂ ਹੋ ਸਕੀ ਸੀ। ਉਸ ਦਾ ਆਪਣੇ ਭਰਾ ਨਾਲ ਵੀ ਕੋਈ ਵਧੀਆ ਰਿਸ਼ਤਾ ਨਹੀਂ ਜੋ ਉਸ ਦੀ ਅੰਤ ਤੱਕ ਮਦਦ ਕਰਦਾ ਕਿਉਂਕਿ ਉਸ ਨੇ ਆਪਣੇ ਭਰਾ ਦੀ ਕੋਈ ਗੱਲ ਕਦੀ ਵੀ ਨਹੀਂ ਸੀ ਮੰਨੀ। ਉਹ ਆਪਣੀ ਮਰਜ਼ੀ ਦੀ ਆਪ ਮਾਲਕ ਸੀ ਘਰ ਦਿਆਂ ਵੱਲੋਂ ਉਹ ਬੇਪ੍ਰਵਾਹ ਸੀ। ਕਿਸੇ ਦੀ ਵੀ ਕੋਈ ਗੱਲ ਉਸ ਨੂੰ ਮੰਨਣੀ ਜਾਂ ਸੁਣਨੀ ਹੀ ਨਹੀਂ ਸੀ ਹੁੰਦੀ। ਜਿਸ ਕਾਰਨ ਉਸ ਦਾ ਭਰਾ ਉਸ ਨਾਲ ਇੰਨੀ ਨਫ਼ਰਤ ਕਰਦਾ ਸੀ ਕਿ ਅੰਤ ਵਿਚ ਉਹ ਉਸ ਨੂੰ ਉਸ ਦੇ ਪਿਤਾ ਦੇ ਅੰਤਿਮ ਦਰਸ਼ਨ ਕਰਨ ਦੀ ਇਜਾਜ਼ਤ ਨਹੀਂ ਸੀ ਦਿੰਦਾ। ਉਸ ਦਾ ਤਾਇਆ ਉਸਨੂੰ ਉਸ ਦੇ ਪਿਤਾ ਦੇ ਅੰਤਿਮ ਦਰਸ਼ਨ ਕਰਨ ਤੋਂ ਮਨਾ ਕਰ ਦਿੰਦਾ ਹੈ ਤਾਂ ਉਹ ਆਪਣੇ ਭਰਾ ਵੱਲ ਤਰਸੀਆਂ ਨਜ਼ਰਾਂ ਨਾਲ ਦੇਖਦੀ ਹੋਈ ਕਹਿੰਦੀ ਹੈ ਕਿ

ਨਿਰਾਸ਼ ਹੋਈ ਨਵਜੋਤ ਨੇ ਆਪਣੇ ਭਰਾ ਵਲ ਦੇਖਿਆ ਜਿਵੇਂ ਉਸ ਕੋਲੋਂ ਪੁੱਛਿਆ ਹੋਵੇ, ਭਾ ਜੀ, ਤੁਸੀਂ ਵੀ ਚਾਹੁੰਦੇ ਜੋ ਕਿ ਮੈਂ ਚਲੀ ਜਾਵਾਂ?[3]

ਉਹ ਵੀ ਇਸ ਗੱਲ ਨੂੰ ਸਮਝਦਾ ਤੇ ਸੋਚਦਾ ਹੋਇਆ ਕਹਿੰਦਾ ਹੈ ਕਿ- ਮੈਂ ਤੇਰਾ ਦੁੱਖ ਮਹਿਸੂਸ ਦਾ ਹਾਂ, ਜੋਤੀ ਤੇ ਇਹ ਵੀ ਸਮਝਦਾ ਹਾਂ ਕਿ ਭਾਵੇਂ ਤੂੰ ਨਾ ਕਾਬਲੇ-ਮੁਆਫ਼ ਗ਼ਲਤੀ ਕੀਤੀ ਏ ਫਿਰ ਵੀ ਡੈਡੀ ਅੰਤਿਮ ਦਰਸ਼ਨ ਕਰਨ ਦਾ ਤੈਨੂੰ ਹੱਕ ਏ![4] ਭਾਵ ਕਿ ਉਸ ਦੇ ਆਪਣੇ ਭਰਾ ਨਾਲ ਵਧੀਆਂ ਸਬੰਧ ਨਹੀਂ ਸਨ ਜਿਸ ਕਾਰਨ ਉਹ ਅੰਤ ਵਿਚ ਸਾਰਿਆ ਦੇ ਹੁੰਦੇ ਹੋਏ ਵੀ ਇਕੱਲੀ ਹੀ ਰਹਿ ਜਾਂਦੀ ਹੈ।

ਭਰਾ ਤੋਂ ਇਲਾਵਾ ਉਸ ਦਾ ਆਪਣੇ ਪਿਤਾ ਨਾਲ ਵੀ ਚੰਗਾ ਰਿਸ਼ਤਾ ਨਹੀਂ ਸੀ ਬਣ ਸਕਿਆ ਕਿਉਂਕਿ ਉਹ ਆਪਣੇ ਪਿਤਾ ਦੀ ਇੱਜ਼ਤ ਨਾ ਕਰਦੀ ਹੋਈ ਇਕ ਵੱਖਰੀ ਰਾਹ ਤੇ ਤੁਰ ਪੈਂਦੀ ਹੈ ਜਿਸ ਤੋਂ ਪਿੱਛੇ ਮੁੜਨਾ ਉਸ ਲਈ ਆਸਾਨ ਨਹੀਂ ਸੀ। ਉਹ ਨਵੇਂ ਰਿਸ਼ਤਿਆਂ ਦੀ ਤਲਾਸ਼ ਵਿਚ ਪੁਰਾਣੇ ਰਿਸ਼ਤਿਆਂ ਦਾ ਘਾਣ ਕਰਦੀ ਹੋਈ ਅੱਗੇ ਹੋਰ ਅੱਗੇ ਤੁਰਦੀ ਰਹੀ। ਇਸ ਦੇ ਕਾਰਨ ਹੀ ਉਹ ਆਪਣੇ ਪਿਤਾ ਨੂੰ ਇੰਨਾ ਪਿਆਰ ਕਰਨ ਦੇ ਬਾਵਜੂਦ ਉਹ ਉਸ ਦੇ ਅੰਤਿਮ ਦਰਸ਼ਨਾਂ ਤੋਂ ਵੀ ਰਹਿ ਜਾਂਦੀ ਹੈ। ਪਿਤਾ ਨਾਲ ਵੀ ਉਸ ਦਾ ਰਿਸ਼ਤਾ ਵਧੀਆ ਨਹੀਂ ਸੀ।

ਅੰਤਿਮ ਦਰਸ਼ਨਾਂ ਨੂੰ ਆਈ ਤਾਂ ਉਸ ਨੂੰ ਕਿਸੇ ਨੇ ਵੀ ਉਸ ਦੇ ਪਿਤਾ ਦਾ ਮੂੰਹ ਨਹੀਂ ਦੇਖਣ ਦਿੱਤਾ। ਇਸ ਲਈ ਉਹ ਨਿਰਾਸ਼ ਹੋਈ ਆਪਣੇ ਪਿਤਾ ਦੇ ਘਰੋਂ ਬਾਹਰ ਚਲੀ ਜਾਂਦੀ ਹੈ ਤੇ ਕਹਿੰਦੀ ਹੈ ਕਿ:-

ਵਾਰਿਸ ਨੂੰ ਉਹਦੀ ਸੀਟ ਤੇ ਬਿਠਾ ਕੇ ਬੈਲਟ ਲਾਈ ਤੇ ਡਰਾਈਵਿੰਗ ਸੀਟ ਤੇ ਬੈਠ ਕੇ ਭਰੇ ਦਿਲ ਨਾਲ ਕਹਿਣ ਲੱਗੀ, "ਅੱਛਾ ਬਾਬਲਾ! ਕੀ ਪਤਾ ਸੀ ਕਿ ਕਿਸੇ ਦਿਨ ਤੇਰੇ ਦਰੋਂ ਵੀ ਧੱਕੇ ਪੈਣਗੇ!"[5] ਆਪਣੀਆਂ ਗ਼ਲਤੀਆਂ ਨੂੰ ਮੰਨਦੀ ਹੋਈ ਉਹ ਸੋਚਦੀ ਹੈ ਕਿ ਇਹ ਸਮਾਜ ਉਸ ਨੂੰ ਨਾ ਤਾਂ ਜਿਊਣ ਦੇਵੇਗਾ ਤੇ ਨਾ ਹੀ ਮਰਨ। ਉਹ ਜ਼ਿੰਦਗੀ ਦੇ ਦੁਰਾਹੇ ਤੇ ਖੜ੍ਹੀ ਆਪਣੇ ਸਾਰੇ ਰਿਸ਼ਤਿਆਂ ਨੂੰ ਪਰਖਦੀ ਹੋਈ ਆਪਣੇ ਸਮਾਜ ਅਤੇ ਪਰਿਵਾਰ ਨੂੰ ਹਰ ਤਰ੍ਹਾਂ ਨਾਲ ਤੋਲਦੀ ਹੈ ਕਿ ਇਸ ਮਾੜੇ ਸਮੇਂ ਵਿਚ ਕੋਈ ਵੀ ਉਸ ਦਾ ਸਹਾਰਾ ਨਹੀਂ ਤੇ ਨਾ ਹੀ ਉਸ ਨੂੰ ਕੋਈ ਆਪਣੇ ਪਰਿਵਾਰ ਦਾ ਮੈਂਬਰ ਮੰਨਦਾ ਹੈ ਕਿਉਂਕਿ ਸਾਰਿਆਂ ਨੂੰ ਉਸਦੀ ਹੋਂਦ ਤੋਂ ਉੱਥੇ ਬਹੁਤ ਘੁਟਨ ਮਹਿਸੂਸ ਹੁੰਦੀ ਸੀ ਜਿਸ ਕਾਰਨ ਉਸ ਨੂੰ ਉੱਥੋਂ ਵਾਪਸ ਮੁੜਨਾ ਹੀ ਠੀਕ ਲੱਗਾ। ਜਿਵੇਂ ਕਿ- ਉਸ ਹਟਕੋਰਾ ਲਿਆ, ਫਿਰ ਕਹਿਣ ਲੱਗੀ, "ਹੋ ਸਕਦਾ ਏ। ਉਨ੍ਹਾਂ ਠੀਕ ਹੀ ਕੀਤਾ ਹੋਵੇ! ਮਨੁੱਖ ਹਮੇਸ਼ਾ ਆਪਣੀਆਂ ਕਦਰਾਂ ਕੀਮਤਾਂ, ਸੰਸਕਾਰ ਤੇ ਭਾਈਚਾਰੇ ਦੇ ਹੱਥੋਂ ਹਾਰਦਾ ਆਇਆ। ਇਹ ਵੀ ਮਨੁੱਖ ਹੀ ਨੇ ਤੇ ਇਨ੍ਹਾਂ ਨੂੰ ਵੀ ਆਪਣੀਆਂ ਕਦਰਾਂ ਕੀਮਤਾਂ ਤੇ ਸੰਸਕਾਰ ਪਿਆਰੇ ਹੋਣਗੇ। ਇਨ੍ਹਾਂ ਨੂੰ ਵੀ ਆਪਣੇ ਭਾਈਚਾਰੇ ਦਾ ਡਰ ਹੋਵੇਗਾ। ਇਹ ਵੀ ਆਪਣੀਆਂ ਕਦਰਾਂ ਕੀਮਤਾਂ ਨੂੰ ਚੈਲੰਜ ਕਰਨੀ ਵਾਲੀ ਨੂੰ ਕਿੱਦਾਂ ਖਿਮਾ ਕਰ ਸਕਦੇ ਹਨ! ਅੱਛਾ......"[6]

ਉਹ ਆਪਣੇ ਪਿਤਾ ਨੂੰ ਬਹੁਤ ਪਿਆਰ ਕਰਦੀ ਹੈ ਇਸ ਕਰਕੇ ਉਹ ਆਪਣੇ ਪਿਤਾ ਨੂੰ ਦੁਖੀ ਨਹੀਂ ਕਰਨਾ ਚਾਹੁੰਦੀ ਪਰ ਫਿਰ ਉਹ ਆਪਣੇ ਪਿਤਾ ਨੂੰ ਬਹੁਤ ਦੁੱਖ ਦਿੰਦੀ ਹੈ ਇਸ ਕਈ ਹੀ ਉਹ ਆਪਣੇ ਆਪ ਨੂੰ ਉਸ ਦੀ ਮੌਤ ਦਾ ਕਾਰਨ ਮੰਨਦੀ ਹੈ। ਇਸ ਲਈ ਕਹਿੰਦੀ ਹੈ ਕਿ- ਉਸ ਇਕ ਹੋਰ ਹਟਕੋਰਾ ਲਿਆ ਤੇ ਕਹਿਣ ਲੱਗੀ, "ਡੈਡ! ਮੈਨੂੰ ਇਸ ਗੱਲ ਦਾ ਦਿਲੀ ਦੁੱਖ ਏ ਕਿ ਮੈਂ ਤੁਹਾਨੂੰ ਸੁੱਖ ਦੇਣ ਦੀ ਥਾਂ ਤੁਹਾਡੇ ਲਈ ਦੁੱਖ ਦਾ ਕਾਰਨ ਬਣੀ ਹਾਂ। ਦੁੱਖ ਦਾ ਹੀ ਨਹੀਂ, ਸ਼ਾਇਦ ਤੁਹਾਡੀ ਮੌਤ ਦਾ ਕਾਰਨ ਵੀ ਮੈਂ ਹੀ ਹੋਵਾਂ ਜਿਹੜਾ ਮੈਨੂੰ ਇਸ ਤਰਾਂ ਘਰੋਂ ਦੁਰਕਾਰਿਆ ਗਿਆ ਹੈ।[7]

ਇਨ੍ਹਾਂ ਰਿਸ਼ਤਿਆਂ ਦਾ ਵਧੀਆਂ ਨਾ ਹੋਣ ਦਾ ਬੱਸ ਇਕ ਹੀ ਕਾਰਨ ਹੈ ਕਿ ਉਹ ਇਕ ਅਜਿਹੀ ਲੀਹ ਤੇ ਤੁਰ ਪੈਂਦੀ ਹੈ ਜਿਸ ਤੇ ਤੁਰਨਾ ਤਾਂ ਬਹੁਤ ਆਸਾਨ ਹੈ ਪਰ ਉਸ ਤੋਂ ਪਿੱਛੇ ਮੁੜਨਾ ਬਹੁਤ ਮੁਸ਼ਕਿਲ ਹੁੰਦਾ ਹੈ। ਇਸ ਲਈ ਇਸ ਨਾਵਲ ਵਿਚ ਕੋਈ ਰਿਸ਼ਤਾ ਇੰਨੀ ਮਜ਼ਬੂਤੀ ਨਾਲ ਨਹੀਂ ਜੁੜਿਆ ਕਿ ਉਹ ਕਿਸੇ ਦੂਜੇ ਰਿਸ਼ਤੇ ਦੀ ਪ੍ਰਵਾਹ ਕਰਦਾ ਹੋਇਆ ਇਕ ਵਧੀਆਂ ਰਿਸ਼ਤਾ ਬਣਿਆ ਰਹੇ। ਨਵਜੋਤ ਤੋਂ ਬਿਨਾ ਉਸ ਦੀ ਮਾਂ ਦਾ ਉਸ ਦੇ ਪਿਤਾ ਨਾਲ ਰਿਸ਼ਤਾ ਤਾਂ ਡੂੰਘਾ ਹੈ ਪਰ ਉਹ ਪਿਆਰ ਨਾਲ ਨਹੀਂ ਸਗੋਂ ਮਜਬੂਰੀ ਕਾਰਨ ਹੈ (ਜੋ ਕਿ ਬੱਚਿਆ ਰਾਹੀ ਜਾਂ ਭਾਰਤੀ ਇਸਤਰੀ ਹੋਣ ਦੇ ਨਾਤੇ ਹੈ) ਕਿਉਂਕਿ ਕਹਿਣ ਨੂੰ ਤਾਂ ਉਹ ਵਿਦੇਸ਼ ਵਿਚ ਰਹਿੰਦੀ ਹੈ ਪਰ ਫਿਰ ਵੀ ਉਹ ਆਪਣੇ ਪਤੀ ਤੋਂ ਪੁੱਛੇ ਬਿਨਾਂ ਇਕ ਪੈਰ ਵੀ ਨਹੀਂ ਪੁੱਟ ਸਕਦੀ ਉਸ ਦੀ ਜ਼ਿੰਦਗੀ ਦੋਹਰੀ ਫਸੀ ਹੋਈ ਹੈ ਕਿਉਂਕਿ ਉਹ ਨਾ ਤਾਂ ਭਾਰਤ ਵਿਚ ਜਿਊਂਦੀ ਹੈ ਤੇ ਨਾ ਹੀ ਵਿਦੇਸ਼ ਵਿਚ। ਜਿਸ ਕਾਰਨ ਉਹ ਆਪਣੇ ਪਤੀ ਅਤੇ ਬੱਚਿਆਂ ਵਿਚ ਪਿਸਦੀ ਰਹਿੰਦੀ ਹੈ ਕਿਉਂਕਿ ਪਤੀ ਭਾਰਤੀ ਮੂਲ

ਨਾਲ ਸਬੰਧ ਰੱਖਦਾ ਹੈ ਜਦ ਕਿ ਬੱਚਿਆਂ ਵਿਚ ਵਿਦੇਸ਼ੀ ਲੱਛਣ ਹੀ ਜ਼ਿਆਦਾ ਹੈ (ਖ਼ਾਸ ਤੌਰ ਤੇ ਨਵਜੋਤ ਜੋ ਸਾਰਿਆਂ ਨਾਲ ਬਗ਼ਾਵਤ ਕਰਦੀ ਰਹਿੰਦੀ ਹੈ ਹਮੇਸ਼ਾ ਸਮੇਂ ਦੇ ਅਨੁਸਾਰ) ਉਹ ਬਗ਼ਾਵਤ ਕਰਕੇ ਹੀ ਨਵਜੋਤ ਨੂੰ ਉਸ ਦੇ ਘਰ ਮਿਲਣ ਜਾਂਦੀ ਹੈ। ਨਵਜੋਤ ਦੇ ਘਰ ਜਾਂ ਕੇ ਉਹ ਦੇਖਦੀ ਹੈ ਕਿ ਗੋਰਾ ਮੁੰਡਾ ਉਸ ਦੇ ਕੋਲ ਰਹਿੰਦਾ ਹੈ। ਜਿਸ ਨੂੰ ਦੇਖ ਕੇ ਉਸ ਨੂੰ ਲੱਗਦਾ ਹੈ ਕਿ ਸ਼ਾਇਦ ਇਹ ਉਹ ਹੀ ਮੁੰਡਾ ਹੈ ਜੋ ਉਸ ਦੀ ਧੀ ਦੀ ਬਰਬਾਦੀ ਦਾ ਕਾਰਨ ਕਾਰਨ ਹੈ। ਇਸ ਲਈ ਹੀ ਉਹ ਨਵਜੋਤ ਨੂੰ ਬਹੁਤ ਹੀ ਗ਼ੁੱਸੇ ਵਿਚ ਬੋਲਦੀ ਹੈ ਕਿ:-

ਸ਼ਰਨ ਕੌਰ ਦਾ ਸਰੀਰ ਗ਼ੁੱਸੇ ਨਾਲ ਸੁੱਕੀ ਲੱਕੜੀ ਵਾਂਗ ਲਾਟੀ ਮੱਚਣ ਲਗ ਪਿਆ। ਉਸ ਆਪਣੇ ਆਪ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਵੀ ਪਰ ਰੋਕਦਿਆਂ ਰੋਕਦਿਆਂ ਉਹਦੇ ਮੂੰਹੋਂ ਅੱਗ ਦਾ ਭਬੂਕਾ ਨਿਕਲ ਗਿਆ, " ਹੁਣ ਸਿੱਧੀ ਤਰ੍ਹਾਂ ਈ ਆਖ ਦੇ, ਰੰਡੀਏ ਕਿ ਖ਼ਸਮ ਕੀਤਾ ਹੋਇਆਂ?"[8]

ਇਸ ਗੱਲ ਦਾ ਨਵਜੋਤ ਨੂੰ ਬਹੁਤ ਹੀ ਜ਼ਿਆਦਾ ਗੁੱਸਾ ਲਗਦਾ ਹੈ ਤੇ ਉਹ ਗ਼ੁੱਸੇ ਨਾਲ ਆਪਣੀ ਮਾਂ ਨੂੰ ਕਹਿੰਦੀ ਹੈ ਕਿ- ਜਦੋਂ ਨਵਜੋਤ ਨੇ ਦੇਖਿਆ ਕਿ ਉਸ ਦੀ ਮਾਂ ਨੇ ਸੰਕੇਤ ਨਾਲ ਚੁੱਪ ਨਹੀਂ ਹੋਣਾ ਤਾਂ ਕਹਿਣ ਲੱਗੀ,

"ਮੰਮ! ਕਿਉਂ ਐਵੀਂ ਬੋਲੀ ਜਾਂਦੀ ਏਂ, ਫ਼ਜ਼ੂਲ!"

" ਮੈਂ ਵਾਧੂ ਬੋਲੀ ਜਾਂਦੀ ਆਂ?" ਮਾਂ ਝਈ ਲੈ ਕੇ ਪਈ।

" ਹੋਰ ਆਹ ਕੀ ਕਰਦੀ ਏਂ?"[9]

ਇਸੇ ਲੜਾਈ ਦੇ ਦੌਰਾਨ ਨਵਜੋਤ ਇੰਨੀ ਜ਼ਿਆਦਾ ਭੜਕ ਜਾਂਦੀ ਹੈ ਕਿ ਉਸ ਨੂੰ ਇਹ ਵੀ ਨਹੀਂ ਪਤਾ ਲੱਗਦਾ ਕਿ ਉਸ ਨੇ ਆਪਣੀ ਮਾਂ ਨੂੰ ਕੀ ਕਹਿਣਾ ਹੈ ਤੇ ਕੀ ਨਹੀਂ ਕਹਿਣਾ- ਨਵਜੋਤ ਅੱਗ ਨਾਲ ਸਿਰ ਤੋਂ ਪੈਰਾਂ ਤੱਕ ਮੱਚ ਰਹੀ ਸੀ।

"ਆਹੋ"।

"ਚੰਗਾ, ਫੇਰ ਤੁਰਦੀ ਬਣ ਇੱਥੋਂ।"

ਸ਼ਰਨ ਕੌਰ ਧੀ ਤੋਂ ਇਹ ਗੱਲ ਸੁਣ ਕੇ ਬੌਂਦਲ ਗਈ। ਉਹਨੂੰ ਨਵਜੋਤ ਕੋਲੋਂ ਗੱਲ ਦੀ ਉੱਕਾ ਉਮੀਦ ਨਹੀਂ ਸੀ। ਉਹ ਹੈਰਾਨ ਪਰੇਸ਼ਾਨ ਜਿਹੀ ਹੋਈ ਧੀ ਦੇ ਚਿਹਰੇ ਨੂੰ ਘੂਰ ਹੀ ਰਹੀ ਸੀ ਕਿ ਨਵਜੋਤ ਫਿਰ ਕਹਿਣ ਲੱਗੀ, "ਮੈਂ ਕਿਹਾ ਸੀ। ਚਲਦੀ ਬਣ ਇੱਥੋਂ। ਸੁਣਿਆਂ ਨਹੀਂ ਸੀ?"[10]

ਆਪਣੇ ਪਤੀ ਤੋਂ ਚੋਰੀ ਉਹ ਨਵਜੋਤ ਨੂੰ ਮਿਲਣ ਗਈ ਸੀ। ਜਿਸ ਕਾਰਨ ਉਸ ਨੂੰ ਵਾਪਸ ਆ ਕਿ ਆਪਣੇ ਪਤੀ ਦੇ ਗ਼ੁੱਸੇ ਦਾ ਸਾਹਮਣਾ ਕਰਨਾ ਪੈਂਦਾ ਹੈ।

"ਤੂੰ ਗਈ ਕੀ ਕਰਨ ਸੀ ਉੱਥੇ ਜਦ ਉਸ ਕੁਜਿਨਸ ਨੂੰ ਆਪਣੇ ਵੱਲੋਂ ਮਰ ਗਈ ਸਮਝ ਲਿਆ ਸੀ?" ਉਸ ਪਤਨੀ ਵਲ ਗ਼ੁੱਸੇ ਨਾਲ ਦੇਖਿਆ।[11]

ਜਿਸ ਕਾਰਨ ਉਹ ਬਹੁਤ ਰੋਂਦੀ ਹੈ। ਆਪਣੀ ਧੀ ਦੀ ਇਸ ਗ਼ਲਤੀ ਨੂੰ ਪਾਪ ਮੰਨਦੀ ਅੰਤ ਵਿਚ ਉਹ ਉਸ ਨੂੰ ਹੀ ਆਪਣੇ ਪਤੀ ਦੀ ਮੌਤ ਦਾ ਕਾਰਨ ਸਮਝਦੀ ਹੋਈ ਚਾਹ ਕੇ ਵੀ ਉਸ ਦੇ ਪਿਤਾ ਦੇ ਅੰਤਿਮ ਦਰਸ਼ਨ ਕਰਨ ਨੂੰ ਨਹੀਂ ਰੋਕਦੀ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਉਸ ਦਾ ਪਤੀ ਉਸ ਦੀ ਗ਼ਲਤੀ ਦੇ ਕਾਰਨ ਹੀ ਪ੍ਰੇਸ਼ਾਨ ਰਹਿੰਦਾ ਹੋਇਆ ਕੰਮ ਵੱਲ ਧਿਆਨ ਦੇ ਸਕਿਆਂ ਤੇ ਮਸ਼ੀਨ ਵਿਚ ਆਉਣ ਨਾਲ ਉਸ ਦੀ ਮੌਤ ਹੋਈ ਹੈ। ਜਿਸ ਦਾ ਇੱਕੋ ਇਕ ਕਾਰਨ ਨਵਜੋਤ ਹੀ ਹੈ।

ਉਹ ਜਦੋਂ ਆਪਣੇ ਪਿਤਾ ਦੇ ਅੰਤਿਮ ਦਰਸ਼ਨਾਂ ਲਈ ਆਈ ਤਾਂ ਉਹ ਆਪਣੀ ਮਾਂ ਕੋਲ ਜਾਣਾ ਚਾਹੁੰਦੀ ਸੀ ਕਿਉਂਕਿ :-

ਫ਼ਰੰਟ-ਰੂਮ ਦਾ ਦਰਵਾਜ਼ਾ ਲੰਘ ਕੇ ਜਦ ਕਾਰੀਡੋਰ ਵਿਚ ਆਈ ਤਾਂ ਉਹਦੇ ਪੈਰ ਰੁਕ ਗਏ। ਦਿਲ ਚ ਆਈ, ਮਾਂ ਕੋਲ ਫ਼ਰਿਆਦ ਕਰ ਕੇ ਦੇਖ ਲਵੇ। ਉਹ ਤਾਂ ਘਰ ਆਈ ਧੀ ਨੂੰ ਨਹੀਂ ਦੁਰਕਾਰਨ ਲੱਗੀ। ਕਹਿੰਦੇ ਨੇ, ਮਾਂ ਦਾ ਦਿਲ ਬਹੁਤ ਵੱਡਾ ਹੁੰਦਾ। ਉਹ ਆਪਣੀ ਉਲਾਦ ਲਈ ਹਰ ਹੋਣੀ ਸਹਿ ਜਾਂਦੀ ਏ। ਇਸ ਅਹਿਸਾਸ ਨਾਲ ਉਹ ਅੱਖਾਂ ਪੂੰਝਦੀ ਹੋਈ ਇਕ ਵਾਰੀ ਸਿਟਿੰਗ-ਰੂਮ ਵਿਚ ਪੈਰ ਪੁੱਟਣ ਵੀ ਲੱਗੀ ਪਰ ਦੂਜੇ ਹੀ ਪਲ ਉਹਦੇ ਸਾਹਮਣੇ ਉਸ ਦਿਨ ਦਾ ਦ੍ਰਿਸ਼ ਆ ਖਲੋਤਾ ਜਦ ਉਹਦਾ ਗਰਭਪਾਤ ਹੋਇਆ ਸੀ ਤੇ ਮਾਂ ਉਹਨੂੰ ਦੇਖਣ ਮਾਨਚੈਸਟਰ ਆਈ ਸੀ।

ਫਿਰ ਉਹ ਇਹ ਸਭ ਸੋਚ ਕੇ ਰੁਕ ਜਾਂਦੀ ਹੈ ਕਿ ਉਹ ਕਿੱਦਾਂ ਆਪਣੀ ਮਾਂ ਨਾਲ ਗੱਲ ਕਰੇ ਗੀ। ਕਿ ਦਾ ਉਸ ਦੇ ਗਲ ਲੱਗ ਕੇ ਆਪਣੇ ਪਿਤਾ ਦੀ ਮੌਤ ਤੇ ਰੋਵੇ, ਕਿ ਦਾ ਆਪਣੀ ਮਾਂ ਨੂੰ ਕੋਈ ਦਿਲਾਸਾ ਦੇਵੇ, ਕਿ ਦਾ ਉਹ ਆਪਣੀ ਮਾਂ ਨੂੰ ਆਪਣਾ ਗੁਨਾਹ ਭੁੱਲਣ ਲਈ ਕਹੇ, ਕਿ ਦਾ ਆਪਣੀ ਮਾਂ ਨੂੰ ਅਹਿਸਾਸ ਕਰਾਵੇ ਕਿ ਜੋ ਕੁਝ ਹੋਇਆ ਹੈ ਉਸ ਵਿਚ ਉਸ ਦੀ ਕੋਈ ਗ਼ਲਤੀ ਨਹੀਂ, ਉਹ ਕਿ ਦਾ ਆਪਣੀ ਮਾਂ ਨੂੰ ਕਹੇ ਕਿ ਸਭ ਕੁਝ ਭੁੱਲ ਕੇ ਉਸ ਨੂੰ ਗਲ ਲਾ ਲਵੇ। ਇਹ ਸਭ ਕੁਝ ਸੋਚਦੀ ਹੋਈ ਉਹ ਮਾਂ ਵੱਲ ਦੇਖਦੀ ਹੈ ਕਿ:-

ਉਸ ਝਾਕੀ ਦੇ ਅੱਖਾਂ ਅੱਗੋਂ ਲੰਘਦਿਆਂ ਹੀ ਉਹ ਠਠੰਬਰ ਗਈ। ਉਂਜ ਵੀ ਕਮਰਾ ਔਰਤਾਂ ਨਾਲ ਭਰਿਆ ਹੋਇਆ ਸੀ। ਉਸ ਨੂੰ ਕਿਸਨੇ ਮਾਂ ਕੋਲ ਜਾਣ ਦੇਣਾ ਸੀ। ਨਵਜੋਤ ਪਲ, ਦੋ ਪਲ ਥਾਂ ਦੀ ਥਾਂ ਖੜ੍ਹੀ ਸੋਚਦੀ ਰਹੀ ਕਿ ਮਾਂ ਕੋਲ ਜਾਣਾ ਚਾਹੀਦਾ ਜਾਂ ਨਹੀਂ। ਅੰਤ ਮਾਂ ਕੋਲ ਜਾਣ ਦੀ ਥਾਂ ਉਹ ਪੈਰ ਘੜੀਸਦੀ ਬਾਹਰ ਨੂੰ ਤੁਰ ਪਈ।[12]

ਇਸ ਨਾਵਲ ਵਿਚ ਸਿਰਫ਼ ਮਨਜੀਤ ਤੇ ਉਸ ਦੇ ਪਤੀ ਹੀ ਰਿਸ਼ਤਾ ਵਧੀਆਂ ਹੈ ਕਿਉਂਕਿ ਉਹ ਇਕ ਦੂਜੇ ਨੂੰ ਬਹੁਤ ਹੀ ਚੰਗੀ ਤਰ੍ਹਾਂ ਸਮਝਦੇ ਹਨ ਤੇ ਇਕ ਦੂਜੇ ਦਾ ਸਾਥ ਦਿੰਦੇ ਹਨ ਤੇ ਵਧੀਆਂ ਜ਼ਿੰਦਗੀ ਬਤੀਤ ਕਰਦੇ ਹਨ ਤੇ ਇਕ ਦੂਜੇ ਦੇ ਨਾਲ ਇਮਾਨਦਾਰੀ, ਪਿਆਰ ਅਤੇ ਖ਼ੁਸ਼ੀ ਨਾਲ ਰਹਿੰਦੇ ਹਨ। ਪਰ ਇਹ ਸਭ ਕੁਝ ਉਸ ਦੀ ਸੱਸ ਨੂੰ ਪਸੰਦ ਨਹੀਂ ਹੈ

ਕਿਉਂਕਿ ਉਸ ਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਪਤੀ ਨਾਲ ਹੱਥ ਵਟਾਉਣ ਨਾਲ ਪਤੀ ਉਸ ਦੀ ਗ਼ੁਲਾਮੀ ਕਰਨ ਲੱਗ ਜਾਂਦਾ ਹੈ। ਉਹ ਨਹੀਂ ਚਾਹੁੰਦੀ ਕਿ ਉਸ ਦਾ ਬੇਟਾ ਉਸ ਦੀ ਨੂੰਹ ਦੀ ਕਿਸੇ ਘਰ ਦੇ ਕੰਮ ਵਿਚ ਮਦਦ ਕਰੇ। ਇਸ ਲਈ ਉਹ ਕਹਿੰਦੀ ਹੈ ਕਿ:-

"ਬੇ! ਤੈਨੂੰ ਸੰਗ ਨਈਂ ਔਂਦੀ।"

"ਇਹਦੇ ਚ ਸੰਗ ਵਾਲੀ ਕਿਹੜੀ ਗੱਲ ਏ, ਬੀ ਜੀ? ਜੇ ਔਰਤ ਬਾਹਰਲੇ ਕੰਮ ਕਰ ਸਕਦੀ ਏ ਤਾਂ ਬੰਦਾ ਘਰ ਦਾ ਕੰਮ ਕਾਹਤੋਂ ਨਹੀਂ ਕਰ ਸਕਦਾ?"

"ਤਾਂ ਕੱਲ੍ਹ ਨੂੰ ਬੰਦੇ ਬੰਗਾਂ ਬੀ ਪੌਣ ਲੱਗ ਪੈਣਗੇ?"

"ਇਹਦੇ ਚ ਬੰਗਾਂ ਵਾਲੀ ਕਿਹੜੀ ਗੱਲ ਏ?"

ਹੋਰ ਆਹ ਕੀ ਆ?"

"ਇਹ ਤਾਂ ਕੰਮ ਦੀ ਡਿਵੀਜ਼ਨ ਆ। ਜੇ ਪੰਜਾਬੀ ਚ ਕਹਿਣਾ ਹੋਵੇ ਤਾਂ ਰਲ਼-ਮਿਲ ਕੇ ਕਰਨਾ, ਕਿਹਾ ਜਾ ਸਕਦਾ ਏ।"[13]

ਉਹ ਨਹੀਂ ਚਾਹੁੰਦੀ ਕਿ ਉਸ ਦੀ ਨੂੰਹ ਘਰ ਦਾ ਕੰਮ ਛੱਡ ਕੇ ਘਰੋਂ ਬਾਹਰ ਜਾਂ ਕੇ ਕੰਮ ਕਰੇ ਉਹ ਤੇ ਨਾ ਹੀ ਉਹ ਇਹ ਚਾਹੁੰਦੀ ਹੈ ਕਿ ਉਸ ਦੀ ਨੂੰਹ ਘਰੋ ਬਾਹਰ ਜਾਂ ਕੇ ਆਪਣੀ ਮਰਜ਼ੀ ਨਾਲ ਕੰਮ ਕਰੇ ਤੇ ਆਜ਼ਾਦੀ ਮਾਣੇ। ਇਸ ਲਈ ਉਹ ਆਪਣੇ ਕੰਮ ਤੋਂ ਆ ਕੇ ਉਹ ਪੂਰੇ ਰੋਹਬ ਨਾਲ ਬੈਠ ਕੇ ਬੱਸ ਟੈਲੀਵਿਜ਼ਨ ਦੇਖਦੀ ਹੈ। ਉਹ ਆਪਣੇ ਪਤੀ ਦੇ ਕਹਿਣ ਤੇ ਵੀ ਆਪਣੀ ਨੂੰਹ ਨਾਲ ਰਸੋਈ ਵਿਚ ਜਾਂ ਕੇ ਕੰਮ ਨਹੀਂ ਕਰਾਉਂਦੀ। ਉਹ ਇਸ ਕਰਕੇ ਗ਼ੁੱਸੇ ਵਿਚ ਹੈ ਕਿ ਉਸ ਦੀ ਨੂੰਹ ਬਾਹਰ ਨੌਕਰੀ ਕਰੇ। ਮਨਜੀਤ ਘਰ ਅਤੇ ਬਾਹਰ ਦੋਹਾਂ ਦਾ ਕੰਮ ਇਕੱਲੀ ਕਰਦੀ ਹੈ ਪਰ ਫਿਰ ਵੀ ਚੁੱਪ ਰਹਿੰਦੀ ਹੈ ਕਿਉਂਕਿ ਉਸ ਦਾ ਪਤੀ ਉਸ ਦੀ ਪੂਰੀ ਮਦਦ ਕਰਦਾ ਹੈ। ਪਰ ਇਸ ਕੰਮ ਦੇ ਕਾਰਨ ਉਨ੍ਹਾਂ ਦੋਹਾਂ ਦੇ ਰਿਸ਼ਤੇ ਤੇ ਬਹੁਤ ਅਸਰ ਪੈਦਾ ਹੈ ਕਿਉਂਕਿ ਉਹ ਕੰਮ ਤੋਂ ਥੱਕੀ ਟੁੱਟੀ ਆਉਂਦੀ ਤੇ ਸਾਰਾ ਕੰਮ ਇਕੱਲੀ ਕਰਦੀ ਹੋਣ ਦੇ ਕਾਰਨ ਉਹ ਆਪਣੀ ਪਤੀ ਨੂੰ ਪੂਰਾ ਸਮਾ ਨਹੀਂ ਦੇ ਪਾਉਂਦੀ ਕਿਉਂਕਿ ਉਹ ਇੰਨੀ ਥੱਕੀ ਹੁੰਦੀ ਹੈ ਕਿ ਉਸ ਦਾ ਮਨ ਨਾ ਤਾਂ ਕੋਈ ਗੱਲ ਕਰਨ ਨੂੰ ਕਰਦਾ ਹੈ ਤੇ ਨਾ ਹੀ ਪਤੀ ਪਤਨੀ ਵਾਲਾ ਰਿਸ਼ਤਾ ਨਿਭਾਉਣ ਨੂੰ। ਉਹ ਬੱਸ ਆਰਾਮ ਕਰਨਾ ਚਾਹੁੰਦੀ ਹੈ। ਸੌਣਾ ਚਾਹੁੰਦੀ ਹੈ: -

ਜਦ ਵੀ ਸੁਖਵਿੰਦਰ ਮਨਜੀਤ ਨੂੰ ਛੋਹਣ ਲੱਗਦਾ, ਉਹ ਤੜਫ਼ ਕੇ ਪਰ੍ਹਾਂ ਹੋ ਜਾਂਦੀ ਜਿਵੇਂ ਉਹਦੇ ਹੱਥ ਪਿਆਰ ਦੇ ਪ੍ਰੇਰਕ ਹੋਣ ਦੀ ਥਾਂ ਦੁੱਖ ਦਾ ਸਬੱਬ ਬਣ ਗਏ ਹੋਣ। ਉਨ੍ਹਾਂ ਵਿਚ ਪਿਆਰ ਜਾਂ ਸਹਾਨਭੂਤੀ ਦੀ ਕੋਮਲ ਭਾਵਨਾ ਦੀ ਥਾਂ ਕੋਈ ਸੁਆਰਥੀ ਸੰਕੇਤ ਹੋਵੇ। ਪਤਨੀ ਦੇ ਇਸ ਪ੍ਰਤੀਕਰਮ ਨਾਲ ਸੁਖਵਿੰਦਰ ਦੀ ਮਰਦ ਹਉਮੈ ਫੱਟੜ ਹੋ ਜਾਂਦੀ, ਰੂਹ ਲੀਰੋ ਲੀਰ।

ਪਤੀ ਦੇ ਚਿਹਰੇ ਤੇ ਪੀੜ ਦੀਆਂ ਰੇਖਾਵਾਂ ਉੱਘੜੀਆਂ ਦੇਖ ਕੇ ਮਨਜੀਤ ਦਾ ਦਿਲ ਛੋਟਾ ਜਿਹਾ ਹੋ ਜਾਂਦਾ। ਉਹ ਤੜਫ਼ ਕੇ ਰਹਿ ਜਾਂਦੀ। ਦਿਲ ਕਰਦਾ ਕਿ ਦੌੜ ਕੇ ਉਹਨੂੰ ਗਲ਼ਵੱਕੜੀ ਜਾ ਪਾਵੇ। ਪਰ ਚਾਹੁੰਦੀ ਹੋਈ ਵੀ ਆਪਣੀ ਇੱਛਾ ਤੇ ਅਮਲ ਨਾ ਕਰ ਸਕਦੀ। ਤਨ ਵਿਚ ਇੰਨੀ ਸਮਰੱਥਾ ਹੀ ਨਹੀਂ ਸੀ ਹੁੰਦੀ। ਸ਼ਕਤੀ ਨਾਲੋਂ ਵੀ ਇਸ ਗੱਲ ਦਾ ਵਧ ਡਰ ਹੁੰਦਾ ਕਿ ਕਿਤੇ ਉਸ ਦੇ ਸਰੀਰ ਦੀਆਂ ਰਗੜਾਂ-ਸੱਟਾਂ ਦੇਖ ਨਾ ਲਵੇ।[14]

ਪਰ ਉਹ ਆਪ ਵੀ ਉਸ ਨਾਲ ਸੌਣਾ ਚਾਹੁੰਦੀ ਸੀ ਕਿਉਂਕਿ ਉਹ ਵੀ ਆਪਣੇ ਪਤੀ ਨੂੰ ਖ਼ੁਸ਼ ਦੇਖਣਾ ਚਾਹੁੰਦੀ ਸੀ ਪਰ ਉਹ ਆਪਣੇ ਸਰੀਰ ਤੇ ਕੰਮ ਦੌਰਾਨ ਲੱਗੀਆਂ ਸੱਟਾਂ ਤੋਂ ਵੀ ਡਰ ਦੀ ਸੀ ਕਿ ਉਹ ਇਹ ਦੇਖ ਕੇ ਕਿਤੇ ਕੁਝ ਗ਼ਲਤ ਹੀ ਨਾਂ ਸਮਝ ਲਵੇ:-

ਇਕ ਪਾਸੇ ਉਹ ਆਪਣੇ ਸਾਥੀ ਦੀ ਲੋੜ ਮਹਿਸੂਸ ਕਰਦੀ ਸੀ। ਉਹਦੇ ਆਪਣੇ ਤਨ ਦੀ ਭੁੱਖ ਵੀ ਹੁੰਦੀ ਸੀ। ਪਰ ਦੂਜੇ ਪਾਸੇ ਇਹ ਡਰ ਵੀ ਸੀ ਕਿ ਪੱਛਿਆ ਤਨ ਪਤੀ ਨੂੰ ਸੁੱਖ ਦੇਣ ਦੀ ਥਾਂ ਕਿਧਰੇ ਦੁੱਖ ਦਾ ਕਾਰਨ ਨਾ ਬਣ ਜਾਵੇ। ਤੇ ਗ਼ੁੱਸੇ ਵਿਚ ਉਹ ਕੋਈ ਐਸੀ ਵੈਸੀ ਹਰਕਤ ਨਾ ਕਰ ਦੇਵੇ।[15]

ਇਕ ਸਨਿਚਰਵਾਰ ਰਾਤੀਂ ਸੁਖਵਿੰਦਰ ਬਹੁਤ ਹੀ ਖਹਿੜੇ ਪੈ ਗਿਆ। ਉਹ ਟਾਲਣ ਲਈ ਕਹਿਣ ਲੱਗੀ, "ਜੀ ਮੇਰੀ ਤਬੀਅਤ ਠੀਕ ਨਹੀਂ।"

"ਕੀ ਹੋਇਆ, ਤੇਰੀ ਤਬੀਅਤ ਨੂੰ?

"ਮੈਂ ਦੱਸ ਨਹੀਂ ਸਕਦੀ।"

"ਚੰਗਾ ਨਾ ਦੱਸ," ਸੁਖਵਿੰਦਰ ਗ਼ੁੱਸੇ ਵਿਚ ਦੂਜੇ ਪਾਸੇ ਮੂੰਹ ਕਰਕੇ ਪੈ ਗਿਆ। ਮਨਜੀਤ ਤੜਫ਼ ਕੇ ਰਹਿ ਗਈ। ਦਿਲ ਨੇ........................................................ ਤੇ ਕੰਧ ਨੂੰ ਘੂਰਨ ਲੱਗ ਪਈ।[16]

ਉਸ ਦਾ ਸੌਹਰਾ ਉਸ ਲਈ ਦੁੱਖ ਪ੍ਰਗਟ ਕਰਦਾ ਹੈ ਪਰ ਉਹ ਔਰਤਾਂ ਦੇ ਮਾਮਲੇ ਵਿਚ ਕੁਝ ਬੋਲਣਾ ਨਹੀਂ ਚਾਹੁੰਦਾ ਕਿ ਉਸ ਦੀ ਪਤਨੀ ਇਸ ਗੱਲ ਦਾ ਕੋਈ ਗ਼ਲਤ ਮਤਲਬ ਨਾ ਕੱਢ ਲਵੇ। ਉਹ ਜਦੋਂ ਵੀ ਉਸ ਨੂੰ ਮਨਜੀਤ ਨਾਲ ਕੰਮ ਕਰਾਉਣ ਲਈ ਕਹਿੰਦਾ ਤਾਂ ਉਸ ਨਾਲ ਬਹੁਤ ਹੀ ਬੁਰੀ ਤਰ੍ਹਾਂ ਗੱਲ ਕਰਦੀ ਹੈ ਤੇ ਮਨਜੀਤ ਨਾਲ ਰਸੋਈ ਵਿਚ ਜਾਂ ਕੇ ਕੰਮ ਕਰਾਉਣ ਲੱਗੀ ਤਾਂ ਮਨਜੀਤ ਭਾਰਤੀ ਸੰਸਕਾਰਾਂ ਵਿਚ ਬੰਨ੍ਹੀ ਹੋਈ ਸ਼ਰਨ ਕੌਰ ਆਪੇ ਕੰਮ ਕਰਨ ਲਈ ਕਹਿੰਦੀ ਹੈ ਕਿ ਸ਼ਰਨ ਕੌਰ ਕਹਿੰਦੀ ਹੈ ਕਿ:-

"ਤੇਰੇ ਸੌਹਰੇ ਦੀ ਤਾਂ ਜਾਨ ਟੁੱਟਦੀ ਆ ਤੈਨੂੰ ਕੰਮ ਕਰਦੀ ਦੇਖ ਕੇ ਤੇ ਤੂੰ ਆਖਦੀ ਆ, ਆਪੇ ਕਰ ਲਊਂ!"

ਫਿਰ ਗੱਲ ਬਦਲ ਕੇ ਕਹਿੰਦੀ ਹੈ ਕਿ

"ਕਿੰਨਾ ਕਿਹਾ ਸੀ ਤੈਨੂੰ ਬਾਈ ਕੰਮ ਆਲਾ ਫਾਹਾ ਨਾ ਲੈ। ਮੈਨੂੰ ਪਤਾ, ਕੰਮੋਂ ਆ ਕੇ ਘਰ ਦਾ ਕੰਮ ਚੁੱਕਣਾ ਕਿੰਨਾ ਔਖਾ ਹੁੰਦਾ। ਮੈਂ ਆਪ ਇਸ ਸਭ ਕਾਸੇ ਚੋਂ ਲੰਘੀ ਆਂ।"

ਤੁਸੀਂ ਕਿਹਾ ਤਾਂ ਬਥੇਰਾ ਸੀ ਬੀ ਜੀ।"

"ਫੇਰ?"

"ਘਰ ਬੈਠੀ ਦਾ ਦਿਨ ਨਹੀਂ ਸੀ ਲੰਘਦਾ।"[17]

## ਗਿਰਵੀ ਹੋਏ ਮਨ ਨਾਵਲ ਵਿਚ ਔਰਤ-ਮਰਦ ਸਬੰਧ

ਗਿਰਵੀ ਹੋਏ ਮਨ ਨਾਵਲ ਨਕਸ਼ਦੀਪ ਪੰਜਕੋਹਾ ਦੁਆਰਾ ਰਚਿਆ ਬਹੁਤ ਹੀ ਵਧੀਆਂ ਨਾਵਲ ਹੈ। ਜਿਸ ਦਾ ਆਧਾਰ ਉਸ ਨੇ ਸਮਾਜ ਦੀ ਅਹਿਮ ਕੜੀ ਪਰਿਵਾਰ ਅਤੇ ਪਰਿਵਾਰ ਦੀ ਅਹਿਮ ਕੜੀ ਔਰਤ-ਮਰਦ ਸਬੰਧ ਨੂੰ ਆਧਾਰ ਬਣਾ ਕੇ ਆਪਣੀ ਰਚਨਾ ਨੂੰ ਸੰਪੂਰਨ ਕੀਤਾ ਹੈ। ਇਸ ਨਾਵਲ ਵਿਚ ਉਸ ਨੇ ਪੂਰੇ ਵਿਸਥਾਰ ਨਾਲ ਇਨ੍ਹਾਂ ਸਬੰਧਾਂ ਨੂੰ ਬਿਆਨ ਕੀਤਾ ਹੈ ਕਿਉਂਕਿ ਇਨ੍ਹਾਂ ਸਬੰਧਾਂ ਤੋਂ ਬਿਨਾ ਨਾ ਸਮਾਜ ਦੀ ਉਸਾਰੀ ਹੋ ਸਕਦੀ ਹੈ ਤੇ ਨਾ ਹੀ ਪਰਿਵਾਰ ਦੀ। ਇਨ੍ਹਾਂ ਸਬੰਧਾਂ ਦੇ ਰਾਹੀ ਹੀ ਇਨਸਾਨ ਆਪਣੀ ਜ਼ਿੰਦਗੀ ਜਿਊਂਦਾ ਹੈ ਤੇ ਆਪਣੇ ਪਰਿਵਾਰ ਦੀ ਦੇਖਭਾਲ ਕਰਦਾ ਹੈ ਪਰ ਕਈ ਵਾਰ ਪਰਿਵਾਰ ਦੀ ਦੇਖਭਾਲ ਕਰਨ ਵਿਚ ਉਹ ਆਪਣੇ ਆਪ ਤੋਂ ਬਾਹਰ ਹੋ ਜਾਂਦਾ ਹੈ। ਜਿਸ ਨਾਲ ਉਹ ਆਪਣੇ ਪਰਿਵਾਰ ਨਾਲੋਂ ਪੂਰੀ ਟੁੱਟ ਜਾਂਦਾ ਹੈ। ਉਹ ਆਪਣੇ ਪਰਿਵਾਰ ਨੂੰ ਆਪਣੇ ਅਨੁਸਾਰ ਚਲਾਉਣ ਲੱਗ ਜਾਂਦਾ ਹੈ। ਜਿਸ ਕਾਰਨ ਉਸ ਨੂੰ ਇਹ ਵੀ ਭੁੱਲ ਜਾਂਦਾ ਹੈ ਕਿ ਉਸ ਦੇ ਪਰਿਵਾਰ ਦੀ ਆਪਣੀ ਵੀ ਕੋਈ ਨਿੱਜੀ ਜ਼ਿੰਦਗੀ ਹੈ। ਉਹ ਹਮੇਸ਼ਾ ਇਸ ਗੱਲ ਵਿਚ ਹੀ ਫਸਿਆਂ ਰਹਿੰਦਾ ਹੈ ਕਿ ਉਸ ਦੇ ਪਰਿਵਾਰ ਲਈ ਉਸ ਤੋਂ ਵਧੀਆਂ ਕੋਈ ਹੋਰ ਨਾ ਤਾਂ ਸੋਚ ਸਕਦਾ ਹੈ ਤੇ ਨਾ ਹੀ ਹੋਰ ਕੁਝ ਵਧੀਆਂ ਹੋ ਸਕਦਾ ਹੈ। ਮਰਦ ਹਮੇਸ਼ਾ ਆਪਣੇ ਅਨੁਸਾਰ ਹੀ ਆਪਣਾ ਆਲਾ ਦੁਆਲਾ ਦੇਖਣਾ ਚਾਹੁੰਦਾ ਹੈ ਕਿਉਂਕਿ ਉਸ ਨੂੰ ਆਪਣੀ ਮੈਂ ਤੋਂ ਇਲਾਵਾ ਉਸ ਨੂੰ ਹੋਰ ਕੁਝ ਦਿਸਦਾ ਵੀ ਨਹੀਂ ਹੈ ਤੇ ਨਾ ਹੀ ਉਹ ਹੋਰ ਕੁਝ ਦੇਖਣਾ ਚਾਹੁੰਦਾ ਹੈ ਇਸੇ ਲਈ ਉਹ ਸਭ ਕੁਝ ਆਪਣੇ ਕੰਟਰੋਲ ਵਿਚ ਕਰਨ ਦੀ ਚਾਹ ਵਿਚ ਆਪਣਾ ਬਣਿਆ ਬਣਾਇਆ ਸਭ ਕੁਝ ਬਰਬਾਦ ਕਰ ਲੈਂਦਾ ਹੈ।

ਇਸੇ ਤਰ੍ਹਾਂ ਦੀ ਕਸ਼ਮਕਸ਼ ਨੂੰ ਨਕਸ਼ਦੀਪ ਪੰਜਕੋਹਾ ਨੇ ਆਪਣੇ ਨਾਵਲ ਗਿਰਵੀ ਹੋਏ ਮਨ ਵਿਚ ਬਹੁਤ ਹੀ ਖ਼ੂਬਸੂਰਤੀ ਨਾਲ ਸੰਸਾਰ ਜੋ ਕਿ ਇਸ ਨਾਵਲ ਦਾ ਮੁੱਖ ਪਾਤਰ ਹੈ ਰਾਹੀ ਬਿਆਨ ਕੀਤਾ ਹੈ। ਸੰਸਾਰ ਭਾਰਤ ਵਿਚੋਂ ਵਿਦੇਸ਼ ਆਪਣੀ ਅਤੇ ਆਪਣੇ ਪਰਿਵਾਰ ਦੀ ਦੇਖ-ਰੇਖ ਅਤੇ ਉਨ੍ਹਾਂ ਦੀ ਲੋੜ ਪੂਰੀ ਕਰਨ ਲਈ ਇਕ ਟਰੱਕ ਡਰਾਈਵਰ ਦੇ ਤੋਰ ਤੇ ਜਾਂਦਾ ਹੈ। ਉਹ ਆਪਣੇ ਕੰਮ ਨਾਲ ਮਤਲਬ ਰੱਖਣ ਵਾਲਾ ਇਕ ਵਧੀਆਂ ਪਾਤਰ ਹੈ ਉਸ ਦੇ ਉੱਥੇ ਜਾਂ ਕੇ ਕਈ ਔਰਤਾਂ

ਨਾਲ ਸਬੰਧ ਵੀ ਬਣਦੇ ਹਨ ਪਰ ਪੱਕੇ ਤੋਰ ਤੇ ਉਹ ਕਿਸੇ ਵੀ ਔਰਤ ਦੇ ਨਾਲ ਨਹੀਂ ਰਹਿੰਦਾ। ਅਚਾਨਕ ਡੋਰਥੀ ਨਾਲ ਉਸ ਦੀ ਇਕ ਹੀ ਮੁਲਾਕਾਤ ਉਸ ਦੀ ਜ਼ਿੰਦਗੀ ਬਦਲਣ ਵਿਚ ਬਹੁਤ ਮਦਦ ਕਰਦੀ ਹੈ ਕਿਉਂਕਿ ਉਸ ਨੂੰ ਡੋਰਥੀ ਦੀ ਲੋੜ ਅਤੇ ਡੋਰਥੀ ਨੂੰ ਉਸ ਦੀ ਲੋੜ ਦਾ ਪਤਾ ਹੁੰਦਾ ਹੈ। ਡੋਰਥੀ ਵੀ ਆਪਣੇ ਬੁਆਏ ਫਰੈਂਡ ਕੋਲੋਂ ਆਪਣਾ ਦਿਲ ਤੁੜਵਾ ਚੁੱਕੀ ਹੈ। ਉਸ ਨੂੰ ਸੰਸਾਰ ਵਰਗੇ ਦੋਸਤ ਦੀ ਹੀ ਉਸ ਵੇਲੇ ਲੋੜ ਹੁੰਦੀ ਹੈ ਤੇ ਸੰਸਾਰ ਵੀ ਉਸ ਵੇਲੇ ਕਿਸੇ ਪੱਕੀ ਕੁੜੀ ਦੀ ਭਾਲ ਵਿਚ ਹੁੰਦਾ ਹੈ। ਉਹ ਡੋਰਥੀ ਨਾਲ ਰਹਿਣ ਲਈ ਮੰਨ ਜਾਂਦਾ ਹੈ। ਡੋਰਥੀ ਤੇ ਉਸ ਦੀ ਮਾਂ ਨੂੰ ਪਤਾ ਹੈ ਕਿ ਸੰਸਾਰ ਵਰਗੇ ਕੱਚੇ ਮੁੰਡੇ ਵਿਦੇਸ਼ ਵਿਚ ਰਹਿਣ ਲਈ ਉੱਥੋਂ ਦੀਆਂ ਔਰਤਾਂ ਨਾਲ ਕੱਚਾ ਵਿਆਹ ਕਰਵਾਉਂਦੇ ਹਨ। ਇਸ ਲਈ ਹੀ ਸੰਸਾਰ ਉਸ ਨੂੰ ਕਹਿੰਦਾ ਹੈ ਕਿ:-

ਡੋਰਥੀ ਦਾ ਹੱਥ ਫੜ ਕੇ ਸੰਸਾਰ ਨੇ ਆਖਿਆ, " ਵੇਖ ਡੋਰਥੀ, ਮੈਂ ਤਾਂ ਵਿਆਹ ਤੇਰੇ ਨਾਲ ਕਰਵਾਉਣਾ ਹੀ ਤਾਂ ਹੈ ਤਾਂਕਿ ਮੈਨੂੰ ਗਰੀਨ-ਕਾਰਡ ਮਿਲ ਜਾਵੇ ਤੇ ਤੇਰੀ ਮਾਂ ਸੱਚੀ ਹੈ।"[18]

ਉਸ ਸਮੇਂ ਉਸ ਨੂੰ ਸਿਰਫ਼ ਡੋਰਥੀ ਨਾਲ ਹੀ ਮਤਲਬ ਹੁੰਦਾ ਹੈ ਕਿ ਉਹ ਉਸ ਨੂੰ ਪੱਕਾ ਕਰਵਾ ਦੇਵੇ। ਕੁਝ ਸਮੇਂ ਬਾਅਦ ਡੋਰਥੀ ਸੰਸਾਰ ਨਾਲ ਪੱਕਾ ਵਿਆਹ ਕਰਵਾ ਲੈਂਦੀ ਹੈ ਤੇ ਉਸ ਨੂੰ ਪਤਾ ਕਿ ਸੰਸਾਰ ਨੂੰ ਉਸ ਨਾਲ ਸਿਰਫ਼ ਇੰਨਾ ਹੀ ਮਤਲਬ ਹੈ ਪਰ ਬਹੁਤ ਹੈਰਾਨ ਹੁੰਦੀ ਇਹ ਸੁਣ ਕਿ ਸੰਸਾਰ ਉਸ ਨੂੰ ਕਦੀ ਵੀ ਨਹੀਂ ਛੱਡੇ ਗਾ ਕਿਉਂਕਿ ਉਹ ਉਸ ਨੂੰ ਬਹੁਤ ਪਿਆਰ ਕਰਨ ਲੱਗਾ ਹੈ ਤੇ ਉਸ ਨਾਲ ਪੱਕਾ ਵਿਆਹ ਕਰਵਾ ਕਿ ਉਸ ਨਾਲ ਪੱਕੇ ਤੋਰ ਤੇ ਰਹਿਣਾ ਚਾਹੁੰਦਾ ਹੈ। ਡੋਰਥੀ ਵੀ ਇਸੇ ਪਲ ਦੀ ਉਡੀਕ ਵਿਚ ਹੈ ਕਿ ਸੰਸਾਰ ਉਸ ਨੂੰ ਕਹਿ ਦੇਵੇ ਕਿ ਉਹ ਉਸ ਬਿਨਾਂ ਨਹੀਂ ਰਹਿ ਸਕਦਾ। ਜਦੋਂ ਉਸ ਨੂੰ ਪੂਰਾ ਯਕੀਨ ਹੋ ਜਾਂਦਾ ਹੈ ਕਿ ਸੰਸਾਰ ਉਸ ਨਾਲ ਪੱਕੇ ਤੌਰ ਤੇ ਰਹਿਣਾ ਚਾਹੁੰਦਾ ਹੈ ਤਾਂ :-

ਡੋਰਥੀ, ਬੋਲੀ, "ਫੇਰ ਜਨਾਬ ਗਰੀਨ-ਕਾਰਡ ਦੀ ਖ਼ਾਤਰ ਵਿਆਹ ਕਰਵਾ ਕੇ ਪੱਕੇ ਤੌਰ ਤੇ ਹੀ ਮੇਰਾ ਬਣ ਗਿਆ ਤੂੰ।"

"ਡੋਰਥੀ, ਇਹ ਤਾਂ ਵਾਹ ਪਏ ਤੋਂ ਪਤਾ ਚੱਲਿਆ ਕਿ ਤੂੰ ਹੀਰਾ ਏਂ, ਨਹੀਂ ਤਾਂ ਜਿੰਨੀਆਂ ਵੀ ਮਿਲੀਆਂ, ਸਭ ਨਾਲ ਸੌਦੇ ਹੀ ਕਰਨੇ ਪਏ ਤਾਂ ਹੀ ਆਦਤ ਮੁਤਾਬਿਕ ਤੇਰੇ ਨਾਲ ਸੌਦਾ ਕੀਤਾ ਸੀ।"

ਬੜੇ ਫ਼ਖਰ ਨਾਲ ਡੋਰਥੀ ਨੇ ਕਿਹਾ, "ਫੇਰ ਤੇਰੇ ਦੋਸਤ ਕਹਿੰਦੇ ਹੋਣਗੇ ਕਿ ਤੈਨੂੰ ਪੱਕੇ ਜਾਲ ਚ ਫਸਾ ਲਿਆ ਮੈਂ", ਤੇ ਉਹ ਹੱਸਣ ਲੱਗੀ।

ਉਸ ਦੇ ਨਾਲ ਹੱਸਦਿਆਂ ਉਸ ਨੇ ਕਿਹਾ, "ਤੇਰੀ ਸਿਫ਼ਤ ਤੇਰੇ ਸਾਹਮਣੇ ਕਰਦਾ ਮੈਂ ਚੰਗਾ ਨਹੀਂ ਲੱਗਦਾ, ਉਹ ਕੀ ਜਾਣਨ ਕਿ ਮੈਂ ਡੋਰਥੀ ਨੂੰ ਪਾ ਕੇ ਕੀ ਖੱਟ ਲਿਆ ਹੈ।"[19]

ਉਨ੍ਹਾਂ ਦੀ ਜ਼ਿੰਦਗੀ ਬਹੁਤ ਵਧੀਆਂ ਚੱਲ ਰਹੀ ਹੁੰਦੀ ਹੈ ਕਿ ਸੰਸਾਰ ਭਾਰਤ ਜਾਣ ਦੀ ਤਿਆਰੀ ਕਰਾ ਹੈ ਤੇ ਡੋਰਥੀ ਸਮਝ ਜਾਂਦੀ ਹੈ ਕਿ ਉਹ ਉੱਥੇ ਕੁੜੀ ਦੇਖਣ ਜਾਂ ਰਿਹਾ ਹੈ ਉਹ ਉਸ ਨਾਲ ਜਾਣ ਦੀ ਬਹੁਤ ਕੋਸ਼ਿਸ਼ ਕਰਦੀ ਹੈ ਪਰ ਸੰਸਾਰ

ਉਸ ਨੂੰ ਟਾਲ ਦਿੰਦਾ ਹੈ ਕਿ ਉਸ ਨੂੰ ਅਗਲੀ ਵਾਰ ਪੱਕਾ ਭਾਰਤ ਲੈ ਕੇ ਜਾਵੇਗਾ। ਡੋਰਥੀ ਨੂੰ ਆਪਣੇ ਨਾਲ ਨਾ ਲੈ ਕੇ ਜਾਣਾ ਹੀ ਉਨ੍ਹਾਂ ਦੇ ਰਿਸ਼ਤੇ ਟੁੱਟਣ ਦੀ ਪਹਿਲੀ ਕੜੀ ਬਣਦੀ ਹੈ। ਉਸ ਨੂੰ ਲੱਗਦਾ ਹੈ ਕਿ ਸੰਸਾਰ ਉਸ ਨੂੰ ਧੋਖਾ ਦੇ ਰਿਹਾ ਹੈ। ਤਿੰਨ ਹਫ਼ਤਿਆਂ ਦੀ ਛੁੱਟੀ ਮਿਲੀ ਤਾਂ ਸੰਸਾਰ ਨੇ ਭਾਰਤ ਜਾਣ ਦੀ ਸੋਚੀ ਤਾਂ ਡੋਰਥੀ ਉਸ ਨਾਲ ਜਾਣਾ ਚਾਹੁੰਦੀ ਸੀ ਪਰ ਸੰਸਾਰ ਉਸ ਨੂੰ ਨਾਲ ਨਹੀਂ ਲੈ ਕੇ ਜਾਣਾ ਚਾਹੁੰਦਾ:-

"ਦੋਨੋਂ ਜਾਵਾਂਗੇ, ਖਰਚਾ ਦੁੱਗਣਾ ਹੋਵੇਗਾ", ਸੰਸਾਰ ਟਾਲਦਾ।

"ਇਹ ਕੀ ਗਲ? ਜਦ ਛੁੱਟੀ ਤੇ ਜਾਈਦਾ ਹੈ, ਖਰਚਾ ਤਾਂ ਹੋਵੇਗਾ ਹੀ।" ਡੋਰਥੀ ਆਖਦੀ।

ਇਸ ਗੱਲ ਦਾ ਸਹੀ ਜਵਾਬ ਕੋਲ ਨਾ ਹੋਣ ਕਾਰਨ ਸੰਸਾਰ ਆਖਦਾ, "ਡੋਰਥੀ ਇਸ ਵਾਰ ਮੈਨੂੰ ਇਕੱਲੇ ਨੂੰ ਜਾ ਆਉਣ ਦੇ।"

"ਪਰ ਤੂੰ ਇਕੱਲਾ ਕਿਉਂ ਜਾਣਾ ਚਾਹੁੰਦਾ ਹੈਂ?" ਡੋਰਥੀ ਪੁੱਛਦੀ।

ਇਸ ਦਾ ਸੰਸਾਰ ਕੋਈ ਜਵਾਬ ਨਾ ਦੇਂਦਾ। ਉਸ ਦੇ ਮਨ ਅੰਦਰ ਜੋ ਸੀ ਉਹ ਡੋਰਥੀ ਨਾਲ ਸਾਂਝਾ ਕਰਨ ਨੂੰ ਤਿਆਰ ਨਹੀਂ ਸੀ।[20]

ਉਸ ਸਮੇਂ ਸੰਸਾਰ ਤੇ ਪਹਾੜ ਡਿਗਦਾ ਹੈ ਜਦੋਂ ਡੋਰਥੀ ਉਸ ਕੋਲੋਂ ਬੱਚੇ ਦੀ ਮੰਗ ਕਰਦੀ ਹੈ। ਸੰਸਾਰ ਉਸ ਨੂੰ ਗੱਲਾਂ ਗੱਲਾਂ ਰਾਹੀ ਟਾਲ ਦਾ ਹੈ ਪਰ ਉਹ ਇਸ ਗੱਲ ਲਈ ਤਿਆਰ ਨਹੀਂ ਹੁੰਦੀ। ਉਨ੍ਹਾਂ ਦੇ ਰਿਸ਼ਤੇ ਵਿਚ ਇਹ ਬਹੁਤ ਵੱਡਾ ਮੋੜ ਆਉਂਦਾ ਹੈ ਜਿਸ ਨੂੰ ਲੰਘਣਾ ਸੰਸਾਰ ਲਈ ਬਹੁਤ ਔਖਾ ਹੈ ਜਦ ਕਿ ਡੋਰਥੀ ਵਾਪਸ ਮੁੜਨਾ ਨਹੀਂ ਚਾਹੁੰਦੀ । ਪਰ ਸੰਸਾਰ ਡੋਰਥੀ ਨੂੰ ਪਿਆਰ ਕਰਦਾ ਹੈ ਇਸ ਲਈ ਉਸ ਨੂੰ ਉਸ ਦੀ ਗੱਲ ਮੰਨਣੀ ਪੈਂਦੀ ਹੈ ਤੇ ਡੋਰਥੀ ਕਹਿੰਦੀ ਹੈ ਕਿ ਉਹ ਉਸ ਨੂੰ ਬੱਚਾ ਦੇ ਦੇਵੇ ਤੇ ਉਹ ਭਾਰਤ ਚਲਾ ਜਾਵੇ ਕਿਉਂਕਿ ਉਹ ਬੱਚੇ ਦੀ ਆਮਦ ਵਿਚ ਰੁੱਝੀ ਰਹੇ ਗੀ। ਉਹ ਕਹਿੰਦੀ ਹੈ ਕਿ:-

"ਚੱਲ ਇਉਂ ਕਰ, ਤੂੰ ਭਾਰਤ ਜਾ ਆ ਇਕੱਲਾ ਹੀ, ਤੇ ਮੈਂ ਬੇਬੀ ਦੀ ਆਮਦ ਚ ਪਰਚੀ ਰਹਾਂਗੀ।" ਡੋਰਥੀ ਨੇ ਅਚਾਨਕ ਉਸ ਉੱਤੇ ਸ਼ਰਤ ਰੱਖੀ।

ਸੰਸਾਰ ਫੇਰ ਚੁੱਪ ਹੋ ਗਿਆ।[21]

ਰਿਸ਼ਤਾ ਟੁੱਟਣ ਦਾ ਤੀਜਾ ਕਾਰਨ ਬਣਦਾ ਹੈ ਕਿ ਡੋਰਥੀ ਲੜਕੀ ਚਾਹੁੰਦੀ ਹੈ ਜਦ ਕਿ ਸੰਸਾਰ ਹਰ ਭਾਰਤੀ ਮਰਦ ਵਾਂਗ ਲੜਕਾ। ਪਰ ਉਸ ਦੀ ਡੋਰਥੀ ਦੇ ਸਾਹਮਣੇ ਕੋਈ ਪੇਸ਼ ਨਹੀਂ ਚਲਦੀ ਕਿਉਂਕਿ ਉਹ ਹਮੇਸ਼ਾ ਜ਼ਿੱਦ ਕਰਕੇ ਆਪਣੀ ਗੱਲ ਮਨਵਾ ਲੈਂਦੀ ਹੈ। ਜਦੋਂ ਡੋਰਥੀ ਲੜਕੀ ਨੂੰ ਜਨਮ ਦਿੰਦੀ ਹੈ ਤਾਂ ਸੰਸਾਰ ਜ਼ਿਆਦਾ ਖ਼ੁਸ਼ ਨਹੀਂ ਹੁੰਦਾ ਪਰ ਡੋਰਥੀ ਲੜਕੀ

ਹੋਣ ਤੇ ਬਹੁਤ ਖ਼ੁਸ਼ ਹੁੰਦੀ ਹੈ। ਇਸ ਲਈ ਜਦੋਂ ਡੋਰਥੀ ਉਸ ਨੂੰ ਡਲਿਵਰੀ ਰੂਮ ਵਿਚ ਬੁਲਾਉਂਦੀ ਹੈ ਤੇ ਉਹ ਨਹੀਂ ਆਉਂਦਾ ਘਰ ਆ ਕੇ ਡੋਰਥੀ ਉਸ ਨੂੰ ਕਹਿੰਦੀ ਹੈ ਕਿ:-

"ਸੰਸਾਰ, ਲੱਗਦਾ ਏ ਤੈਨੂੰ ਬੇਬੀ ਦੀ ਕੋਈ ਖ਼ੁਸ਼ੀ ਨਹੀਂ ਹੋਈ।"

"ਅਜਿਹੀ ਗੱਲ ਨਹੀਂ, ਮੈਨੂੰ ਖ਼ੁਸ਼ੀ ਹੈ।"

"ਫੇਰ ਮੂੰਹ ਤੇ ਉਦਾਸੀ ਕਾਹਦੀ?"

"ਤੈਨੂੰ ਭਰਮ ਹੈ, ਮੈਂ ਕੋਈ ਉਦਾਸ ਨਹੀਂ।"

"ਤੇਰੇ ਮੂੰਹ ਉੱਤੋਂ ਉਦਾਸ ਪੜ੍ਹੀ ਜਾ ਸਕਦੀ ਹੈ, ਸੰਸਾਰ।"[22]

ਲੜਕੀ ਹੋਣ ਤੇ ਸੰਸਾਰ ਦੀ ਚਿੰਤਾ ਬਹੁਤ ਵੱਧ ਜਾਂਦੀ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਜੇ ਉਸ ਦੀ ਲੜਕੀ ਪੱਛਮੀ ਪ੍ਰਭਾਵ ਵਿਚ ਪੈਰ ਰੱਖ ਲਿਆ ਤਾਂ ਉਸ ਤੇ ਉਸ ਦਾ ਕੋਈ ਵੀ ਕੰਟਰੋਲ ਨਹੀਂ ਰਹਿਣਾ। ਇਸ ਲਈ ਉਹ ਡੋਰਥੀ ਨੂੰ ਆਪਣੀ ਪ੍ਰੇਸ਼ਾਨੀ ਦੱਸਦਾ ਹੈ ਕਿ :-

"ਸਾਡੇ ਸਮਾਜ ਚ ਡੋਰਥੀ, ਲੜਕੀ ਘਰ ਹੋਣ ਤੇ ਬੰਦੇ ਨੂੰ ਫ਼ਿਕਰ ਹੋ ਜਾਂਦਾ ਹੈ। ਲੜਕੀ ਸਾਡੇ ਲੜਕੇ ਨਾਲੋਂ ਵੀ ਵੱਡੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ, ਇਸੇ ਗੱਲ ਦਾ ਸ਼ਾਇਦ ਮੈਨੂੰ ਅਹਿਸਾਸ ਹੋਵੇ।"[23]

ਉਹ ਉਸ ਨੂੰ ਆਪਣੇ ਦੇਸ਼ ਭਾਰਤ ਵਾਂਗ ਪਾਲਣ ਪਲੋਸਣਾ ਚਾਹੁੰਦਾ ਹੈ ਪਰ ਡੋਰਥੀ ਉਸ ਨੂੰ ਪੂਰੀ ਆਜ਼ਾਦੀ ਦੇਣੀ ਚਾਹੁੰਦੀ ਹੈ। ਇਸ ਗੱਲ ਨੂੰ ਲੈ ਕੇ ਉਨ੍ਹਾਂ ਦੋਹਾਂ ਵਿਚ ਤਕਰਾਰ ਇੰਨੀ ਵੱਧ ਜਾਂਦੀ ਹੈ ਕਿ ਉਸ ਦਾ ਰਿਸ਼ਤਾ ਉਸ ਨਾਲ ਵਿਗੜਨ ਦੀ ਤਾਦਾਦ ਤੇ ਆ ਜਾਂਦਾ ਹੈ ਪਰ ਉਹ ਉਸ ਨੂੰ ਛੱਡਣਾ ਨਹੀਂ ਕਿਉਂਕਿ ਉਸ ਨੂੰ ਪਤਾ ਹੈ ਕਿ ਜੇ ਡੋਰਥੀ ਉਸ ਨੂੰ ਛੱਡ ਕੇ ਜਾਵੇ ਗੀ ਤਾਂ ਉਸ ਦੀ ਬੱਚੀ ਵੀ ਉਸ ਨੂੰ ਛੱਡ ਕੇ ਚਲੀ ਜਾਵੇਗੀ। ਜਿਸ ਦੇ ਕਾਰਨ ਉਸ ਨੂੰ ਸਮਝ ਨਹੀਂ ਆਉਂਦੀ ਕਿ ਉਹ ਕੀ ਕਰੇ। ਉਸ ਨੂੰ ਲੱਗਦਾ ਹੈ ਕਿ ਉਸ ਦੀ ਬੱਚੀ ਉਸ ਤੋਂ ਸਦਾ ਲਈ ਦੂਰ ਚਲੀ ਜਾਵੇਗੀ। ਜਿਸ ਕਾਰਨ ਉਹ ਵੀ ਡੋਰਥੀ ਵਾਂਗ ਵੱਖ ਵੱਖ ਮਰਦਾਂ ਦੇ ਹੱਥ ਦੀ ਕਠਪੁਤਲੀ ਬਣ ਜਾਵੇਗੀ। ਕਿਉਂਕਿ ਉਹ ਤਲਾਕ ਤੋਂ ਬਾਅਦ ਜਦੋਂ ਵੀ ਡੋਰਥੀ ਨੂੰ ਮਿਲਿਆ ਉਹ ਹਰ ਵਾਰ ਉਸ ਨੂੰ ਨਵੇਂ ਹੀ (mard) ਨਾਲ ਰਹਿੰਦੀ ਹੋਈ ਮਿਲੀ ਇਸ ਲਈ ਉਹ ਆਪਣੀ ਧੀ ਲਈ ਬਹੁਤ ਫ਼ਿਕਰ ਕਰਦਾ ਹੈ। ਜਦੋਂ ਉਹ ਉਸ ਨੂੰ ਮਾਰਕ ਨਾਲ ਦੇਖਦਾ ਹੈ ਤਾਂ ਜ਼ਿਆਦਾ ਹੀ ਫ਼ਿਕਰ ਹੋ ਜਾਂਦਾ ਹੈ ਕਿ ਉਹ ਉਸ ਦੀ ਲੜਕੀ ਨਾਲ ਕਿਤੇ ਕੋਈ ਮਾੜੀ ਹਰਕਤ ਨਾ ਕਰ ਦੇਵੇ। ਇਸ ਲਈ ਉਹ ਡੋਰਥੀ ਨੂੰ ਬੱਚੀ ਦੇਣ ਲਈ ਕਹਿੰਦਾ ਹੈ:-

"ਡੋਰਥੀ, ਇਹ ਨਹੀਂ ਹੋ ਸਕਦਾ ਕਿ ਨਵਰੰਗ ਨੂੰ ਮੈਂ ਪਾਲ਼ਾਂ, ਖ਼ਰਚਾ ਤੈਨੂੰ ਫੇਰ ਵੀ ਮੈਂ ਦੇ ਦਿਆਂਗਾ।"

"ਸੰਸਾਰ ਤੂੰ ਕਿਵੇਂ ਪਾਲ ਸਕੇਂਗਾ? ਆਦਮੀ ਨੂੰ ਬੱਚਾ ਪਾਲਣਾ ਬੜਾ ਔਖਾ ਹੁੰਦਾ ਹੈ। ਇਹ ਤੂੰ ਮੰਨ ਲੈ, ਫੇਰ ਮੈਂ ਇਕ ਮਾਂ ਹਾਂ। ਨਵਰੰਗ ਨੂੰ ਮਾਂ ਦੀ ਪਿਉ ਨਾਲੋਂ ਵੀ ਜ਼ਿਆਦਾ ਲੋੜ ਹੈ, ਤੈਨੂੰ ਫ਼ਿਕਰ ਕਿਸ ਗੱਲ ਦਾ ਹੈ?" ਡੋਰਥੀ ਗੰਭੀਰ ਸੀ।[24]

ਪਰ ਡੋਰਥੀ ਉਸ ਦੀ ਆਜ਼ਾਦੀ ਨੂੰ ਲੈ ਕੇ ਸੰਸਾਰ ਨਾਲ ਹਮੇਸ਼ਾ ਲੜਦੀ ਹੈ। ਹੋਲੀ ਹੋਲੀ ਉਹ ਦੋਵੇਂ ਅਲੱਗ ਹੋ ਜਾਂਦੇ ਹਨ। ਕਾਨੂੰਨੀ ਤੋਰ ਬੱਚੇ ਤੇ ਮਾਂ ਦਾ ਹੱਕ ਹੁੰਦਾ ਹੈ। ਜਿਸ ਕਾਰਨ ਬੱਚੀ ਡੋਰਥੀ ਕੋਲ ਹੀ ਰਹਿੰਦੀ ਹੈ ਪਰ ਇਹ ਗੱਲ ਸੰਸਾਰ ਨੂੰ ਬਰਦਾਸ਼ਤ ਨਹੀਂ ਹੁੰਦੀ ਕਿ ਉਸ ਦੀ ਬੱਚੀ ਬਾਹਰਲੇ ਆਜ਼ਾਦੀ ਵਾਲੇ ਮਾਹੌਲ ਵਿਚ ਵਿਚਰੇ।

ਇਹ ਹੀ ਗੱਲ ਉਨ੍ਹਾਂ ਦੇ ਰਿਸ਼ਤੇ ਨੂੰ ਖ਼ਤਮ ਕਰਨ ਲਈ ਅੱਗੇ ਵਧਦੀ ਹੈ ਕਿਉਂਕਿ ਭਾਰਤੀ ਮਰਦ ਕਿਤੇ ਵੀ ਹੋਵੇ ਉਹ ਆਪਣੀ ਪਤਨੀ ਅਤੇ ਬੇਟੀ ਨੂੰ ਕਦੀ ਵੀ ਵਿਅਕਤੀਗਤ ਆਜ਼ਾਦੀ ਦੇਣ ਦੇ ਹੱਕ ਵਿਚ ਨਹੀਂ ਹੁੰਦਾ। ਜਿਸ ਕਾਰਨ ਉਹ ਦੋਵੇਂ ਬਿਨਾਂ ਕਿਸੇ ਲੜਾਈ ਦੇ ਆਪਣਾ ਆਪਣਾ ਰਸਤਾ ਅਲੱਗ ਕਰ ਲੈਂਦੇ ਹਨ ਤਾਂ ਜੋ ਉਨ੍ਹਾਂ ਦੀ ਵਿਅਕਤੀਗਤ ਆਜ਼ਾਦੀ ਨੂੰ ਕੋਈ ਅੜਿੱਕਾ ਨਾ ਪਵੇ। ਇਸੇ ਆਜ਼ਾਦੀ ਨੂੰ ਮਾਣਨ ਲਈ ਉਹ ਆਪਣੇ ਬੱਚੇ ਦੇ ਭਵਿੱਖ ਨੂੰ ਦਾਅ ਤੇ ਲਾ ਕੇ ਅੱਗੇ ਵਧਦੇ ਹਨ। ਕੋਈ ਵੀ ਰਿਸ਼ਤੇਦਾਰ ਕੋਈ ਵੀ ਦੋਸਤ ਮਿੱਤਰ ਉਨ੍ਹਾਂ ਦੇ ਰਿਸ਼ਤੇ ਨੂੰ ਬਚਾਉਣ ਵਿਚ ਕਾਮਯਾਬ ਨਹੀਂ ਹੁੰਦਾ ਕਿਉਂਕਿ ਉਹ ਬਿਨਾਂ ਕਿਸੇ ਦੀ ਸਲਾਹ ਦੇ ਹੀ ਆਪਣਾ ਰਿਸ਼ਤਾ ਆਪਣੇ ਹੱਥੀ ਆਪ ਖ਼ਤਮ ਕਰ ਲੈਂਦੇ ਹਨ ਤਾਂ ਜੋ ਕੱਲ੍ਹ ਨੂੰ ਉਹ ਕਿਸੇ ਦੂਜੇ ਰਿਸ਼ਤੇ ਵਿਚ ਆਪਣੇ ਆਪ ਨੂੰ ਬੰਨ੍ਹ ਸਕਣ।

ਸੰਸਾਰ ਬੇਸ਼ੱਕ ਡੋਰਥੀ ਤੋਂ ਅਲੱਗ ਹੋ ਗਿਆ ਸੀ ਪਰ ਉਸ ਦਾ ਮਨ ਆਪਣੀ ਬੇਟੀ ਦੇ ਫ਼ਿਕਰ ਵਿਚ ਹੀ ਤੜਫ਼ਦਾ ਰਹਿੰਦਾ ਸੀ। ਉਸ ਨੂੰ ਲੱਗਦਾ ਹੈ ਡੋਰਥੀ ਆਪਣੇ ਆਪ ਵਿਚ ਹੀ ਮਸਤ ਹੋਵੇਗੀ। ਉਸਨੂੰ ਬੱਚੀ ਦੀ ਕੋਈ ਫ਼ਿਕਰ ਨਹੀਂ ਹੋਵੇਗੀ। ਉਹ ਮਰਦ ਤੋਂ ਬਿਨਾਂ ਨਹੀਂ ਰਹਿ ਸਕਦੀ ਸੀ। ਇਸ ਲਈ ਉਹ ਬੱਚੀ ਦੀ ਵਧੀਆ ਪਰਵਰਿਸ਼ ਨਹੀਂ ਕਰ ਸਕੇਗੀ। ਉਸ ਦੇ ਵੱਡੀ ਹੋਣ ਤੋਂ ਬਾਅਦ ਉਹ ਵੀ ਆਪਣੀ ਮਾਂ ਵਾਂਗ ਹੀ ਮਰਦਾਂ ਦੇ ਅੱਗੇ ਪਿੱਛੇ ਘੁੰਮਿਆਂ ਕਰੇਗੀ। ਇਹ ਸਭ ਸੋਚ ਕੇ ਹੀ ਉਹ ਤੜਫ਼ ਜਾਂਦਾ ਸੀ। ਪਰ ਕਰ ਕੁਝ ਨਹੀਂ ਸਕਦਾ ਕਿਉਂਕਿ ਵਿਦੇਸ਼ ਵਿਚ ਕਾਨੂੰਨ ਪਿਤਾ ਦੇ ਨਹੀਂ ਮਾਂ ਦੇ ਹੱਕ ਵਿਚ ਹੁੰਦਾ ਹੈ ਤੇ ਬੱਚਾ ਮਾਂ ਦੇ ਨਾਲ ਹੀ ਰਹਿੰਦਾ ਹੋਣ ਕਾਰਨ ਉਹ ਚਾਹ ਕੇ ਵੀ ਕੁਝ ਨਹੀਂ ਕਰ ਸਕਦਾ।

ਉਹ ਕਈ ਵਾਰ ਆਪਣੀ ਬੇਟੀ ਨੂੰ ਮਿਲਣ ਜਾਂਦਾ ਹੈ ਪਰ ਅੰਤ ਵਿਚ ਉਸ ਦੇ ਹੱਥ ਵਿਚ ਨਿਰਾਸ਼ਾ ਹੀ ਲੱਗਦੀ ਹੈ ਜਦੋਂ ਡੋਰਥੀ ਉਸ ਨੂੰ ਉਸ ਦੀ ਬੇਟੀ ਮਿਲਣ ਲਈ ਰੋਕ ਦਿੰਦੀ ਹੈ। ਉਹ ਬਹੁਤ ਨਿਰਾਸ਼ ਹੋ ਕੇ ਵਾਪਸ ਆਉਂਦਾ ਹੈ। ਉਸਨੂੰ ਆਪਣੀ ਬੇਟੀ ਦੀ ਬਹੁਤ ਫ਼ਿਕਰ ਹੁੰਦੀ ਹੈ ਉਹ ਬਾਰ ਬਾਰ ਇਹ ਹੀ ਪਤਾ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਹੈ ਕਿ ਉਸ ਦੀ ਬੱਚੀ ਕਿਸ ਤਰਾਂ ਹੈ। ਹਰ ਵਾਰ ਉਸ ਨੂੰ ਪਤਾ ਲੱਗਦਾ ਕਿ ਉਹ ਠੀਕ ਹੈ ਪਰ ਉਸ ਨੂੰ ਤਸੱਲੀ ਨਹੀਂ ਸੀ ਮਿਲਦੀ। ਜਦੋਂ ਡੋਰਥੀ ਦੇ ਭਰਾ ਨੇ ਉਸ ਨੂੰ ਦੱਸਿਆ ਕਿ ਡੋਰਥੀ ਕਿਸੇ ਹੋਰ ਦੇ ਨਾਲ ਪਾਰਟਨਰਸ਼ਿਪ ਵਿਚ ਹੈ ਤਾਂ ਉਹ ਬਹੁਤ ਹੀ ਦੁਖੀ ਹੁੰਦਾ ਹੈ ਤੇ ਆਪਣੀ ਬੇਟੀ ਦਾ ਧੁੰਦਲਾ ਜਿਹਾ ਭਵਿੱਖ ਦੇਖ ਕੇ ਹੋਕਾ ਭਰਦਾ ਹੈ ਤੇ ਕੁਝ ਵੀ ਕਰਨ ਤੋਂ ਅਸਮਰਥ ਹੋ ਜਾਂਦਾ ਹੈ।

ਸੰਸਾਰ ਇਕੱਲਤਾ ਨੂੰ ਮਹਿਸੂਸ ਕਰਦਾ ਹੋਇਆ ਇੰਡੀਆ ਤੋਂ ਆ ਰਹੀ ਆਪਣੀ ਦੂਜੀ ਪਤਨੀ ਦੇ ਇੰਤਜ਼ਾਰ ਵਿਚ ਦਿਨ ਗਿਣਨ ਲੱਗ ਜਾਂਦਾ ਹੈ ਕਿਉਂਕਿ ਉਸ ਨੂੰ ਆਪਣੀ ਜ਼ਿੰਦਗੀ ਬਹੁਤ ਹੀ ਮਾਇਊਸ ਜਿਹੀ ਹੋਈ ਲੱਗਦੀ ਹੈ ਤੇ ਇਕੱਲਤਾ ਨੂੰ ਮਹਿਸੂਸ ਕਰਦਾ ਹੋਇਆ ਉਹ ਆਪਣਾ ਮਨ ਉਸ ਦੇ ਆਉਣ ਲਈ ਗਿਰਵੀ ਰੱਖ ਦਿੰਦਾ ਹੈ ਤਾਂ ਜੋ ਉਹ ਨਵੀਂ ਜ਼ਿੰਦਗੀ ਵਿਚ ਪਹਿਲਾ ਵਾਲੀ ਮੁਸੀਬਤ ਨਾ ਆਵੇ ਤੇ ਉਹ ਉਸ ਦੇ ਆਉਣ ਅਤੇ ਉਸ ਨੂੰ ਮਿਲਣ ਦੇ ਸੁਪਨੇ ਦੇਖਦਾ ਹੋਇਆ ਜ਼ਿੰਦਗੀ ਵਿਚ ਅੱਗੇ ਵਧਣ ਲਈ ਆਪਣਾ ਮਨ ਨਾ ਚਾਹੁੰਦਾ ਹੋਇਆ ਵੀ ਡੋਰਥੀ ਅਤੇ ਆਪਣੀ ਬੇਟੀ ਵੱਲੋਂ ਤੋੜ ਕੇ ਕਿਸੇ ਹੋਰ ਪਾਸੇ ਗਿਰਵੀ ਕਰ ਦਿੰਦਾ ਹੈ ਤਾਂ ਜੋ ਉਹ ਇਸ ਸੰਸਾਰ ਵਿਚ ਵਿਚਰ ਸਕੇ। ਇਸ ਲਈ ਉਹ ਕਹਿੰਦਾ ਹੈ ਕਿ:-

"ਗਿਰਵੀ ਧਰਿਆ ਮਨ ਕਿੰਨਾ ਓਪਰਾ ਹੁੰਦਾ ਹੈ। ਸ਼ਾਇਦ ਮਨ ਨੂੰ ਧੋਣਾ ਹੀ ਭਗਤੀ ਹੋਵੇ, ਸ਼ਾਇਦ ਇਹ ਹੀ ਰੱਬ ਦੀ ਪ੍ਰਾਪਤੀ ਹੋਵੇ, ਪਰ ਮਨ ਨੂੰ ਧੋਵਾਂ ਕਿਵੇਂ? ਸ਼ਾਇਦ ਧੋ ਹੀ ਦੇਵਾਂ ਇਸ ਮਨ ਨੂੰ, ਤੇ ਇਹਨੂੰ ਆਪਣਾ ਮਨ ਬਣਾ ਲਵਾਂ। ਪਰ ਹਾਲ ਦੀ ਘੜੀ ਮੇਰਾ ਹੌਸਲਾ ਏਡਾ ਨਹੀਂ ਕਿ ਕੋਈ ਕ੍ਰਿਸ਼ਮਾ ਵਾਪਰ ਜਾਏ......"। ਉਹ ਸੋਚਦਾ ਰਿਹਾ, "ਇਹ ਕ੍ਰਿਸ਼ਮਾ ਜ਼ਰੂਰੀ ਹੈ।"[25]

### 'ਕੰਜਕਾਂ' ਨਾਵਲ ਵਿਚ ਔਰਤ-ਮਰਦ ਸਬੰਧ

ਕੰਜਕਾਂ ਨਾਵਲ ਪਰਵਾਸੀ ਪੰਜਾਬੀ ਦੇ ਬਹੁਤ ਹੀ ਅਹਿਮ ਤੇ ਬਹੁਤ ਹੀ ਸੁਲਝੇ ਹੋਏ ਲੇਖਕ 'ਸਵਰਨ ਚੰਦਨ' ਦਾ ਲਿਖਿਆ ਹੋਇਆ ਹੈ। ਸਵਰਨ ਚੰਦਨ ਇਕ ਕੱਦਾਵਾਰ ਸਾਹਿਤਕਾਰ ਹੈ। ਇਸੇ ਕੱਦ ਕਾਰਨ ਹੀ ਉਸ ਦਾ ਨਾਂ ਦਿੱਲੀ ਸਾਹਿਤ ਅਕੈਡਮੀ ਦੇ ਇਨਾਮਾਂ ਵਿਚ ਬੋਲਦਾ ਰਿਹਾ ਹੈ। ਪਰ ਉਸਨੂੰ ਇਨਾਮ ਇਸ ਕਰਕੇ ਨਹੀਂ ਮਿਲਿਆ ਕਿਉਂਕਿ ਉਸ ਕੋਲ ਬਰਤਾਨਵੀ ਪਾਸਪੋਰਟ ਸੀ। ਉਹ ਜੰਮਿਆ ਪੰਜਾਬ ਵਿਚ, ਲਿਖਿਆ ਪੰਜਾਬੀ ਵਿਚ, ਕਿਤਾਬਾਂ ਵੀ ਪੰਜਾਬੀ ਵਿਚ ਛਪੀਆਂ ਪਰ ਉਸ ਨੂੰ ਅਜਿਹੇ ਇਨਾਮਾਂ ਤੋਂ ਵਿਰਵਾ ਰੱਖਿਆ ਹੈ।

'ਕੰਜਕਾਂ' ਇੰਗਲੈਂਡ ਵਿਚ ਪੰਜਾਬੀਆਂ ਦੇ ਪਰਵਾਸੀ ਜੀਵਨ ਨਾਲ ਖ਼ਾਸ ਕਰਕੇ ਔਰਤਾਂ ਦੀ ਸਥਿਤੀ ਤੇ ਸਮੱਸਿਆ ਨਾਲ ਸਬੰਧਿਤ ਨਾਵਲ ਹੈ। 'ਕੰਜਕਾਂ' 563 ਪੰਨਿਆਂ ਦਾ 95 ਕਾਂਡਾਂ ਵਿਚ ਵੰਡਿਆਂ ਇਕ ਵੱਡ-ਆਕਾਰੀ ਨਾਵਲ ਹੈ। ਇਹ ਨਾਵਲ ਪੰਨਿਆਂ ਦੀ ਗਿਣਤੀ ਅਤੇ ਆਕਾਰ ਪੱਖੋਂ ਹੀ ਨਹੀਂ ਸਗੋਂ ਸਮੇਂ, ਸਥਾਨ, ਪਾਤਰਾਂ ਦੀ ਗਿਣਤੀ ਤੇ ਘਟਨਾਵਾਂ ਦੇ ਜਾਲ ਪੱਖੋਂ ਵੀ ਬਹੁਤ ਵਿਸ਼ਾਲ ਹੈ।[26]

**'ਕੰਜਕਾਂ' ਸ਼ਬਦ ਦਾ ਅਰਥ ਨਾਵਲ ਦੇ ਆਧਾਰ ਤੇ**:- ਨਾਵਲ ਦਾ ਕੰਜਕਾਂ ਨਾਂ ਇਹ ਸੁਝਾਉਂਦਾ ਹੈ ਕਿ ਇਹ ਕਿਤੇ ਨਾ ਕਿਤੇ ਕੰਜਕਾਂ ਦੀ ਸਥਿਤੀ ਨਾਲ ਸਬੰਧਿਤ ਹੋਵੇਗਾ। ਭਾਰਤੀ ਸਭਿਆਚਾਰ ਵਿਚ ਕੰਜਕ, ਕਵਾਰੀ, ਵਿਆਹੀ, ਮੁਕਲਾਈ, ਗਰਭਵਤੀ ਮਾਂ ਦੇ ਅਰਥ ਭਿੰਨ ਭਿੰਨ ਹਨ। ਕੰਜਕ ਦਾ ਅਰਥ ਮਾਹਵਾਰੀ ਸ਼ੁਰੂ ਹੋਣ ਤੋਂ ਪਹਿਲਾਂ ਦੀ ਕੁਆਰੀ ਲੜਕੀ, ਜੋ ਕਾਮ ਬਾਰੇ ਕੁਝ ਨਹੀਂ ਜਾਣਦੀ। ਇਸ ਨਾਲ ਪਵਿੱਤਰਤਾ ਦੇ ਭਾਵ ਵੀ ਜੁੜੇ ਹੁੰਦੇ ਹਨ। ਕਿਸੇ ਮਰਦ ਦਾ

ਕੰਜਕ ਨੂੰ ਕਾਮ ਇੱਛਾ ਨਾਲ ਛੂਹ ਲੈਣਾ ਵੀ ਪਾਪ ਸਮਝਿਆ ਜਾਂਦਾ ਹੈ। ਭਾਰਤੀ ਲੋਕ ਵਿਸ਼ਵਾਸ ਵਿਚ ਕੰਜਕਾਂ ਦਾ ਵਿਸ਼ੇਸ਼ ਸਥਾਨ ਹੈ ਅਤੇ ਬਹੁਤ ਸਾਰੇ ਧਾਰਮਿਕ ਰਹੁ ਰੀਤਾਂ ਅਤੇ ਅਨੁਸ਼ਠਾਨਾਂ ਵਿਚ ਇਸ ਦੀ ਵਿਸ਼ੇਸ਼ ਪੂਜਾ ਕੀਤੀ ਜਾਂਦੀ ਹੈ। ਨਰਾਤਿਆਂ ਵਿਚ ਅੱਠਵੇਂ ਨਰਾਤੇ ਵਿਚ ਕੰਜਕਾਂ ਦੀ ਪੂਜਾ ਕੀਤੀ ਜਾਂਦੀ ਹੈ। ਕੰਜਕ ਲੜਕੀਆਂ ਨੂੰ ਪਵਿੱਤਰ ਭਾਵਨਾ ਨਾਲ ਰੋਟੀ ਖੁਆ ਕੇ, ਪੈਰ ਧੋਤੇ ਜਾਂਦੇ ਹਨ ਤੇ ਦਾਨ ਦੱਛਣਾ ਵੀ ਦਿੱਤੀ ਜਾਂਦੀ ਹੈ। ਮਾਹਵਾਰੀ ਤੋਂ ਮਗਰੋਂ ਲੜਕੀ ਕੁਆਰੀ ਤਾਂ ਹੁੰਦੀ ਹੈ ਪਰ ਕੰਜਕ ਨਹੀਂ ਆਖੀ ਜਾਂਦੀ। ਪੰਜਾਬੀ ਸਭਿਆਚਾਰ ਵਿਚ ਲੜਕੀ ਅਤੇ ਮੁਕਲਾਈ ਲੜਕੀ ਵਿਚ ਵੀ ਭੇਦ ਕੀਤਾ ਜਾਂਦਾ ਸੀ ਕਿਉਂਕਿ ਪਤੀ-ਪਤਨੀ ਦੇ ਸਰੀਰਕ ਸਬੰਧ ਮੁਕਲਾਵੇ ਤੋਂ ਪਿੱਛੋਂ ਹੀ ਪਰਵਾਨਿਤ ਸਨ।[27]

ਪੰਜਾਬੀ ਸਭਿਆਚਾਰ ਦੇ ਪ੍ਰਸੰਗ ਵਿਚ ਜੇ ਨਾਵਲ ਨੂੰ ਵਾਚੀਏ ਤਾਂ ਇਸ ਵਿਚ ਕੰਜਕਾਂ ਦੀ ਸਮੱਸਿਆ ਨਹੀਂ ਸਗੋਂ ਕਿਸੇ ਹੋਂਦ ਤੱਕ ਕਵਾਰੀਆਂ ਲੜਕੀਆਂ ਦੀ ਸਮੱਸਿਆ ਕਹਿ ਸਕਦੇ ਹਾਂ। ਜਿਸ ਨੂੰ ਅੰਗਰੇਜ਼ੀ ਵਿਚ ਟੀਨ-ਏਜਰ ਜਾਂ ਪੰਜਾਬੀ ਵਿਚ ਅੱਲ੍ਹੜ ਵਰੇਸ ਆਖ ਸਕਦੇ ਹਾਂ। ਨਾਵਲਕਾਰ ਨੇ ਕੰਜਕਾਂ ਸ਼ਬਦ ਦਾ ਪ੍ਰਯੋਗ ਆਪਣੇ ਹੀ ਅਰਥਾਂ ਵਿਚ ਕੀਤਾ ਹੈ ਕਿਉਂਕਿ ਉਸ ਨੇ ਜਿੰਨੀ ਵਾਰ ਵੀ ਇਸ ਸ਼ਬਦ ਦੀ ਵਰਤੋਂ ਕਿਸੇ ਲੜਕੀ ਲਈ ਕੀਤਾ ਹੈ ਉਸ ਕੰਜਕ-ਕੁਆਰੀ ਨਹੀਂ ਸਗੋਂ ਵਿਆਹੀ ਜਾਂ ਇਕ ਬੱਚੇ ਦੀ ਮਾਂ ਵੀ ਹੈ। ਕਰਤਾਰ ਦੀ ਪਤਨੀ ਦੀਪੋ ਆਪਣੀ ਨੂੰਹ ਪਿੰਕੀ ਦਾ ਪੱਖ ਪੂਰਦਿਆਂ ਆਪਣੇ ਬੇਟੇ ਨਵਤੇਜ ਨਾਲ ਝਗੜਦੀ ਆਖਦੀ ਹੈ:-

ਨੋ ਬਾਡੀ ...ਤੂੰ ਕੀ ਸਮਝਦੈਂ ਮੈਂ ਉੱਤੇ ਮਰੀ ਪਈ ਹੁੰਨੀ ਆਂ ਮੈਨੂੰ ਨਈਂ ਪਤਾ ਤੂੰ ਕਿੰਨੇ ਵਜੇ ਘਰ ਵੜਦੈਂ...ਫੇਰ ਆਉਂਦਿਆਂ ਪੈ ਜਾਨੈ, ਬਾਹਰੋਂ ਖਾ ਨਿੱਲ ਕੇ...ਨੌਂਵਾਂ ਮਹੀਨਾ ਜਾ ਰਿਹਾ ਉਹਨੂੰ ਵਿਚਾਰੀ ਕੰਜਕ ਜਿਹੀ ਨੂੰ...ਤੇ ਤੂੰ ਆਪਣੀ ਫੈਲ ਸੂਫ਼ੀਆਂ ਚ ਤੁਰਿਆ ਫਿਰਦੈਂ ਜੇ ਏਨੀਆਂ ਈ ਪਾਰਟੀਆਂ ਦਾ ਚਾਰੂ ਸੈਂ ਤਾਂ ਪਹਿਲਾਂ ਵਿਆਹ ਈ ਨਾ ਕਰੌਂਦਾ...ਤੈਨੂੰ ਕਿਸੇ ਮਜਬੂਰ ਕੀਤਾ ਸੀ?

ਇਸੇ ਪਿੰਕੀ ਦਾ ਸਹੁਰਾ ਕਰਤਾਰ ਵੀ ਉਸ ਲਈ ਕੰਜਕ ਸ਼ਬਦ ਵਰਤਦਾ ਹੈ:

ਕਰਤਾਰ ਨੇ ਸੋਚਿਆ ਸੀ ਕਿ ਉਹ ਸ਼ਾਇਦ ਕਹੇਗੀ ਕਿ ਮੈਨੂੰ ਦਿੱਲੀ ਭੇਜ ਦਿਓ। ਤੇ ਉਹ ਤਾਂ ਇਹਦੇ ਲਈ ਤਿਆਰ ਵੀ ਨਹੀਂ ਸੀ। ਉਹ ਇਸ ਕੰਜਕ ਨੂੰ ਸੈੱਟ ਕਰਨ ਲਈ ਸਭ ਕੁਝ ਕਰੇਗਾ।

ਸਮੁੱਚੇ ਨਾਵਲ ਦੇ ਪਾਠ ਤੋਂ ਜਾਪਦਾ ਹੈ ਕਿ ਭਾਵੇਂ ਨਾਵਲ ਦਾ ਨਾਂ ਕੰਜਕਾਂ ਰੱਖਿਆ ਹੈ ਪਰ ਨਾਵਲਕਾਰ ਦਾ ਅਸਲੀ ਮਕਸਦ ਬਰਤਾਨਵੀ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਬਿਆਨ ਕਰਨਾ ਹੈ ਕਿਉਂਕਿ ਭਾਰਤ ਜਿਨ੍ਹਾਂ ਲੜਕੀ ਨੂੰ ਕੰਜਕ ਦੇ ਰੂਪ ਵਿਚ ਪੂਜਦਾ ਹੈ ਬਰਤਾਨਵੀ ਸਮਾਜ ਵਿਚ ਉਹ ਹੀ ਲੜਕੀ ਆਪਣਾ ਕੰਜਕ-ਪੁਣਾ ਥਾਂ-ਥਾਂ ਤੇ ਆਪ ਹੀ ਰੋਲਦੀ ਹੈ। ਜਿਸ ਬਦਨਾਮੀ ਦੇ ਡਰ ਤੋਂ ਭਾਰਤੀ ਸਮਾਜ ਲੜਕੀਆਂ ਤੇ ਕਈ ਤਰ੍ਹਾਂ ਦੇ ਪੈਹਰੇ ਲਾਉਂਦਾ ਹੈ। ਉਨ੍ਹਾਂ ਨੂੰ ਬਰਤਾਨਵੀ ਸਮਾਜ ਬੜੇ ਹੀ ਆਦਰ ਸਤਿਕਾਰ ਨਾਲ ਤੋੜਦਾ ਹੋਇਆ ਭਾਰਤੀ ਸਮਾਜ ਦੀਆਂ ਲੜਕੀਆਂ ਦੀਆਂ ਇੱਜ਼ਤਾਂ ਬਹੁਤ ਹੀ ਬੇ-ਰਹਿਮੀ ਨਾਲ ਕੁਚਲਦਾ ਹੈ। ਭਾਰਤ ਵਿਚ ਇਸ ਇੱਜ਼ਤ ਮਾਣ ਦੇ ਲਈ ਲੜਾਈਆਂ ਤੱਕ ਹੋ

ਜਾਂਦੀਆਂ ਹਨ ਪਰ ਇਸ ਦੇ ਉਲਟ ਉਨ੍ਹਾਂ ਦੇ ਸਮਾਜ ਵਿਚ ਇਹ ਉਨ੍ਹਾਂ ਦੀ ਆਜ਼ਾਦੀ ਦੀ ਪਹਿਲੀ ਪੌੜੀ ਹੈ। ਜਿਸ ਤੇ ਚੜ੍ਹ ਕੇ ਉਹ ਬਹੁਤ ਹੀ ਮਾਣ ਮਹਿਸੂਸ ਕਰਦੇ ਹਨ। ਇਸ ਲਈ ਇਨ੍ਹਾਂ ਆਪਸੀ ਰਿਸ਼ਤੇ ਭਾਰਤੀ ਸਮਾਜ ਨਾਲੋਂ ਬਿਲਕੁਲ ਭਿੰਨ ਹਨ ਖ਼ਾਸ ਤੋਰ ਤੇ ਔਰਤ-ਮਰਦ ਸਬੰਧ। ਇਨ੍ਹਾਂ ਸਬੰਧਾਂ ਨੂੰ ਹੀ ਪੂਰੀ ਵਿਸਥਾਰ ਨਾਲ ਬਿਆਨ ਕਰਨਾ ਹੀ ਇਸ ਖੋਜ ਦਾ ਮੁੱਖ ਉਦੇਸ਼ ਹੈ।

ਸਵਰਨ ਚੰਦਨ ਨੇ ਪੰਜਾਬੀਆਂ ਦੀ ਨਵੀਨ ਪੀੜ੍ਹੀ ਨੂੰ ਖ਼ਾਸ ਕਰਕੇ ਨਵੀਂ ਪੀੜ੍ਹੀ ਨੂੰ ਖ਼ਾਸ ਕਰਕੇ ਨਵੀਂ ਪੀੜ੍ਹੀ ਦੀ ਔਰਤ ਨੂੰ ਸਮੱਸਿਆਕਾਰੀ ਦੇ ਕੇਂਦਰ ਵਿਚ ਰੱਖਿਆ। ਕੰਜਕਾਂ ਨਾਵਲ ਵਿਚ ਉਸ ਨੇ ਪਰਵਾਸੀ ਪੰਜਾਬੀ ਸਮਾਜ ਦੇ ਲਗਭਗ ਤਿੰਨ ਦਹਾਕਿਆਂ ਦੇ ਇਤਿਹਾਸ ਨੂੰ ਉਸ ਦੀ ਨਿਰੰਤਰਤਾ ਸਮੇਤ ਕਥਾਨਕੀ ਵੇਰਵਿਆਂ ਵਿਚ ਬੰਨ੍ਹਿਆ ਅਤੇ ਪੰਜਾਬੀ ਸੰਵੇਦਨਾ ਦੇ ਪਰ ਉਸਾਰ ਵਿਚ ਉੱਭਰ ਰਹੀਆਂ ਘਾੜਤਾਂ ਰਾਹੀ ਤਬਦੀਲ ਹੋਣ ਜਾਂ ਰਹੀ ਪੰਜਾਬੀ ਔਰਤ ਸੰਵੇਦਨਾ ਦੀ ਕਨਸੋ ਦਿੱਤੀ। ਉਸ ਦੀ ਪ੍ਰਾਪਤੀ ਪੰਜਾਬੀ ਪਰਵਾਸ ਦਾ ਭੂਤ ਮੁਖੀ ਇਤਿਹਾਸ ਲਿਖਣ ਦੀ ਥਾਂ ਭਾਵੀ ਭਵਿੱਖ ਦੇ ਨਕਸ਼ ਪਛਾਣਨ ਵਿਚ ਹੈ।[28]

ਸਵਰਨ ਚੰਦਨ ਦੇ ਨਾਵਲਾਂ ਵਿਚ ਪਹਿਲੇ ਪੜਾਅ ਨਾਲ ਸਬੰਧਿਤ ਔਰਤ ਦੇ ਪਰਵਾਸ ਧਾਰਨ ਕਰਨ ਦੀ ਪ੍ਰਕਿਰਿਆ ਨੂੰ ਬਾਖ਼ੂਬੀ ਬਿਆਨ ਕੀਤਾ ਗਿਆ ਹੈ। ਪਹਿਲੀ ਪੀੜ੍ਹੀ ਦੀ ਇਸ ਪਰਵਾਸੀ ਪੰਜਾਬੀ ਨੂੰ ਭੂ-ਹੇਰਵਾ, ਨਸਲੀ ਵਿਤਕਰਾ, ਕਠਿਨ ਕੰਮ ਪ੍ਰਸਥਿਤੀਆਂ, ਭਾਸ਼ਾ ਦੀ ਸਮੱਸਿਆ, ਪੰਜਾਬੀ ਮਰਦ ਦੀ ਜਾਗੀਰਦਾਰੀ/ਸਾਮੰਤਵਾਦੀ ਚੇਤਨਾ ਕਾਰਨ ਵਿਭਿੰਨ ਸੰਕਟਾਂ ਦਾ ਸਾਹਮਣਾ ਦਾ ਸਾਹਮਣਾ ਕਰਨਾ ਪਿਆ। ਬਰਤਾਨੀਆ ਦੀ ਧਰਤੀ ਤੇ ਪਹੁੰਚੀ ਇਹ ਔਰਤ ਜਾਗੀਰਦਾਰੀ ਸਮਾਜਕ ਪ੍ਰਬੰਧ ਦੀਆਂ ਕਦਰਾਂ-ਕੀਮਤਾਂ, ਜਾਤ-ਪਾਤ ਤੇ ਆਧਾਰਿਤ ਪੰਜਾਬੀ ਸਮਾਜ ਦੀ ਉਪਜ ਹੈ ਜੋ ਪੱਛਮੀ ਸਮਾਜਕ ਵਿਵਸਥਾ ਵਿਚ ਦਰਪੇਸ਼ ਮਸਲਿਆਂ ਦੇ ਸਮਾਪਨ ਲਈ ਨਿਰੰਤਰ ਰੂਪਾਂਤਰਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਦੀ ਦਿਖਾਈ ਦਿੰਦੀ ਹੈ।[29]

ਨਾਵਲਕਾਰ ਨੇ ਆਪਣੇ ਨਾਵਲੀ ਜਗਤ ਵਿਚ ਪਰਿਵਾਰਕ ਕਦਰਾਂ-ਕੀਮਤਾਂ ਤੋਂ ਟੁੱਟਣ ਤੇ ਸੰਕਟਮਈ ਹਾਲਤਾਂ ਦੇ ਭਾਗੀ ਬਣਨ ਨੂੰ ਕੁੜੀਆਂ ਦੇ ਪ੍ਰਸੰਗ ਵਿਚ ਹੀ ਚਿਤਰਿਤ ਕੀਤਾ ਜਾਂਦਾ ਹੈ। ਅਸਲ ਵਿਚ ਉਹ ਇਨ੍ਹਾਂ ਪਾਤਰਾਂ ਦੀ ਸਿਰਜਨਾ ਰਾਹੀਂ ਪੂੰਜੀਵਾਦੀ ਵਿਵਸਥਾ ਦੇ ਵਿਸ਼ਲੇਸ਼ਣ ਤੇ ਧਿਆਨ-ਕੇਂਦਰਿਤ ਕਰਦਾ ਹੈ। ਇਹ ਪਾਤਰ ਜਿੱਥੇ ਇਕ ਪਾਸੇ ਬਰਤਾਨਵੀ ਸਮਾਜ ਵਿਚ ਪ੍ਰਾਪਤ ਆਪਣੇ ਹੱਕਾਂ ਪ੍ਰਤਿ ਚੇਤੰਨ ਤੇ ਸੁਤੰਤਰ ਹਨ ਉੱਥੇ ਦੂਜੇ ਪਾਸੇ ਪੂੰਜੀਵਾਦੀ ਵਿਵਸਥਾ ਤੇ ਤਲਿੱਸਮ ਦਾ ਸ਼ਿਕਾਰ ਹੋ ਕੇ ਸੈਕਸ ਸ਼ਾਪਜ਼, ਬਲਿਊ ਫਿਲਮਜ਼ ਦਾ ਹਿੱਸਾ ਬਣਦੀਆਂ ਹਨ। ਇਸ ਨਾਵਲ ਵਿਚ ਤੇਜੀ ਤੇ ਜੱਸੀ ਇਸ ਦੀ ਮਿਸਾਲ ਬਣਦੀਆਂ ਹਨ। ਧੋਖੇ ਤੇ ਫ਼ਰੇਬ ਨਾਲ ਇਸ ਬਾਜ਼ਾਰ ਦਾ ਅੰਗ ਬਣਦੀਆਂ ਗਈਆਂ। ਇਹ ਪਾਤਰ ਬਲੈਕ ਮੇਲਰਜ਼ ਦੀ ਗ੍ਰਿਫ਼ਤ ਵਿਚੋਂ ਨਿਕਲਣ ਵਿਚ ਤਾਂ ਸਫਲ ਰਹਿੰਦੀਆਂ ਹਨ, ਪ੍ਰੰਤੂ ਫਿਰ ਖ਼ੁਦ ਪੂੰਜੀ ਆਧਾਰਿਤ ਆਪਣੇ ਵੱਡੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਦੂਸਰੀਆਂ ਲੜਕੀਆਂ ਨੂੰ ਇਸਦਾ ਮਾਧਿਅਮ

ਬਣਾਉਂਦੀਆਂ ਹਨ। ਕਿਸੇ ਹੋਟਲ ਜਾਂ ਰੈਸਟੋਰੈਂਟ ਦੀ ਮਾਲਕੀ ਅਕਾਂਖਿਆ ਵਿਚ ਉਹ ਐਸਕਾਰਟ ਗਰਲਜ਼ ਦਾ ਧੰਦਾ ਅਪਣਾਉਂਦੀਆਂ ਕਾਲ ਗਰਲਜ਼ ਸਪਲਾਈ ਕਰਨ ਦੀ ਭੂਮਿਕਾ ਨਿਭਾਉਂਦੀਆਂ ਹਨ।

ਪੂੰਜੀਵਾਦੀ ਵਿਵਸਥਾ ਵਿਚ ਮਾਂ ਬਾਪ ਵੀ ਪੂੰਜੀ ਇਕੱਤਰੀਕਰਨ ਦੀ ਦੌੜ ਵਿਚ ਇਸ ਕਦਰ ਗ੍ਰਸਤ ਹਨ ਕਿ ਔਲਾਦ ਦੀ ਅਵਹੇਲਨਾ, ਲਿੰਗਕ ਰੁਤਬੇ ਨੂੰ ਦਿੱਤੀ ਜਾਣ ਵਾਲੀ ਪ੍ਰਮੁੱਖਤਾ। ਨਵੀਂ ਪੀੜ੍ਹੀ ਦੀਆਂ ਇਨ੍ਹਾਂ ਪਾਤਰਾਂ ਦੀ ਨੈਤਿਕ ਗਿਰਾਵਟ ਦਾ ਕਾਰਨ ਬਣਦੀ ਹੈ। ਸਿੱਟੇ ਵਜੋਂ ਮਾਪਿਆ ਪ੍ਰਤਿ ਵਿਦਰੋਹ ਭਾਵੀ ਰਵੱਈਆ ਅਖ਼ਤਿਆਰ ਕਰਨ, ਆਪਣੀ ਇੱਛਾ ਤੇ ਸੁਤੰਤਰਤਾ ਨਾਲ ਮਨਮਰਜ਼ੀ ਦਾ ਜੀਵਨ-ਜਿਊਣ ਆਦਿ ਦੀਆਂ ਸਥਿਤੀਆਂ ਦੀ ਪੇਸ਼ਕਾਰੀ ਨਾਵਲ 'ਕੰਜਕਾਂ' ਵਿਚ ਅਣੂ ਪਾਤਰ ਦੇ ਸੰਦਰਭ ਵਿਚ ਹੋਈ ਦੇਖੀ ਜਾ ਸਕਦੀ ਹੈ ਜਦੋਂ ਉਹ ਬਹੁਤ ਲੇਟ ਤੇ ਸ਼ਰਾਬ ਪੀ ਕੇ ਘਰ ਆਉਂਦੀ ਹੈ ਜਿਸ ਨੂੰ ਦੇਖ ਕੇ ਉਸ ਦੀ ਮਾਂ ਨੂੰ ਗੁੱਸਾ ਚੜ੍ਹ ਜਾਂਦਾ ਹੈ ਤੇ ਉਸ ਨੂੰ ਮਾਰਦੀ ਕੁੱਟਦੀ ਵੀ ਹੈ ਜਿਵੇਂ:-

ਮਾਂ ਨੂੰ ਹੋਰ ਗੁੱਸਾ ਚੜ੍ਹਿਆ। ਦੀਪੂ ਉੱਤੇ ਪੜ੍ਹ ਰਿਹਾ ਸੀ। ਉਹ ਉੱਚੀਆਂ ਅਵਾਜ਼ਾਂ ਸੁਣਕੇ ਭੱਜਾ, ਥੱਲੇ ਆਇਆ।

- ਵ੍ਹਾਈ ਵੱਟ ਹੈਪਨਡ?- ਉਹਨੇ ਹੈਰਾਨ ਹੁੰਦਿਆਂ ਪੁੱਛਿਆ।
- ਇਹਦਾ ਮੂੰਹ ਸੁੰਘ... ਸ਼ਰਾਬ ਪੀਂਦੀ ਆਈ ਆ... ਤੇ ਇਹਦਾ ਝਾਟਾ ਵੇਖ... ਤੇ ਆਹ ਕੱਖ-ਕਾਨ।... ਇਹਨੂੰ ਪੁੱਛ ਇਹ ਆਈ ਕਿੱਥੋਂ ਆ?-
- ਫੱਕ ਆਫ਼...ਇਟਸ ਨੱਨ ਆਫ਼ ਯੁਅਰ ਬਿਜ਼ਨੈੱਸ ਆਈਦਰ।- ਉਹ ਭਰਾ ਨੂੰ ਭੱਜ ਕੇ ਪਈ।

-ਅੱਛਾ?... ਫੇਰ ਕੀਹਦਾ ਬਿਜ਼ਨੈੱਸ ਆ ਇਹ?- ਭਿੰਦਰ ਨੇ ਫੇਰ ਉਸ ਦੀ ਗੁੱਤ ਫੜ ਲਈ।[30]

ਸਥਿਤੀ ਦੀ ਵਿਡੰਬਣਾ ਇਹ ਹੈ ਕਿ ਵਿਭਿੰਨ ਕਿਸਮ ਦੇ ਸੰਕਟਾਂ ਦੀ ਸ਼ਿਕਾਰ ਇਸ ਨਵੀਂ ਪੀੜ੍ਹੀ ਦੀਆਂ ਪਾਤਰਾਂ ਦੇ ਸਮੱਸਿਆਕਾਰ ਨਾਲ ਸਬੰਧਿਤ ਮੁੱਦਿਆਂ ਦੇ ਸਮਾਧਾਨ ਲਈ ਵੀ ਅਜੀਬ ਕਿਸਮ ਦੇ ਢੰਗ ਤਰੀਕੇ ਪਿਛਲੀ ਪੀੜ੍ਹੀ ਦੁਆਰਾ ਅਪਣਾਏ ਜਾਂਦੇ ਹਨ। ਜਿਵੇਂ ਪੜ੍ਹਾਈ ਬੰਦ ਕਰਾਉਣਾ, ਘਰ ਵਿਚ ਕੈਦ ਕਰਨਾ ਆਦਿ। ਭਿੰਦਰ ਸੁਜਾਨ ਨੂੰ ਕਹਿੰਦੀ ਹੈ ਕਿ:-

- ਠਾਰਾਂ ਵਰ੍ਹਿਆਂ ਦੀ ਕਰਕੇ ਇਹਦਾ ਵਿਆਹ ਕਰੋ, ਸੁਣਿਆ?- ਭਿੰਦਰ ਨੇ ਕਿਹਾ।

- ਸੋਚਦੇ ਆਂ।- ਸੁਜਾਨ ਨੇ ਇੰਨਾ ਹੀ ਕਿਹਾ।[31]

ਉਪਰੋਕਤ ਕਥਨ ਬਿਲਕੁਲ ਸਹੀ ਹੈ ਕਿਉਂਕਿ ਕੋਈ ਵੀ ਮਾਂ ਬਾਪ ਇਹ ਨਹੀਂ ਚਾਹੁੰਦਾ ਕਿ ਉਸ ਦੇ ਬੱਚਿਆਂ ਦਾ ਖ਼ਾਸ ਕਰਕੇ ਉਸ ਦੀ ਲੜਕੀ ਦਾ ਕਿਸੇ ਨਾਲ ਨਜਾਇਜ਼ ਰਿਸ਼ਤਾ ਹੋਵੇ। ਉਸ ਨੂੰ ਉਹ ਉਸ ਗ਼ਲਤੀ ਤੋਂ ਮੋੜਨ ਦੇ ਉਪਰੋਕਤ ਸਾਰੇ ਢੰਗ ਤਰੀਕੇ ਅਪਣਾਉਂਦੇ ਹਨ। ਮਾਂ ਬਾਪ ਤਾਂ ਆਪਣੇ ਬੱਚਿਆਂ ਦੀ ਭਲਾਈ ਲਈ ਇਹ ਸਭ ਮਜਬੂਰ ਹੋ ਕੇ

ਕਰਦੇ ਹਨ ਪਰ ਬੱਚੇ ਇਸ ਨੂੰ ਗ਼ਲਤ ਅਰਥਾਂ ਵਿਚ ਲੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਮਾਤਾ ਪਿਤਾ ਉਨ੍ਹਾਂ ਕੋਲੋਂ ਉਨ੍ਹਾਂ ਦੀ ਆਜ਼ਾਦੀ ਖ਼ਤਮ ਕਰਨਾ ਚਾਹੁੰਦੇ ਹਨ ਤੇ ਉਨ੍ਹਾਂ ਕੋਲੋਂ ਗ਼ੁਲਾਮਾਂ ਵਾਲੀ ਜ਼ਿੰਦਗੀ ਬਸਰ ਕਰਾਉਣਾ ਚਾਹੁੰਦੇ ਹਨ। ਅੱਜ ਕੱਲ੍ਹ ਦੀ ਨਵੀਂ ਪੀੜ੍ਹੀ ਇਹ ਨਹੀਂ ਸੋਚਦੀ ਕਿ ਉਨ੍ਹਾਂ ਦ ਮਾਤਾ ਪਿਤਾ ਉਨ੍ਹਾਂ ਦੁੱਖਾਂ ਨੂੰ ਭੋਗ ਚੁੱਕੇ ਹਨ ਤੇ ਜਿਸ ਦੇ ਕਾਰਨ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਇਸ ਦੁੱਖ ਨੂੰ ਆਪਣੇ ਪਿੰਡੇ ਤੇ ਨਾਂ ਹੰਢਾਉਣ।

1. ਇਸ ਨਾਵਲ ਵਿਚ ਸਵਰਨ ਚੰਦਨ ਨੇ ਕਈ ਪਾਤਰ (ਅਣਗਿਣਤ ਪਾਤਰ), ਕਈ ਘਟਨਾਵਾਂ (ਸਮਾ, ਸਥਾਨ ਦੇ ਅਧਾਰ ਤੇ) ਲਈਆਂ ਗਈਆਂ ਹਨ। ਇਸ ਵਿਚ ਕੋਈ ਵੀ ਮੁੱਖ ਤੇ ਕੋਈ ਵੀ ਗੋਣ ਪਾਤਰ ਨਹੀਂ ਹੈ। ਹਰ ਪਾਤਰ ਆਪਣੀ ਆਪਣੀ ਭੂਮਿਕਾ ਬਹੁਤ ਹੀ ਵਧੀਆਂ ਢੰਗ ਨਾਲ ਵਧੀਆਂ ਵਾਰਤਾਲਾਪ ਰਾਹੀ ਨਿਭਾਉਂਦਾ ਹੈ। ਇਸ ਨਾਵਲ ਵਿਚ ਕੋਈ ਵੀ ਨਾਂ ਤਾਂ ਨਫ਼ਰਤ ਦਾ ਪਾਤਰ ਹੈ ਤੇ ਨਾ ਹੀ ਸ਼ਲਾਘਾ ਕਿਉਂਕਿ ਕਿਤੇ ਵੀ ਲੇਖਕ ਕਿਸੇ ਵੀ ਪਾਤਰ ਦੇ ਨਾਲ ਨਹੀਂ ਖੜ੍ਹਦਾ। ਇਸੇ ਲਈ ਇਸ ਨਾਵਲ ਦਾ ਪਲਾਟ ਇੰਨਾ ਗੁੰਝਲਦਾਰ ਹੈ। ਇਸ ਵਿਚ ਅਨੇਕਾਂ ਔਰਤਾਂ ਮਰਦਾਂ ਦੇ ਆਪਸੀ ਸੰਬੰਧਾਂ ਨੂੰ ਬਿਆਨ ਕੀਤਾ ਹੈ। ਇਨ੍ਹਾਂ ਸੰਬੰਧਾਂ ਦਾ ਵਰਣਨ ਲੇਖਕ ਨੇ ਚੰਗੇ ਨਾਲੋਂ ਜ਼ਿਆਦਾ ਮਾੜਾ ਦਿਖਾਇਆ ਹੈ ਕਿਉਂਕਿ ਔਰਤ ਜਿੱਥੇ ਮਰਜ਼ੀ ਚਲੀ ਜਾਵੇ ਉਹ ਹਮੇਸ਼ਾ ਮਰਦ (ਪਿਤਾ, ਭਰਾ, ਪਤੀ, ਪੁੱਤਰ) ਦੇ ਅਧੀਨ ਹੀ ਰਹਿੰਦੀ ਹੈ। ਇਸ ਨਾਵਲ ਵਿਚ ਅਣੂ ਹੀ ਮੁੱਖ ਪਾਤਰ ਵੱਲ ਤੁਰਦੀ ਦਿਖਾਈ ਦਿੰਦੀ ਹੈ। ਇਸ ਵਿਚ ਅਣੂ ਤੋਂ ਇਲਾਵਾ ਹੋਰ ਵੀ ਕਈ ਪਾਤਰ ਹਨ (ਜੱਸੀ, ਤੇਜ਼ੀ, ਭਿੰਦਰ, ਮੇਨਕਾ ਆਦਿ) ਜਿਨ੍ਹਾਂ ਨੂੰ ਸਾਡਾ ਰੂੜ੍ਹੀਵਾਦੀ ਭਾਰਤੀ ਸਮਾਜ ਅੱਜ ਵੀ ਜਿਊਣ ਦਾ ਹੱਕ ਦੇਣ ਲਈ ਤਿਆਰ ਨਹੀਂ ਹਨ। ਇਨ੍ਹਾਂ ਵਿਚੋਂ ਸਭ ਤੋਂ ਜਾਨਦਾਰ ਪਾਤਰ ਅਣੂ ਦਾ ਹੀ ਹੈ। ਚਾਹੇ ਉਹ ਆਜ਼ਾਦੀ ਦੇ ਗ਼ਲਤ ਅਰਥ ਲੈਂਦੀ ਹੈ ਪਰ ਆਪਣੀ ਇਨਫ਼ਰਾਦੀ ਆਜ਼ਾਦੀ ਲਈ ਉਹ ਕਿਸੇ ਵੀ ਹਾਲਤ ਵਿਚ ਕਿਸੇ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ। ਉਹਦੇ ਸਾਹਮਣੇ ਇਕ ਅਜਿਹੀ ਸੁਰੰਗ ਹੈ ਜਿਸ ਦੇ ਪਾਰ ਹਲਕੀ ਜਿਹੀ ਵੀ ਰੌਸ਼ਨੀ ਵਿਖਾਈ ਨਹੀਂ ਦੇਂਦੀ। ਉਹ ਹਾਲਤ ਦੇ ਚਪੇੜਿਆਂ ਨੂੰ ਤਾਂ ਸਹਿ ਜਾਣ ਲਈ ਤਿਆਰ ਹੈ ਪਰ ਇਕ ਰਵਾਇਤੀ ਭਾਰਤੀ ਪਤਨੀ ਬਣ ਕੇ ਨਹੀਂ। ਉਸ ਦੀ ਸੋਚ ਕੱਚੀ ਹੈ। ਉਹ ਕਮਲੀ, ਜ਼ਿੱਦੀ ਅਤੇ ਅੜੀਅਲ ਜਾਪਦੀ ਹੈ। ਆਪਣਾ ਬੁਰਾ-ਭਲਾ ਸੋਚਣ ਦੀ ਉਸ ਵਿਚ ਤਮੀਜ਼ ਨਹੀਂ। ਮਜ਼ੇਦਾਰ ਗੱਲ ਇਹ ਹੈ ਕਿ ਇਸ ਵਾਤਾਵਰਨ ਵਿਚ ਇਕੱਲੀ ਅਣੂ ਹੀ ਨਹੀਂ, ਉਸ ਵਰਗੀਆਂ ਹੋਰ ਵੀ 'ਅਣੂ' ਹਨ। ਇਹ ਅੱਗ ਬਹੁਤ ਘਰਾਂ ਵਿਚ ਲੱਗੀ ਹੋਈ ਹੈ। ਪਰ ਕਈਆਂ ਨੂੰ ਦੂਜਿਆਂ ਦੇ ਘਰਾਂ ਵਿਚ ਲੱਗੀ ਇਹ ਅੱਗ ਬਸੰਤਰ ਦੇਵਤਾ ਜਾਪਦੀ ਹੈ।[32]

ਅਣੂ ਦਾ ਆਪਣੇ ਪਿਤਾ ਨਾਲ ਚੰਗਾ ਸੰਬੰਧ ਨਹੀਂ ਹੈ ਕਿਉਂਕਿ ਜਦੋਂ ਤੱਕ ਉਹ ਛੋਟੀ ਸੀ ਤਾਂ ਉਸ ਦਾ ਪਿਤਾ ਉਸਦੀ ਹਰ ਗੱਲ ਮੰਨਦਾ ਸੀ (ਜਾਇਜ਼ ਨਜਾਇਜ਼) ਪਰ ਉਹ ਜਦੋਂ ਵੱਡੀ ਹੋਈ ਤਾਂ ਉਸ ਦਾ ਆਪ ਪਿਤਾ ਨਾਲ ਹਮੇਸ਼ਾ ਲੜਾਈ ਝਗੜੇ ਵਾਲਾ ਸਬੰਧ ਬਣਦਾ ਗਿਆ। ਉਹ ਸ਼ਰਾਬ ਪੀਂਦੀ ਹੈ, ਸਿਗਰਟ ਪੀਂਦੀ ਹੈ ਹੋਰ ਵੀ ਨਸ਼ਾ ਕਰਦੀ ਹੈ। ਇਸ ਤੋਂ ਇਲਾਵਾ ਉਸ ਨੂੰ ਗੰਦੀਆਂ ਤਸਵੀਰਾਂ ਵੇਖਣ ਦਾ ਲੱਗਾ ਚਸਕਾ ਉਸਦੀ ਜ਼ਿੰਦਗੀ ਹੀ ਉਧਾਲ਼ ਦਿੰਦਾ ਹੈ ਕਿਉਂਕਿ ਉਨ੍ਹਾਂ

ਤਸਵੀਰਾਂ ਨੂੰ ਦੇਖ ਕੇ ਉਸ ਵਿਚ ਵਧਦੀ ਕਾਮੁਕ ਬਿਰਤੀ ਉਸ ਦਾ ਅਜਿਹਾ ਦਿਮਾਗ਼ ਖ਼ਰਾਬ ਕਰਦੀ ਹੈ ਕਿ ਉਸਨੂੰ ਕੁਝ ਵੀ ਨਹੀਂ ਪਤਾ ਲੱਗਦਾ ਕਿ ਉਹ ਕਿੱਧਰ ਨੂੰ ਜਾ ਰਹੀ ਹੈ। ਇਸ ਲਈ ਉਹ ਇਕ ਰਾਤ ਪੂਰੀ ਘਰੋਂ ਬਾਹਰ ਰਹਿ ਕੇ ਆਉਂਦੀ ਹੈ ਤੇ ਉਸ ਨੂੰ ਉਸ ਦੇ ਪਿਤਾ ਵੱਲੋਂ ਮਿਲਿਆ ਅਖੀਰਲਾ ਮੌਕਾ ਜੋ ਕਿ ਸੁਜਾਨ ਨੇ ਉਸ ਨੂੰ ਸੁਧਰਨ ਲਈ ਦਿੱਤਾ ਸੀ ਵੀ ਖ਼ਤਮ ਹੋ ਗਿਆ ਸੀ ਤੇ ਜਦੋਂ ਉਹ ਵਾਪਸ ਆਈ ਤਾਂ:-

-ਸਵੇਰੇ ਅੱਠ ਵਜੇ ਜਦੋਂ ਉਹ ਬੂਹਾ ਖੋਲ੍ਹ ਕੇ ਅੰਦਰ ਆਈ ਤਾਂ ਉਹਦੀਆਂ ਅੱਖਾਂ ਲਾਲ ਸਨ। ਕੱਪੜਿਆਂ ਵਿਚ ਸਿਗਰਟਾਂ ਦੀ ਬੂ। ਤੇ ਵਾਲ ਕੱਟੇ ਹੋਏ।

- ਕਿੱਥੇ ਰਹੀ ਆਂ ਹਰਾਮਜ਼ਾਦੀਏ ਰਾਤ?.........................................................................

ਯੂ ਆਰ ਨੋਟ ਗੋਇੰਗ ਟੂ ਗੋ ਟੂ ਦਾ ਕਾਲਜ ਐਨੀ ਮੋਰ।- ਸੁਜਾਨ ਨੇ ਬੜੀ ਧੀਮੀ ਜ਼ੁਬਾਨ ਵਿਚ ਆਦੇਸ਼ ਜਾਰੀ ਕੀਤਾ।

-ਔਲ਼ ਰਾਈਟ ਡੈਡ...... ਲੈਟ ਮੀ ਸਲੀਪ ਨਾਓ।- ਤੇ ਉਹਨੇ ਫੇਰ ਦਰਵਾਜ਼ਾ ਬੰਦ ਕਰ ਲਿਆ।[33]

ਉਸ ਨੇ ਕਾਲੇ ਗੋਰੇ ਕਈ ਮੁੰਡਿਆਂ ਨਾਲ ਸਰੀਰਕ ਸਬੰਧ ਬਣਾਏ ਅਤੇ ਹਰ ਮੁੰਡਾ ਉਸਨੂੰ ਭੋਗ ਕੇ ਚਲਾ ਗਿਆ ਕਿਉਂਕਿ ਮਰਦ ਸਿਰਫ਼ ਔਰਤ ਨੂੰ ਭੋਗਣ ਦੀ ਵਸਤੂ ਹੀ ਮੰਨਦਾ ਹੈ। ਉਹ ਨਸ਼ੇ ਵਿਚ ਇੰਨੀ ਅੰਨ੍ਹੀ ਹੁੰਦੀ ਜਾਂਦੀ ਹੈ ਕਿ ਉਸ ਨੂੰ ਇਹ ਵੀ ਨਹੀਂ ਪਤਾ ਕਿ ਉਸ ਨੇ ਕਿਸ ਨਾਲ ਸਬੰਧ ਬਣਾਏ ਹਨ। ਜਦੋਂ ਸਵੇਰ ਨੂੰ ਉਸ ਨੂੰ ਪਤਾ ਲੱਗਾ ਕਿ ਉਹ ਕਿਸੇ ਕਾਲੇ ਨਾਲ ਸੁੱਤੀ ਸੀ ਤਾਂ ਉਸਨੂੰ ਬਹੁਤ ਗੰਦਾ ਜਿਹਾ ਵੀ ਮਹਿਸੂਸ ਹੁੰਦਾ ਹੈ ਪਰ ਉਹ ਇਸ ਗੱਲ ਦੀ ਪ੍ਰਵਾਹ ਨਹੀਂ ਮੰਨਦੀ ਤੇ ਆਪਣੀ ਮਰਜ਼ੀ ਦੀ ਰਾਹ ਤੇ ਅੱਗੇ ਹੋਰ ਅੱਗੇ ਤੁਰਦੀ ਰਹਿੰਦੀ ਹੈ।

ਜਿਸ ਗੱਲ ਦੀ ਚਿੜ੍ਹ ਉਸ ਦੇ ਪਿਤਾ ਸੁਜਾਨ ਨੂੰ ਹੈ। ਉਹ ਉਸ ਨੂੰ ਰੋਕਦਾ ਟੋਕਦਾ ਹੈ, ਪਿਆਰ ਨਾਲ ਸਮਝਾਉਂਦਾ ਹੈ। ਲੋਕਾਂ ਤੋਂ ਚੋਰੀ ਉਸ ਨੂੰ ਘਰੋਂ ਭੱਜ ਜਾਣ ਤੇ ਵੀ ਘਰ ਲਿਆਉਣ ਦੀ ਕੋਸ਼ਿਸ਼ ਕਰਦਾ ਹੈ ਪਰ ਉਹ ਪਛਤਾਉਣ ਦੀ ਬਜਾਏ ਘਰੋਂ ਆ ਕੇ ਫਿਰ ਦੋਬਾਰਾ ਉਸੇ ਹਨੇਰੇ ਵਿਚ ਗੁੰਮ ਹੋ ਜਾਂਦੀ ਹੈ। ਜਿਸ ਤੋਂ ਬਚਾਉਣ ਦੀ ਕੋਸ਼ਿਸ਼ ਸ਼ਾਇਦ ਉਸ ਦਾ ਪਿਤਾ ਕਰਦਾ ਹੈ। ਪਰ ਉਸਨੂੰ ਉਸ ਨਰਕ ਦੀ ਸ਼ਾਇਦ ਆਦਤ ਪੇ ਗਈ ਸੀ ਕਿ ਉਹ ਆਪਣੇ ਆਪ ਨੂੰ ਬਚਾ ਨਾ ਸਕੀ ਤੇ ਉਹ :-

-ਦੀਪੂ! ਆਈ ਐਮ ਗੋਇੰਗ ਟੂ ਬਾਈ ਸੱਮ ਵੈਜੀਟੇਬਲਜ਼... ਓ.ਕੇ ... ਬੀ ਬੈਕ ਸੂਨ।- ਉਹਨੇ ਕਿਹਾ ਤੇ ਹੇਠਾਂ ਉਤਰ ਗਈ।

ਘੰਟਾ, ਦੋ ਘੰਟੇ ਤੇ ਆਖ਼ਰ ਸ਼ਾਮ ਪੈ ਗਈ। ਪਰ ਉਹ ਨਾ ਪਰਤੀ। ਸੁਜਾਨ ਤੇ ਭਿੰਦਰ ਆਏ। ਉਹ ਵੀ ਹੈਰਾਨ। ਤੇ ਦੀਪੂ ਵੀ।[34]

ਉਸ ਦੇ ਪਿਤਾ ਨੂੰ ਪਤਾ ਹੈ ਕਿ ਅਨੇਕਾਂ ਮਰਦਾਂ ਨਾਲ ਸਬੰਧ ਬਣਾਉਣ ਦਾ ਕੀ ਮਾੜਾ ਅਸਰ ਹੋਵੇਗਾ ਕਿਉਂਕਿ ਬਾਹਰਲੇ ਦੇਸ਼ਾਂ ਵਿਚ ਅਣਗਿਣਤ ਲੋਕਾਂ ਨਾਲ ਸਬੰਧ ਬਣਾਉਣਾ ਉੱਥੋਂ ਦੇ ਸਭਿਆਚਾਰ ਦੇ ਖ਼ਿਲਾਫ਼ ਨਹੀਂ ਹੈ ਤੇ ਇਨ੍ਹਾਂ ਸਬੰਧਾਂ ਦਾ ਮਾੜਾ ਰਿਜ਼ਲਟ ਉਸ ਸਮੇਂ ਆਉਂਦਾ ਹੈ ਜਦੋਂ ਉਹ ਕਿਸੇ ਨਾ ਕਿਸੇ ਮਾੜੀ ਬਿਮਾਰੀ ਭਾਵ ਕਿ ਏਡਜ਼ ਵਰਗੀ ਭਿਆਨਕ ਬਿਮਾਰੀ ਦੇ ਸ਼ਿਕਾਰ ਹੁੰਦੇ ਹਨ ਜਾਂ ਫਿਰ ਗਰਭਵਤੀ ਹੁੰਦੀਆਂ ਹਨ। ਉਹ ਜਦੋਂ ਅਣੂ ਨੂੰ ਜਾਰਜ ਕੋਲੋਂ ਜ਼ਬਰਦਸਤੀ ਲੈ ਕੇ ਆਉਂਦੇ ਹਨ ਤਾਂ ਉਹ ਕਹਿੰਦਾ ਹੈ ਕਿ:-

-ਏਅ; ਡੌਂਟ ਫੌਰਗੈੱਟ ਮਾਈ ਬੇਬੀ।-ਉਸ ਨੇ ਉੱਚੀ ਸਾਰੀ ਕਿਹਾ। ਤੇ ਸਭ ਨੇ ਸੁਣਿਆ। ਸੁਜਾਨ ਨੇ ਗੱਡੀ ਦੀ ਸਪੀਡ ਤੇਜ਼ ਕਰ ਦਿੱਤੀ।

ਸੁਜਾਨ ਉਸਨੂੰ ਪੁੱਛਦਾ ਹੈ ਕਿ ਉਸ ਨੇ ਉਸ ਨੂੰ ਬੇਬੀ ਬਾਰੇ ਕੀ ਕਿਹਾ ਹੈ ਤਾਂ:-

-ਅਣੂ! ਇਹ ਬੇਬੀ ਦਾ ਕੀ ਕਹਿ ਰਿਹਾ ਸੀ।- ਗੱਡੀ ਚਲਾ ਰਹੇ ਸੁਜਾਨ ਨੇ ਪੁੱਛਿਆ।

-ਪਤਾ ਨਹੀਂ।- ਉਹ ਬੋਲੀ। ਬੇਪਰਵਾਹ ਜਿਹੀ।

-ਤੂੰ ਨਈਂ ਸੁਣਿਆ?-

-ਨੋ।-ਉਹਨੇ ਸਿਰ ਹਿਲਾਇਆ। ਸੁਜਾਨ ਮਿਰਰ ਵਿਚੋਂ ਉਸ ਨੂੰ ਦੇਖ ਰਿਹਾ ਸੀ।[35]

ਉਸਨੇ ਆਪ ਤਾਂ ਕੁਝ ਨਹੀਂ ਦੱਸਿਆ ਪਰ ਕੁਝ ਦਿਨਾਂ ਬਾਅਦ ਇਹ ਗੱਲ ਸਾਹਮਣੇ ਆਈ ਗਈ ਕਿ ਉਹ ਗਰਭਵਤੀ ਹੈ ਤਾਂ ਉਸ ਦੀ ਮਾਂ ਭਿੰਦਰ ਨੇ ਕਿਸੇ ਸਹੇਲੀ ਦੇ ਰਾਹੀ ਉਸ ਦਾ ਗਰਭਪਾਤ ਕਰਾਉਣ ਲਈ ਉਸ ਨੂੰ ਤਿਆਰ ਕਰ ਲਿਆ ਸੀ ਪਰ ਉਹ ਖ਼ੁਦ ਕੰਮ ਹੋਣ ਦੇ ਕਾਰਨ ਉਸ ਨੂੰ ਲੈ ਕੇ ਹਸਪਤਾਲ ਨਹੀਂ ਸੀ ਲੈ ਕੇ ਜਾਂ ਸਕੀ ਤੇ ਇਸ ਕੰਮ ਲਈ ਉਸਨੂੰ ਉਸ ਦਾ ਭਰਾ ਦੀਪੂ ਲੈ ਕੇ ਗਿਆ:-

ਤੀਜੇ ਦਿਨ ਦੀਪੂ ਅਣੂ ਨੂੰ ਕਲੀਨਿਕ ਛੱਡ ਆਇਆ। ਨੌਂ ਵਜੇ। ਤੇ ਦੁਪਹਿਰ ਤੋਂ ਪਿੱਛੋਂ ਗਰਭਪਾਤ ਹੋਣ ਪਿੱਛੋਂ ਘਰ ਲੈ ਆਇਆ। ਭਿੰਦਰ ਲਾਇਬ੍ਰੇਰੀ ਗਈ ਹੋਈ ਸੀ। ਸੁਜਾਨ ਦੀ ਛੁੱਟੀ ਸੀ। ਅਣੂ ਕੋਲੋਂ ਠੀਕ ਤਰ੍ਹਾਂ ਤੁਰ ਵੀ ਨਹੀਂ ਸੀ ਹੋ ਰਿਹਾ। ਦੀਪੂ ਨੇ ਹੌਲੀ ਹੌਲੀ ਤੋਰ ਕੇ ਉਹਨੂੰ ਅੰਦਰ ਲਿਆਂਦਾ। ਉਹ ਸੋਫ਼ੇ ਤੇ ਬੈਠ ਗਈ।

-ਠੀਕ ਹੋ ਗਿਆ ਸਭ ਕੁਸ਼?- ਸੁਜਾਨ ਨੇ ਦੀਪੂ ਤੋਂ ਪੁੱਛਿਆ।

-ਹਾਂ ਜੀ।- ਉਹਨੇ ਦੱਸਿਆ ਤੇ ਫੇਰ ਪੌੜੀਆਂ ਚੜ੍ਹ ਗਿਆ।[36]

ਸ਼ਾਇਦ ਸੁਜਾਨ ਵੀ ਆਪਣੀ ਬੇਟੀ ਨੂੰ ਇਸ ਭਿਆਨਕ ਬਿਮਾਰੀ ਦੀ ਆਣ ਵਿਚ ਆਉਣ ਤੋਂ ਬਚਾਉਣ ਦੀ ਕੋਸ਼ਿਸ਼ ਕਰਦਾ ਹੋਵੇ। ਇਸੇ ਨੋਕ ਝੋਕ ਵਿਚ ਪਿਤਾ ਅਤੇ ਬੇਟੀ ਦਾ ਆਪਸੀ ਸਬੰਧ ਪਿਆਰਾ ਹੋਣ ਦੀ ਬਜਾਏ ਬੇਸੁਆਦਾ ਹੋ ਜਾਂਦਾ ਹੈ ਕਿਉਂਕਿ ਅਣੂ ਉਸ ਦੀਆਂ ਗੱਲਾਂ ਮੰਨਣ ਤੋਂ ਇਨਕਾਰ ਕਰ ਦਿੰਦੀ ਹੈ।

ਇਸੇ ਤਰ੍ਹਾਂ ਉਸ ਦੇ ਆਪਣੇ ਭਰਾ ਦੀਪੂ ਨਾਲ ਵੀ ਬਹੁਤ ਹੀ ਬਕਬਕਾ ਰਿਸ਼ਤਾ ਹੈ। ਉਹ ਉਸ ਨੂੰ ਆਪਣੀ ਜ਼ਿੰਦਗੀ ਵਿਚ ਕੁਝ ਵੀ ਨਹੀਂ ਸਮਝਦੀ ਤੇ ਨਾਂ ਹੀ ਉਸ ਨੂੰ ਕੁਝ ਬੋਲਣ ਦਿੰਦੀ ਹੈ। ਇਸ ਦਾ ਕਾਰਨ ਇਕ ਉਹ ਛੋਟਾ ਹੈ ਤੇ ਦੂਜਾ ਉਹ ਪੜ੍ਹਾਈ ਵਿਚ ਕਾਫ਼ੀ ਹੁਸ਼ਿਆਰ ਹੈ ਤੇ ਤੀਜਾ ਅਣੂ ਨਸ਼ੇ ਦੀ ਆਦੀ ਹੋ ਚੁੱਕੀ ਹੈ। ਜਿਸ ਕਾਰਨ ਉਸਨੂੰ ਆਪਣੇ ਅਤੇ ਆਪਣਿਆਂ ਦੇ ਚੰਗੇ ਮਾੜੇ ਦੀ ਕੋਈ ਵੀ ਪ੍ਰਵਾਹ ਨਹੀਂ ਹੈ। ਉਹ ਆਪਣੇ ਭਰਾ ਨੂੰ ਟੁੱਟ ਕੇ ਪੈਂਦੀ ਹੈ ਤੇ ਉਸ ਦਾ ਆਪਣੇ ਭਰਾ ਨਾਲ ਕੋਈ ਪਿਆਰ ਦਿਖਾਈ ਨਹੀਂ ਦਿੰਦਾ।

- ਵ੍ਹਾਈ ਵੱਟ ਹੈਪਨਡ?- ਉਹਨੇ ਹੈਰਾਨ ਹੁੰਦਿਆਂ ਪੁੱਛਿਆ।

- ਇਹਦਾ ਮੂੰਹ ਸੁੰਘ... ਸ਼ਰਾਬ ਪੀਂਦੀ ਆਈ ਆ... ਤੇ ਇਹਦਾ ਝਾਟਾ ਵੇਖ... ਤੇ ਆਹ ਕੱਖ-ਕਾਨ।... ਇਹਨੂੰ ਪੁੱਛ ਇਹ ਆਈ ਕਿੱਥੋਂ ਆ?-

– ਫੱਕ ਆਫ਼...ਇਟਸ ਨੱਨ ਔਫ਼ ਯੂਅਰ ਬਿਜ਼ਨੈਸ ਆਈਦਰ।- ਉਹ ਭਰਾ ਨੂੰ ਭੱਜ ਕੇ ਪਈ।

– ਅੱਛਾ?... ਫੇਰ ਕੀਹਦਾ ਬਿਜ਼ਨਸ ਆ ਇਹ? - ਭਿੰਦਰ ਨੇ ਫੇਰ ਉਸ ਦੀ ਗੁੱਤ ਫੜ ਲਈ।[37]

ਅਣੂ ਦੇ ਬਣੇ ਵੱਖ ਵੱਖ ਸਬੰਧਾਂ ਵਿਚ ਕੋਈ ਵੀ ਲੜਕਾ ਉਸਨੂੰ ਅਪਣਾਉਂਦਾ ਨਹੀਂ ਸਗੋਂ ਸਿਰਫ਼ ਵਰਤਦਾ ਹੀ ਹੈ ਤੇ ਵਰਤ ਕੇ ਛੱਡ ਕੇ ਚਲਾ ਜਾਂਦਾ ਹੈ। ਉਹ ਵੀ ਕਿਸੇ ਮਰਦ ਤੋਂ ਬਿਨਾਂ ਨਹੀਂ ਰਹਿ ਸਕਦੀ। ਕਿਉਂਕਿ ਉਸ ਦਾ ਆਪਣੇ ਆਪ ਤੋਂ ਕੰਟਰੋਲ ਖ਼ਤਮ ਹੋ ਚੁੱਕਾ ਹੈ ਤੇ ਉਸ ਤੇ ਕਾਮ ਭਾਰੂ ਹੋ ਗਿਆ ਹੈ। ਉਸ ਦੀ ਦੂਜੀ ਸਮੱਸਿਆ ਹੈ ਕਿ ਉਹ ਨਸ਼ਿਆਂ ਦੀ ਆਦੀ ਹੋਈ ਹੈ। ਉਸਦੀ ਜ਼ਿੰਦਗੀ ਸਿਰ ਆਪਣੀਆਂ ਨਿੱਜੀ ਲੋੜਾਂ ਪੂਰੀਆਂ ਕਰਨ ਵਿਚ ਹੀ ਗੁਜ਼ਰ ਰਹੀ ਹੈ। ਉਸ ਦਾ ਸਿਗਰਟ ਤੋਂ ਬਿਨਾਂ ਬਹੁਤ ਹੀ ਬੁਰਾ ਹਾਲ ਹੁੰਦਾ ਹੈ। ਇਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹੀ ਉਹ ਵੱਖ ਵੱਖ ਮਰਦਾਂ ਨਾਲ ਰਹਿੰਦੀ ਹੈ ਤੇ ਆਪਣੀ ਜ਼ਿੰਦਗੀ ਨੂੰ ਨਰਕ ਦੀ ਦਲਦਲ ਵਿਚ ਘਸੀਟ ਰਹੀ ਹੈ ਜਿੱਥੇ ਉਸ ਦਾ ਕੋਈ ਵੀ ਸਾਥੀ ਨਹੀਂ ਹੈ। ਉਸ ਦੇ ਬਣੇ ਵੱਖ ਵੱਖ ਮੁੰਡਿਆਂ ਨਾਲ ਸਬੰਧ ਤੋਂ ਉਸ ਦੀ ਮਾਂ ਬਹੁਤ ਬਹੁਤ ਦੁਖੀ ਹੁੰਦੀ ਹੈ ਤੇ:-

ਬੜਾ ਦੁਖੀ ਕੀਤਾ ਸੀ ਉਹਨੂੰ ਇਸ ਕੁੜੀ ਨੇ। ਛੱਤੀ ਥਾਈਂ ਖੇਹ ਖਾਧੀ ਸੀ। ਕਈ ਵਾਰ ਘਰੋਂ ਭੱਜੀ ਸੀ। ਤੇ ਫੇਰ ਸਾਲ-ਸਾਲਵੱਤੀ ਨਹੀਂ ਸੀ ਵਾਹੀ। ਹਰ ਵਾਰੀ ਨਵੇਂ ਸਿਰਿਓਂ ਉਨ੍ਹਾਂ ਨੇ ਹੀ ਉਸ ਨੂੰ ਲੱਭਿਆ ਸੀ। ਕਦੇ ਜਮੀਕੇ ਨਾਲ ਸੁੱਤੀ ਨੂੰ। ਤੇ ਕਦੀ ਕਿਸੇ ਥਾਉਂ। ਪਰ ਉਹਨੂੰ ਕਿਸੇ ਦੀ ਕੋਈ ਸੰਗ ਸ਼ਰਮ ਨਹੀਂ ਸੀ।

ਅਣੂ ਤੋਂ ਬਿਨਾਂ ਇਸ ਨਾਵਲ ਦੀ ਇਕ ਹੋਰ ਪਾਤਰ ਵੀ ਹੈ ਜੋ ਕਿ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਦੀ ਹੈ। ਮੇਨਕਾ (ਉੱਚ ਬ੍ਰਾਹਮਣ ਪਰਿਵਾਰ ਦੀ ਕੁੜੀ) ਜਾਤ ਪਾਤ ਦੇ ਬੰਧਨ ਤੋੜਨ ਵਾਲੀ ਇਕ ਸਿਆਣੀ ਕੁੜੀ ਹੈ ਜਿਸ ਦੀ ਮਾਂ ਆਪਣੀ ਹੈਂਕੜ ਨੂੰ ਕਾਇਮ ਰੱਖਣ ਲਈ ਉਸ ਨੂੰ ਭਾਰਤ ਲਿਜਾ ਕੇ ਉਸ ਦਾ ਬਦੋਬਦੀ ਵਿਆਹ ਕਰਾ ਦਿੰਦੀ ਹੈ। ਉਹ ਆਪਣੇ ਬੁਆਏ ਫਰੈਂਡ 'ਰਤਨ' (ਭਗਤ ਚਮਾਰ ਅਤੇ ਸੰਤੀ ਦਾ ਮੁੰਡਾ) ਨਾਲ ਵਲਾਇਤ ਵਿਚ ਰਾਬਤਾ ਕਾਇਮ ਕਰਦੀ ਹੈ ਅਤੇ ਦੌੜ ਕੇ ਵਾਪਸ ਪਰਤ ਆਉਂਦੀ ਹੈ ਅਤੇ ਉਸਦੀ ਬੰਦ ਖ਼ਲਾਸੀ ਰਤਨ ਹੀ ਕਰਦਾ ਹੈ। ਰਤਨ ਦੇ ਮਾਂ ਬਾਪ ਸੰਤੀ ਅਤੇ ਭਗਤੇ ਦਾ ਸਵੈਮਾਨ ਉਸ ਪ੍ਰਤੀ ਪਿਆਰ ਅਤੇ ਉਸਦੀ ਬੇਟੀ (ਨਵਜੰਮੀ) ਨਾਲ ਹਰ ਕਿਸੇ ਨੂੰ ਮੋਹ ਜ਼ਬਰਦਸਤੀ ਬਣਦਾ ਹੈ।

ਇਨ੍ਹਾਂ ਪਾਤਰਾਂ ਵਿਚੋਂ ਤੋਚੀ ਵੀ ਹੈ ਜੋ ਭਿੰਦਰ ਦੀ ਫ਼ੈਕਟਰੀ ਵਿਚ ਹੀ ਕੰਮ ਕਰਦੀ ਹੈ। ਉਹ ਆਪਣੀ ਮਰਜ਼ੀ ਨਾਲ ਭਿੰਦਰ ਤੇ ਸੁਜਾਨ ਦੀ ਮਦਦ ਲੈ ਕੇ ਵਿਆਹ ਕਰਵਾਉਂਦੀ ਹੈ। ਉਹ ਖ਼ੂਬਸੂਰਤ, ਧੜੱਲੇਦਾਰ ਤੇ ਸਿਆਣੀ ਔਰਤ ਹੈ। ਪਰ ਵਿਆਹ ਉਪਰੰਤ ਬਲਦੇਵ ਉਸ ਨਾਲ ਪੈਸਿਆਂ ਦੀ ਠੱਗੀ ਵੀ ਲਗਾਉਂਦਾ ਹੈ ਤੇ ਉਸ ਦੀ ਮਾਰ ਕੁੱਟ ਵੀ ਕਰਦਾ ਹੈ ਤੇ ਕਿਸੇ ਹੋਰ ਔਰਤ ਨਾਲ ਵੀ ਰਹਿੰਦਾ ਹੈ। ਬਲਦੇਵ ਦੀ ਅੱਯਾਸ਼ੀ ਤੇ ਠੱਗੀ ਤਾਂ ਸਮਝ ਪੈਂਦੀ ਹੈ ਪਰ ਤੋਚੀ ਦਾ ਸਭ ਕੁਝ ਜਰੀ ਜਾਣਾ ਸਮਝ ਨਹੀਂ ਪੈਂਦਾ।

ਇਸ ਤੋਂ ਇਲਾਵਾ ਕਰਤਾਰ ਕੀਰਤੀ ਦੀਪੂ ਦਾ ਪੁੱਤਰ ਨਵਤੇਜ ਆਪਣੇ ਮਾਪਿਆਂ ਨਾਲ ਇੰਡੀਆ ਫੇਰੀ ਦੌਰਾਨ ਪਿੰਕੀ ਜੋ ਕਿ ਕਰਤਾਰ ਦੇ ਦੋਸਤ ਦੀ ਧੀ ਹੈ। ਆਪਣੀ ਮਰਜ਼ੀ ਨਾਲ ਰਿਸ਼ਤਾ ਪੱਕਾ ਕਰ ਜਾਂਦਾ ਹੈ ਤੇ ਮਰਜ਼ੀ ਨਾਲ ਸਪਾਂਸਰਸ਼ਿਪ ਭੇਜ ਕੇ ਪਿੰਕੀ ਨੂੰ ਮੰਗਵਾ ਕੇ ਵਿਆਹ ਕਰਵਾਉਂਦਾ ਹੈ। ਵਿਆਹ ਤੋਂ ਤਿੰਨ ਮਹੀਨੇ ਬਾਅਦ ਹੀ ਨਵਤੇਜ ਦੇ ਬਾਰ ਬਾਰ ਲੇਟ ਘਰ ਪਰਤਣ ਪਿੰਕੀ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦੇ ਕਿਸੇ ਰੋਜ਼ਾ ਨਾਂ ਦੀ ਪੌਲਿਸ਼ ਲੜਕੀ ਨਾਲ ਸਬੰਧ ਹਨ। ਲੜਾਈ ਝਗੜੇ ਦੀ ਹਾਲਤ ਵਿਚ ਹੀ ਉਸ ਦੇ ਘਰ ਇਕ ਬੇਟਾ ਪੈਦਾ ਹੋ ਜਾਂਦਾ ਹੈ। ਪਰ ਕੁਝ ਦੇਰ ਬਾਅਦ ਹੀ ਉਹ ਆਪਣੀ ਗਰਲ ਫਰੈਂਡ ਰੋਜ਼ਾ ਨਾਲ ਰਹਿਣ ਲੱਗ ਜਾਂਦਾ ਹੈ। ਇਸ ਤੋਂ ਬਾਅਦ ਪਿੰਕੀ ਦੁਖੀ ਤਾਂ ਬਹੁਤ ਹੁੰਦੀ ਹੈ ਪਰ ਉਹ ਆਪਣੇ ਸੌਹਰਾ ਘਰ ਛੱਡ ਕੇ ਜਾਣ ਦੀ ਬਜਾਏ ਸੱਸ ਸੌਹਰੇ ਦੇ ਅਨੁਸਾਰੀ ਹੋ ਕੇ ਜਿਉਂਦੀ ਹੈ। ਉਹ ਕਰਤਾਰ ਦੀ ਮਰਜ਼ੀ ਤੇ ਮਦਦ ਨਾਲ ਆਰਟ ਸਕੂਲ ਵਿਚ ਦਾਖਲਾ ਲੈਂਦੀ ਹੈ ਤੇ ਜ਼ਿੰਦਗੀ ਦਾ ਸੰਤੁਲਨ ਬਣਾਉਂਦੀ ਹੈ:-

ਸਤੰਬਰ ਵਿਚ ਪਿੰਕੀ ਨੇ ਆਰਟ ਸਕੂਲ ਜਾਣਾ ਸ਼ੁਰੂ ਕਰ ਦਿੱਤਾ। ਬੱਸ ਰੰਗ, ਬੁਰਸ਼ ਤੇ ਕੈਨਵਸ-ਇਹਨਾਂ ਨੂੰ ਹੀ ਉਸ ਨੇ ਆਪਣਾ ਸਭ ਕੁਝ ਮੰਨ ਲਿਆ। ਘੱਟੋ ਘੱਟ ਹਾਲ ਦੀ ਘੜੀ।

... ਜਿਉਂ ਵਕਤ ਲੰਘ ਦਾ ਗਿਆ ਉਸ ਦਾ ਸੰਤੁਲਨ ਵਾਪਸ ਆਉਂਦਾ ਗਿਆ.................[38]

ਇਸ ਤਰ੍ਹਾਂ ਦੋ ਭੈਣਾਂ ਜੱਸੀ ਤੇ ਤੇਜ਼ੀ ਘਰੋਂ ਨੌਕਰੀ ਦੀ ਤਲਾਸ਼ ਵਿਚ ਮਰਜ਼ੀ ਨਾਲ ਨਿਕਲ ਤੁਰਦੀਆਂ ਹਨ। ਥਾਂ ਥਾਂ ਤੇ ਆਵਾਰਾ ਮੁੰਡਿਆਂ ਹੱਥੋਂ ਜ਼ਲੀਲ ਹੁੰਦੀਆਂ ਕਦੇ ਲਾਇਬਰੇਰੀ ਵਿਚ ਭੱਜ ਕੇ ਜਾਂ ਵੜਦੀਆਂ ਹਨ, ਕਦੇ ਰੈਸਟੋਰੈਂਟ ਵਿਚ।

ਅਖੀਰ ਨੌਕਰੀ ਦੀ ਤਲਾਸ਼ ਵਿਚ ਪਹਿਲਾਂ ਜੱਸੀ ਬਿਲੀ ਨਾਂ ਦੇ ਗ਼ਲਤ ਵਿਅਕਤੀ ਦੇ ਧੱਕੇ ਚੜ੍ਹ ਜਾਂਦੀ ਹੈ। ਜੋ ਇਕ ਦੱਲਾ ਹੈ ਤੇ ਦੂਜੀ ਤੇਜੀ ਵੀ ਸਟੈਲਾ ਨਾਂ ਦੀ ਦੱਲੀ ਔਰਤ ਦੇ ਜਾਲ ਵਿਚ ਫਸ ਜਾਂਦੀ ਹੈ। ਬਿਲੀ ਤੇ ਸਟੈਲਾ ਦੋਵਾਂ ਦਾ ਸਾਂਝਾ ਵਰਕ ਹੈ। ਦੋਵਾਂ ਭੈਣਾਂ ਨੂੰ ਆਪਣੇ ਜਾਲ ਵਿਚ ਫਸਾ ਕੇ ਸੈਕਸ ਵਰਕਰ ਬਣਾ ਲੈਂਦੇ ਹਨ ਤੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ। ਇਨ੍ਹਾਂ ਦੋਵੇਂ ਭੈਣਾਂ ਦਾ ਭੋਲੇ ਭਾਅ ਗੁਮਰਾਹ ਹੋ ਕੇ ਬਿਲੀ-ਸਟੈਲਾ ਦੇ ਜਾਲ ਵਿਚ ਫਸ ਜਾਣਾ ਤਾਂ ਸਮਝ ਆਉਂਦਾ ਹੈ ਕਿਉਂਕਿ ਉਨ੍ਹਾਂ ਦੀਆਂ ਨੰਗੀਆਂ ਤਸਵੀਰਾਂ ਤੇ ਉਨ੍ਹਾਂ ਦੀਆਂ ਬਲਿਊ ਫ਼ਿਲਮਾਂ ਨਸ਼ਰ ਕਰਨ ਦੀ ਧਮਕੀ ਦਿੰਦੇ ਹਨ ਪਰ ਜਦੋਂ ਉਹ ਦੋਵੇਂ ਜੇਲ੍ਹ ਵਿਚ ਚਲੇ ਜਾਂਦੇ ਹਨ ਤੇ ਉਨ੍ਹਾਂ ਦਾ ਜਾਲ ਵੀ ਟੁੱਟ ਜਾਂਦਾ ਹੈ ਤਾਂ ਬਾਅਦ ਵਿਚ ਉਸ ਜਾਲ ਵਿਚੋਂ ਨਿਕਲਣ ਦੀ ਬਜਾਏ ਖ਼ੁਦ ਦੱਲੀਆਂ ਬਣ ਕੇ ਉਹ ਹੀ ਧੰਦਾ ਸ਼ੁਰੂ ਕਰਦੀਆਂ ਹਨ। ਸਮਝ ਨਹੀਂ ਪੈਂਦੀ ਕਿ ਉਹ ਅਜਿਹਾ ਕਿਉਂ ਕਰ ਰਹੀਆਂ ਹਨ। ਜਦੋਂ ਕਿ ਉਨ੍ਹਾਂ ਪਾਸ (ਕੋਲ) ਉਸ ਜਹਾਲਤ ਭਰੀ ਜ਼ਿੰਦਗੀ ਨੂੰ ਅਲਵਿਦਾ ਕਹਿਣ ਦਾ ਸੁਨਹਿਰੀ ਮੌਕਾ ਸੀ। ਪਰ ਉਹ ਇਸ ਜ਼ਿੰਦਗੀ ਦੀਆਂ ਮਾਲਕਣਾਂ ਬਣ ਗਈਆਂ। ਭਾਰਤੀ ਸਮਾਜ ਵਿਚ ਵੇਸਵਾਗਮਨੀ (ਦੇਹ ਵਪਾਰ) ਦੀ ਕੋਈ ਵੀ ਸਵੀਕ੍ਰਿਤੀ ਨਹੀਂ ਪਰ ਲੰਡਨ ਵਰਗੇ ਬਾਹਰਲੇ ਅਤੇ ਆਜ਼ਾਦ ਦੇਸ਼ ਵਿਚ ਇਸ ਤਰ੍ਹਾਂ ਦੇ ਧੰਦੇ (ਦੇਹ ਵਪਾਰ) ਆਮ ਚੱਲਦੇ ਹਨ। ਜਿਵੇਂ:-

ਅੱਜ ਕੱਲ੍ਹ ਉਨ੍ਹਾਂ ਨੇ ਪੈਡਿੰਗਟਨ ਏਰੀਏ ਵਿਚ ਬੈਜ-ਵਾਟਰ ਦੇ ਪਿਛਲੇ ਪਾਸੇ ਇਕ ਕਰਾਏ ਦਾ ਫਲੈਟ ਲਿਆ ਹੈ।

......................................... ਤੇ ਹੁਣ ਉਨ੍ਹਾਂ ਦੀ ਆਪਣੀ ਏਜੰਸੀ ਬਣ ਗਈ ਹੈ।- ਜੈਸੀ "ਜ਼ ਐਸਕਾਰਟ ਗਰਲਜ਼-।

ਉਨ੍ਹਾਂ ਦੀ ਅਖ਼ਬਾਰ ਵਿਚ ਦਿੱਤੀ ਐਡ ਨੂੰ ਦੇਖ ਪੜ੍ਹ ਕੇ ਹੀ ਗਾਹਕ ਫ਼ੋਨ ਕਰਦਾ ਹੈ। ਤੇ ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਕਰਦੀਆਂ ਹਨ। ਜਿਵੇਂ:-

ਅਖ਼ਬਾਰ ਪੜ੍ਹ ਕੇ ਲੋੜਵੰਦ ਗਾਹਕ ਫ਼ੋਨ ਕਰਦਾ ਹੈ। ਤੇ ਉਹ ਉਹਦਾ ਨੰਬਰ ਲੈ ਲੈਂਦੀਆਂ ਹਨ। ਫੇਰ ਆਪਣੇ ਫਲੈਟ ਵਿਚ ਬੈਠੀ ਕੁੜੀ ਨੂੰ ਫ਼ੋਨ ਕਰਦੀਆਂ ਹਨ। ਕੁੜੀ ਗਾਹਕ ਨੂੰ ਫ਼ੋਨ ਕਰਕੇ ਪਤਾ ਨੋਟ ਕਰਦੀ ਹੈ ਤੇ ਤੁਰ ਪੈਂਦੀ ਹੈ।

... ਤੇ ਹੁਣੇ ਇਕ ਫ਼ੋਨ ਆਇਆ ਹੈ

-ਹੈਲੋ... ਐਸਕੌਰਟਸ।-ਉਹਨੇ ਫ਼ੋਨ ਚੁੱਕ ਕੇ ਕਿਹਾ।

-ਹੈਵ ਯੂ ਗੌਟ ਐਨੀ ਗਰਲਜ਼ ਅਵੇਲੇਬਲ?- ਗਾਹਕ ਪੁੱਛਦਾ ਹੈ।

-ਹਓ ਮੈਨੀ?[39]

ਉਪਰੋਕਤ ਸਾਰੀ ਸਮੱਸਿਆ ਸਿਰਫ਼ ਇਸ ਕਾਰਨ ਆਉਂਦੀ ਕਿ ਉਪਰੋਕਤ ਤਿੰਨੋਂ ਨਾਵਲ ਵਿਚ ਇਕ ਤਰ੍ਹਾਂ ਦੀ ਸਮੱਸਿਆ ਲੱਗਦੀ ਹੋਣ ਤੇ ਵੀ ਇਕ ਨਹੀਂ ਹੈ। ਹਰ ਨਾਵਲ ਵੱਖਰੀ ਕਹਾਣੀ ਪੇਸ਼ ਕਰਦਾ ਹੈ ਤੇ ਵੱਖ ਵੱਖ ਸਬੰਧਾਂ ਨੂੰ ਆਪਣੀ

ਆਪਣੀ ਤੋਰੇ ਤੋਰਦਾ ਹੈ। ਸਾਰੇ ਨਾਵਲਾਂ ਵਿਚ ਔਰਤ ਦੀ ਆਜ਼ਾਦੀ ਦੀ ਗੱਲ ਕੀਤੀ ਹੈ ਤੇ ਇਸ ਤੋਂ ਬਿਨਾਂ ਇਸ ਵਿਚ ਔਰਤ-ਮਰਦ ਦੇ ਸਬੰਧਾਂ ਦੀ ਗੱਲ ਦੀ ਪੂਰੀ ਵਿਸਥਾਰ ਨਾਲ ਬਿਆਨ ਕੀਤੀ ਹੈ ਤੇ ਹਰ ਇਕ ਰਿਸ਼ਤਾ ਦਾ ਦੂਜੇ ਰਿਸ਼ਤੇ ਨਾਲ ਕੀ ਸਬੰਧ ਹੈ ਨੂੰ ਬਿਆਨ ਕੀਤਾ ਹੈ। ਹਰ ਰਿਸ਼ਤਾ ਉਸ ਦੇ ਜੁੜਨ ਅਤੇ ਟੁਟਣ ਦਾ ਆਧਾਰ ਕੀ ਨੂੰ ਬਹੁਤ ਹੀ ਵਿਸਥਾਰ ਨਾਲ ਬਿਆਨ ਕਰਕੇ ਪਾਠਕਾਂ ਤੱਕ ਪਹੁੰਚਾਇਆ ਹੈ ਤਾਂ ਜੋ ਇਹ ਜੋ ਸਮੱਸਿਆ ਭਾਵ ਕਿ ਰਿਸ਼ਤਾ ਦਾ ਹੋ ਰਿਹਾ ਘਾਣ ਨੂੰ ਦਰਸਾਇਆ ਹੈ। ਹਰ ਰਿਸ਼ਤਾ ਦੂਜੇ ਨਾਲ ਕਿਸੇ ਨਾ ਕਿਸੇ ਕਾਰਨ ਜਾਂ ਮਤਲਬ ਕਾਰਨ ਹੀ ਜੁੜਦਾ ਹੈ।

---

[1] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-342
[2] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-381
[3] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-399
[4] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-399
[5] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-400
[6] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-401
[7] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-401
[8] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-359
[9] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-359
[10] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-361
[11] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-365
[12] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-365
[13] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-365
[14] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-106
[15] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-106
[16] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-106
[17] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ,ਪੰਨਾ-82
[18] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ -22
[19]ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ-34
[20] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ-53
[21] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ-66
[22] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ-93
[23] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ-93
[24] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ-128
[25] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ-144

[26]ਸਿਰਜਣ ਤੇ ਸਿਮਰਨ, ਪੰਨਾ-42
[27]ਸਿਰਜਣ ਤੇ ਸਿਮਰਨ, ਪੰਨਾ-42-43
[28] ਸਵਰਨ ਚੰਦਨ ਸਿਰਜਣ ਤੇ ਸਿਮਰਨ ਪੰਨਾ-29
[29] ਸਵਰਨ ਚੰਦਨ ਸਿਰਜਣ ਤੇ ਸਿਮਰਨ ਪੰਨਾ-102
[30] ਸਵਰਨ ਚੰਦਨ,ਕੰਜਕਾਂ, ਪੰਨਾ-304
[31] ਸਵਰਨ ਚੰਦਨ,ਕੰਜਕਾਂ, ਪੰਨਾ-30
[32] ਸਵਰਨ ਚੰਦਨ, ਗਲਪ ਬੋਧ, ਪੰਨਾ-48
[33] ਸਵਰਨ ਚੰਦਨ,ਕੰਜਕਾਂ, ਪੰਨਾ-310
[34] ਸਵਰਨ ਚੰਦਨ,ਕੰਜਕਾਂ, ਪੰਨਾ-418
[35] ਸਵਰਨ ਚੰਦਨ,ਕੰਜਕਾਂ, ਪੰਨਾ-414
[36] ਸਵਰਨ ਚੰਦਨ,ਕੰਜਕਾਂ, ਪੰਨਾ-416
[37] ਸਵਰਨ ਚੰਦਨ,ਕੰਜਕਾਂ, ਪੰਨਾ-304
[38] ਸਵਰਨ ਚੰਦਨ, ਸਿਰਜਣਾ ਤੇ ਸਿਮਰਨ, ਪੰਨਾ-47-48
[39] ਸਵਰਨ ਚੰਦਨ, ਸਿਰਜਣਾ ਤੇ ਸਿਮਰਨ, ਪੰਨਾ-46

# ਅਧਿਆਇ- ਤੀਜਾ

# ਪਰਵਾਸੀ ਪੰਜਾਬੀ ਨਾਵਲ ਵਿਚ ਸਭਿਅਕ ਅਤੇ ਗੈਰ ਸਭਿਅਕ ਰਿਸ਼ਤਿਆਂ ਦੇ ਵਿਭਿੰਨ ਪਾਸਾਰ

ਹਰ ਇਨਸਾਨ ਦੂਜੇ ਇਨਸਾਨ ਦੇ ਨਾਲ ਕਿਸੇ ਨਾ ਕਿਸੇ ਲੋੜ ਅਤੇ ਲਾਲਸਾ ਦੇ ਕਾਰਨ ਬੱਝਾ ਹੁੰਦਾ ਹੈ ਕਿਉਂਕਿ ਇਹ ਮਨੁੱਖੀ ਸੁਭਾਅ ਹੈ ਕਿ ਉਹ ਸਮਾਜ ਵਿਚ ਇਕੱਲਾ ਨਹੀਂ ਵਿਚਰ ਸਕਦਾ। ਉਹ ਹਰ ਸਮੇਂ ਕਿਸੇ ਨਾ ਕਿਸੇ ਮਤਲਬ ਭਾਵ ਕਿ ਲੋੜ ਅਤੇ ਲਾਲਸਾ ਦੇ ਕਾਰਨ ਇਕੱਲਾ ਨਹੀਂ ਰਹਿ ਸਕਦਾ। ਇਹ ਲੋੜ ਤੇ ਲਾਲਸਾ ਕਿਸੇ ਵੀ ਤਰਾਂ ਦੀ ਹੋ ਸਕਦੀ ਹੈ ਜਿਵੇਂ ਕਿ ਪਿਤਾ ਦੀ ਆਪਣੀ ਧੀ ਅਤੇ ਪੁੱਤਰ ਤੋਂ, ਇਕ ਮਾਂ ਦੀ ਆਪਣੇ ਬੱਚਿਆਂ ਤੋਂ, ਇਕ ਪਤਨੀ ਦੀ ਆਪਣੇ ਪਤੀ ਤੋਂ, ਇਕ ਕੁੜੀ ਦੀ ਆਪਣੇ ਹਾਣੀ ਸਾਥੀ ਤੋਂ ਆਦਿ।

ਇਸੇ ਲੋੜ ਅਤੇ ਲਾਲਸਾ ਦਾ ਪੱਧਰ ਉਸ ਸਮੇਂ ਵੱਧ ਜਾਂਦਾ ਹੈ ਜਦੋਂ ਕੋਈ ਪਰਿਵਾਰ ਬਾਹਰ ਭਾਵ ਵਿਦੇਸ਼ ਵਿਚ ਰਹਿੰਦਾ ਹੈ। ਉਸ ਸਮੇਂ ਉਹ ਆਪਣੇ ਪਰਿਵਾਰ ਅਤੇ ਆਪਣੇ ਸਾਥੀ ਤੋਂ ਇਸ ਤਰ੍ਹਾਂ ਦੀ ਲੋੜ ਅਤੇ ਲਾਲਸਾ ਜ਼ਿਆਦਾ ਰੱਖਦਾ ਹੈ ਤਾਂ ਜੋ ਉਸ ਨੂੰ ਵਿਦੇਸ਼ ਵਿਚ ਇਕੱਲਤਾ ਮਹਿਸੂਸ ਨਾ ਹੋਵੇ। ਉਹ ਆਪਣੇ ਪਰਿਵਾਰ ਨੂੰ ਹਮੇਸ਼ਾ ਇਸ ਤਰ੍ਹਾਂ ਦਾ ਮਾਹੌਲ ਦੇਣਾ ਚਾਹੁੰਦਾ ਹੈ ਕਿ ਉਸ ਦੇ ਬੱਚੇ ਉਸ ਕੋਲੋਂ ਦੂਰ ਨਾ ਜਾਣ ਤੇ ਮਾਤਾ ਪਿਤਾ ਦੀ ਆਪਣੇ ਬੱਚਿਆਂ ਕੋਲੋਂ ਬੱਸ ਇਕ ਹੀ ਲੋੜ ਤੇ ਲਾਲਸਾ ਹੁੰਦੀ ਹੈ ਕਿ ਉਹ ਉਸ ਨਾਲ ਜੁੜੇ ਰਹਿਣ ਤੇ ਉਸ ਦੇ ਕਹਿਣੇ ਤੋਂ ਬਾਹਰ ਜਾਂ ਕੇ ਆਪਣੀ ਜ਼ਿੰਦਗੀ ਆਪਣੇ ਤਰੀਕੇ ਨਾਲ ਨਾ ਜਿਊਣ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਸ਼ਰਮਿੰਦਗੀ ਦਾ ਸਾਹਮਣਾ ਨਾ ਕਰਨਾ ਪਵੇ। ਮਾਤਾ ਪਿਤਾ ਬੱਚਿਆਂ ਦੇ ਹਰ ਬੋਝ ਨੂੰ ਚੁੱਕ ਸਕਦੇ ਹਨ ਸਵਾਏ ਉਨ੍ਹਾਂ ਦੁਆਰਾ ਹੋਈ ਉਨ੍ਹਾਂ ਦੀ ਬਦਨਾਮੀ ਦਾ।

ਇਸ ਲੋੜ ਅਤੇ ਲਾਲਸਾ ਨੂੰ ਪੱਛਮੀ ਨਾਵਲਕਾਰਾਂ ਨੇ ਬਹੁਤ ਹੀ ਵਧੀਆਂ ਢੰਗ ਨਾਲ ਬਿਆਨ ਕੀਤਾ ਹੈ। ਇਸ ਸਮੱਸਿਆ ਨੂੰ 'ਦਰਸ਼ਨ ਸਿੰਘ ਧੀਰ' ਨੇ ਆਪਣੇ ਨਾਵਲ "ਪੈੜਾਂ ਦੇ ਆਰ ਪਾਰ", 'ਸਵਰਨ ਚੰਦਨ' ਨੇ ਆਪਣੇ ਨਾਵਲ "ਕੰਜਕਾਂ" ਅਤੇ 'ਨਕਸ਼ਦੀਪ ਪੰਜਕੋਹਾ' ਨੇ ਆਪਣੇ "ਨਾਵਲ ਗਿਰਵੀ ਹੋਏ ਮਨ" ਵਿਚ ਬਹੁਤ ਵੀ ਵਧੀਆ ਅਤੇ ਵੱਖ ਵੱਖ ਢੰਗਾਂ ਨਾਲ ਤੇ ਆਪਣੇ ਆਪਣੇ ਤਜਰਬੇ ਨਾਲ ਬਹੁਤ ਹੀ ਸੁਹਿਰਦਤਾ ਨਾਲ ਬਿਆਨ ਕੀਤਾ ਹੈ।

### ਪੈੜਾਂ ਦੇ ਆਰ ਪਾਰ ਵਿਚ ਲੋੜ ਅਤੇ ਲਾਲਸਾ ਦਾ ਆਧਾਰ

ਦਰਸ਼ਨ ਸਿੰਘ ਧੀਰ ਦੇ ਨਾਵਲ ਪੈੜਾਂ ਦੇ ਆਰ ਪਾਰ ਵਿਚ ਲੋੜ ਤੇ ਲਾਲਸਾ ਨੂੰ ਬਹੁਤ ਹੀ ਵਧੀਆ ਢੰਗ ਨਾਲ ਆਧਾਰ ਬਣਾ ਕੇ ਇਸ ਨਾਵਲ ਨੂੰ ਪੇਸ਼ ਕੀਤਾ ਗਿਆ ਹੈ। ਇਸ ਵਿਚ ਹਰ ਇਕ ਦੀ ਆਪਣੀ ਲੋੜ ਤੇ ਆਪਣੀ

ਲਾਲਸਾ ਹੈ। ਹਰ ਪਾਤਰ ਦੂਜੇ ਤੋਂ ਕੁਝ ਨਾ ਕੁਝ ਲਾਲਸਾ ਰੱਖਦਾ ਹੈ ਆਪਣੀ ਲੋੜ ਦੇ ਆਧਾਰ ਤੇ। ਇਸ ਵਿਚ ਸ਼ਰਨ ਕੌਰ ਆਪਣੀ ਨੂੰਹ ਤੋਂ ਆਸ ਕਰਦੀ ਹੈ ਕਿ ਉਹ ਉਸ ਦੀ ਸੇਵਾ ਕਰੇ ਤੇ ਉਸ ਦਾ ਕਹਿਣਾ ਮੰਨ ਕੇ ਉਹ ਘਰੋਂ ਬਾਹਰ ਨਾ ਜਾਵੇ ਇਹ ਉਸ ਦੀ ਲੋੜ ਵੀ ਹੇ ਤੇ ਲਾਲਸਾ ਵੀ। ਇਸ ਲਈ ਹੀ ਜਦੋਂ ਮਨਜੀਤ ਕੰਮ ਤੇ ਲੱਗਣ ਦੀ ਗੱਲ ਕਰਦੀ ਹੈ ਤਾਂ ਸ਼ਰਨ ਕੌਰ ਕਹਿੰਦੀ ਹੈ ਕਿ :-

"ਸੋਹਣਾ ਨਾਂ ਕੱਢਣ ਲੱਗੀ ਐ, ਸਾਡਾ ਤੇ ਨਾਲੇ ਆਪਣਾ?"

"ਇਹਦੇ ਚ ਕੀ ਬੁਰਾ ਏ, ਬੀ ਜੀ?"

" ਕੁਸ਼ ਮਾੜਾ ਨਈਂ?" ਪਲ ਦੋ ਪਲ ਉਸ ਦੀਆਂ ਅੱਖਾਂ ਵਿਚ ਸਿੱਧਾ ਝਾਕਦੀ ਰਹੀ। ਜਦ ਉਸ ਨਾ ਫੁੱਟੀ ਤਾਂ ਫਿਰ ਕਹਿਣ ਲੱਗੀ, "ਕੀ ਕਹਿਣਗੇ ਕੁੜਮ ਤੇ ਲੋਕ?"[1]

ਉਸ ਦੀ ਇਕ ਹੋਰ ਲਾਲਸਾ ਹੈ ਕਿ ਉਸ ਦੀ ਧੀ ਦਾ ਵਿਆਹ ਕਿਸੇ ਪੰਜਾਬੀ ਮੁੰਡੇ ਨਾਲ ਹੋ ਜਾਵੇ ਪਰ ਉਸ ਦੀ ਇਹ ਲਾਲਸਾ ਹਮੇਸ਼ਾ ਲਈ ਖ਼ਤਮ ਹੋ ਜਾਂਦੀ ਹੈ ਕਿਉਂਕਿ ਨਵਜੋਤ ਵਿਆਹ ਕਰਾਉਣ ਤੋਂ ਮਨ੍ਹਾ ਕਰ ਦਿੰਦੀ ਹੈ। ਨਵਜੋਤ ਦੇ ਇਸ ਫ਼ੈਸਲੇ ਕਾਰਨ ਉਸ ਦੀ ਇਹ ਲਾਲਸਾ ਹਮੇਸ਼ਾ ਲਈ ਮਨ ਵਿਚ ਹੀ ਰਹਿ ਗਈ ਸੀ।

ਇਸ ਨਾਵਲ ਵਿਚ ਸਭ ਤੋਂ ਘੱਟ ਲਾਲਸਾ ਲਖਬੀਰ ਸਿੰਘ ਨੂੰ ਹੈ। ਉਹ ਕਿਸੇ ਤੇ ਵੀ ਆਪਣਾ ਫ਼ੈਸਲਾ ਥੋਪਦਾ ਨਹੀਂ ਹੈ। ਉਸਨੂੰ ਆਪਣੀ ਧੀ ਦੀ ਜ਼ਿੰਦਗੀ ਦਾ ਬਹੁਤ ਫ਼ਿਕਰ ਹੈ ਕਿਉਂਕਿ ਉਸ ਦੀ ਲੋੜ ਅਤੇ ਲਾਲਸਾ ਇਸੇ ਗੱਲ ਵਿਚ ਹੈ ਕਿ ਉਸ ਦੀ ਧੀ ਦਾ ਵਿਆਹ ਕਿਸੇ ਪੰਜਾਬੀ ਮੁੰਡੇ ਦੇ ਨਾਲ ਹੋ ਜਾਵੇ ਪਰ ਉਸ ਦੇ ਨਾਂਹ ਨੁੱਕਰ ਕਰਨ ਤੇ ਉਹ ਬਹੁਤ ਗ਼ੁੱਸੇ ਵਿਚ ਉਸ ਨੂੰ ਬਹੁਤ ਬੁਰਾ ਭਲਾ ਕਹਿੰਦਾ ਹੈ। ਉਸ ਨੂੰ ਬੱਸ ਆਪਣੇ ਕੰਮ ਨਾਲ ਮਤਲਬ ਹੈ। ਉਹ ਨਾ ਨਵਜੋਤ ਨਾਲ ਹੈ ਨਾ ਸ਼ਰਨ ਕੌਰ ਨਾਲ ਤੇ ਨਾ ਹੀ ਆਪਣੇ ਨੂੰਹ ਪੁੱਤ ਨਾਲ। ਉਹ ਸਾਰੀ ਜ਼ਿੰਦਗੀ ਬੱਸ ਕੰਮ ਹੀ ਕਰਦਾ ਹੈ ਤੇ ਕੰਮ ਕਰਦਾ ਕਰਦਾ ਮਰ ਜਾਂਦਾ ਹੈ।

ਸੁਖਵਿੰਦਰ ਨੂੰ ਲਾਲਸਾ ਹੈ ਕਿ ਉਸ ਦੀ ਭੈਣ ਕਿਸੇ ਪੰਜਾਬੀ ਮੁੰਡੇ ਨਾਲ ਵਿਆਹ ਕਰਾਵੇ ਤੇ ਉਸ ਦੀ ਪਰਿਵਾਰਕ ਖ਼ੁਸ਼ੀ ਬਣੀ ਰਹੀ।ਉਸ ਦੀ ਪਤਨੀ ਖ਼ੁਸ਼ ਰਹੇ। ਉਸ ਦੀ ਇਹ ਲੋੜ ਵੀ ਹੈ ਕਿਉਂਕਿ ਉਹ ਭਰਾ ਹੋਣ ਦੇ ਨਾਤੇ ਚਾਹੁੰਦਾ ਹੈ ਕਿ ਉਹ ਆਪਣੀ ਭੈਣ ਦਾ ਘਰ ਵਸਾਉਣ ਵਿਚ ਮਦਦ ਕਰੇ। ਉਸ ਦੀ ਲੋੜ ਹੈ ਕਿ ਉਹ ਆਪਣੀ ਪਤਨੀ ਨੂੰ ਖ਼ੁਸ਼ ਰੱਖੇ ਤੇ ਉਸ ਨਾਲ ਪਿਆਰ ਭਰਪੂਰ ਜ਼ਿੰਦਗੀ ਬਤੀਤ ਕਰੇ ਪਰ ਉਸ ਦੀ ਇਹ ਲੋੜ ਤੇ ਲਾਲਸਾ ਨੂੰ ਧੱਕਾ ਲੱਗਦਾ ਹੈ ਜਦੋਂ ਉਸ ਦੀ ਪਤਨੀ ਉਸ ਨੂੰ ਸਰੀਰਕ ਸੁੱਖ ਨਹੀਂ ਦੇ ਪਾਉਂਦੀ ਤੇ ਜਿਸ ਕਾਰਨ ਉਸ ਦੀ ਮਾਨਸਿਕ ਸੰਤੁਸ਼ਟੀ ਵੀ ਭੰਗ ਹੁੰਦੀ ਹੈ ਕਿਉਂਕਿ ਉਸ ਦੀ ਪਤਨੀ ਕੰਮ ਦੀ ਭੱਜੀ ਹੋਣ ਕਾਰਨ ਉਸ ਨੂੰ ਸਰੀਰਕ ਸੰਤੁਸ਼ਟੀ ਨਹੀਂ ਦੇ ਰਹੀ। ਮਰਦ ਹੋਣ ਦੇ ਕਾਰਨ ਉਸ ਨੂੰ ਆਪਣੀ ਬਹੁਤ ਹੀ ਬੇਇੱਜ਼ਤੀ ਮਹਿਸੂਸ ਹੁੰਦੀ ਹੈ ਕਿ ਉਸ ਨੂੰ ਬਾਰ-ਬਾਰ ਹਰ ਰੋਜ਼ ਮਨਾਉਣਾ ਪੈਦਾ

ਸੀ ਪਰ ਉਹ ਮੰਨਣ ਦੀ ਥਾਂ ਨਾਂਹ ਨਾਂਹ ਕਰਦੀ ਰਹਿੰਦੀ ਸੀ। ਜਿਸ ਕਾਰਨ ਉਸ ਦੀ ਮੈਂ ਨੂੰ ਸੱਟ ਲਗਦੀ ਹੈ ਤੇ ਉਹ ਤੜਫ਼ ਕੇ ਰਹਿ ਜਾਂਦਾ ਹੈ। ਲੋੜ ਪੂਰੀ ਨਾ ਹੋਣ ਦੇ ਕਾਰਨ ਉਹ ਗ਼ੁੱਸੇ ਨਾਲ ਭਰਿਆ ਰਹਿੰਦਾ ਹੈ। ਉਸ ਨੂੰ ਜਦੋਂ ਉਸ ਦੀ ਤੜਫ਼ ਦਾ ਪਤਾ ਲੱਗਾ ਤਾਂ ਉਸ ਨੂੰ ਆਪਣੀ ਲੋੜ ਤੇ ਲਾਲਸਾ ਉਸ ਦੇ ਸਾਹਮਣੇ ਬਹੁਤ ਹੀ ਛੋਟੀ ਤੇ ਬੇਅਰਥੀ ਲੱਗਦੀ ਹੈ। ਉਸ ਨੂੰ ਉਸ ਤੇ ਬਹੁਤ ਪਿਆਰ ਆਉਂਦਾ ਹੈ ਤੇ ਉਹ ਉਸ ਦੀ ਲੋੜ ਲਈ ਉਸ ਦੀ ਮਦਦ ਕਰਨ ਲਈ ਉਸ ਦੀ ਫ਼ੈਕਟਰੀ ਜਾਂਦਾ ਹੈ। ਜਿਸ ਕਾਰਨ ਉਹ ਆਪਣੀਆਂ ਸਾਰੀਆਂ ਲੋੜਾਂ ਭੁੱਲ ਜਾਂਦਾ ਹੈ ਤੇ ਉਸ ਨੂੰ ਆਪਣੀ ਪਤਨੀ ਤੋਂ ਬੱਸ ਇਹ ਹੀ ਲਾਲਸਾ ਹੈ ਕਿ ਉਹ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਖ਼ੁਸ਼ ਰੱਖੇ।

ਮਨਜੀਤ ਦੀ ਲੋੜ ਤੇ ਲਾਲਸਾ ਇਹ ਹੈ ਕਿ ਉਸ ਦਾ ਪਤੀ ਉਸ ਨੂੰ ਪਿਆਰ ਕਰੇ ਤੇ ਉਸ ਦੀ ਸੱਸ ਉਸ ਦੀ ਮਜਬੂਰੀ ਸਮਝੇ ਤੇ ਉਸ ਦੇ ਨਾਲ ਘਰ ਦੇ ਕੰਮ ਵਿਚ ਥੋੜ੍ਹਾ ਜਿਹਾ ਹੱਥ ਵਟਾ ਦੇਵੇ ਤਾਂ ਉਸ ਦੇ ਸਰੀਰ ਨੂੰ ਵੀ ਆਰਾਮ ਮਿਲ ਸਕੇ ਕਿਉਂਕਿ ਸਾਰਾ ਦਿਨ ਬਿਨਾਂ ਰੁਕੇ ਕੰਮ ਕਰਕੇ ਉਸ ਦਾ ਸਰੀਰ ਨਿੱਸਲ਼ ਹੋ ਜਾਂਦਾ ਹੈ। ਮਨਜੀਤ ਹਮੇਸ਼ਾ ਹੀ ਆਪਣੇ ਪਰਿਵਾਰ ਨੂੰ ਖ਼ੁਸ਼ ਰੱਖਣ ਲਈ ਸਾਰਾ ਕੰਮ ਕਰਦੀ ਹੈ। ਪਰ ਇਸ ਕੰਮ  ਵਿਚ ਉਹ ਆਪਣੇ ਪਤੀ ਨੂੰ ਪੂਰਾ ਸੁੱਖ ਨਹੀਂ ਦੇ ਪਾਉਂਦੀ ਜਿਸ ਕਾਰਨ ਉਸ ਨੂੰ ਵੀ ਇਸ ਗੱਲ ਦਾ ਦੁੱਖ ਹੈ। ਇਹ ਉਸ ਦੀ ਵੀ ਸਰੀਰਕ ਲੋੜ ਹੈ ਕਿ ਉਹ ਆਪਣੇ ਪਤੀ ਨੂੰ ਖ਼ੁਸ਼ ਰੱਖੇ ਤੇ:-

ਇਕ ਪਾਸੇ ਉਹ ਆਪਣੇ ਸਾਥੀ ਦੀ ਲੋੜ ਮਹਿਸੂਸਦੀ ਸੀ। ਉਹਦੇ ਆਪਣੇ ਤਨ ਦੀ ਭੁੱਖ ਵੀ ਹੁੰਦੀ ਸੀ। ਪਰ ਦੂਜੇ ਪਾਸੇ ਇਹ ਡਰ ਵੀ ਸੀ ਕਿ ਪੱਛਿਆ ਤਨ ਪਤੀ ਨੂੰ ਸੁੱਖ ਦੇਣ ਦੀ ਥਾਂ ਕਿਧਰੇ ਦੁੱਖ ਦਾ ਕਾਰਨ ਨਾ ਬਣ ਜਾਵੇ। ਤੇ ਗ਼ੁੱਸੇ ਵਿਚ ਉਹ ਕੋਈ ਐਸੀ ਵੈਸੀ ਹਰਕਤ ਨਾ ਕਰ ਦੇਵੇ।[2]

ਇਕ ਸਨਿਚਰਵਾਰ ਰਾਤੀ ਸੁਖਵਿੰਦਰ ਬਹੁਤ ਹੀ ਖਹਿੜੇ ਪੇ ਗਿਆ। ਉਹ ਟਾਲਣ ਲਈ ਕਹਿਣ ਲੱਗੀ, "ਜੀ ਮੇਰੀ ਤਬੀਅਤ ਠੀਕ ਨਹੀਂ।"

"ਕੀ ਹੋਇਆ, ਤੇਰੀ ਤਬੀਅਤ ਨੂੰ?

"ਮੈਂ ਦੱਸ ਨਹੀਂ ਸਕਦੀ।"

"ਚੰਗਾ ਨਾ ਦੱਸ," ਸੁਖਵਿੰਦਰ ਗ਼ੁੱਸੇ ਵਿਚ ਦੂਜੇ ਪਾਸੇ ਮੂੰਹ ਕਰਕੇ ਪੈ ਗਿਆ। ਮਨਜੀਤ ਤੜਫ਼ ਕੇ ਰਹਿ ਗਈ। ਦਿਲ ਨੇ.......................................................... ਤੇ ਕੰਧ ਨੂੰ ਘੂਰਨ ਲੱਗ ਪਈ।[3]

ਇਸ ਨਾਵਲ ਵਿਚ ਸਭ ਤੋਂ ਜ਼ਿਆਦਾ ਲੋੜਾਂ ਤੇ ਲਾਲਸਾਵਾਂ ਨਵਜੋਤ ਦੀਆਂ ਹਨ ਕਿਉਂਕਿ ਉਹ ਇਸ ਨਾਵਲ ਦੀ ਮੁੱਖ ਪਾਤਰ ਹੋਣ ਕਾਰਨ ਜ਼ਿਆਦਾ ਘਿਰੀ ਹੋਈ ਹੈ। ਉਸ ਨੂੰ ਹਰ ਸਮੇਂ ਕਿਸੇ ਨਾ ਕਿਸੇ ਤੇ ਲੋੜ ਰਹਿੰਦੀ ਹੈ ਤੇ ਉਸ ਦੀ ਲਾਲਸਾ ਹੈ ਕਿ ਉਹ ਪੂਰੀ ਜ਼ਿੰਦਗੀ ਕਿਸੇ ਦੀ ਗ਼ੁਲਾਮੀ ਨਾ ਕਰੇ ਤੇ ਆਪਣੇ ਹਿਸਾਬ ਨਾਲ ਆਪਣੀ ਜ਼ਿੰਦਗੀ ਬਤੀਤ

ਕਰੇ। ਨਵਜੋਤ ਕਦੀ ਆਪਣੀ ਜ਼ਿੰਦਗੀ ਦਾ ਸਹਾਰਾ ਜਾਹਨ ਕੀਥ ਨੂੰ ਬਣਾਉਂਦੀ ਹੈ। ਜਦੋਂ ਉਸ ਦੀ ਜ਼ਿੰਦਗੀ ਵਿਚ ਤਲਵਿੰਦਰ ਆ ਜਾਂਦਾ ਹੈ ਤਾਂ ਉਹ ਆਪਣੀ ਜ਼ਿੰਦਗੀ ਉਸ ਦੇ ਨਾਲ ਦੇਖਦੀ ਹੈ ਪਰ ਉਸ ਦੇ ਧੋਖਾ ਦੇਣ ਤੇ ਉਹ ਇਕੱਲੀ ਹੋ ਜਾਂਦੀ ਹੈ ਤੇ ਉਸ ਦੀ ਜ਼ਿੰਦਗੀ ਬਿਲਕੁਲ ਖੜ੍ਹ ਗਈ ਸੀ। ਪਰ ਜਦੋਂ ਜਾਹਨ ਕੀਥ ਉਸ ਦੀ ਜ਼ਿੰਦਗੀ ਵਿਚ ਦੋਬਾਰਾ ਆ ਜਾਂਦਾ ਹੈ ਤਾਂ ਉਸਦੀ ਜ਼ਿੰਦਗੀ ਵਿਚ ਫਿਰ ਤੋਂ ਨਵੀਆਂ ਲਾਲਸਾਵਾਂ ਪੈਦਾ ਹੋਣ ਲੱਗ ਜਾਂਦੀਆਂ ਹਨ। ਉਸ ਦੀ ਸਰੀਰਕ ਲੋੜ ਦੇ ਕਾਰਨ ਉਸ ਨੂੰ ਕਿਸੇ ਮਰਦ ਦਾ ਸਾਥ ਚਾਹੀਦਾ ਹੈ। ਇਸ ਆਜ਼ਾਦੀ ਦੀ ਪੂਰਤੀ ਲਈ ਉਹ ਆਪਣੀ ਜ਼ਿੰਦਗੀ ਘਰਦਿਆਂ ਨਾਲੋਂ ਤੋੜ ਕੇ ਅਲੱਗ ਕਰ ਲੈਂਦੀ ਹੈ। ਉਸ ਨੂੰ ਆਪਣੀ ਸੰਤੁਸ਼ਟੀ ਲਈ ਕਿਸੇ ਨਾ ਕਿਸੇ ਦਾ ਸਾਥ ਚਾਹੀਦਾ ਹੈ ਉਸ ਲਈ ਇਕੱਲੀ ਰਹਿਣਾ ਬਹੁਤ ਮੁਸ਼ਕਿਲ ਹੈ ਇਕ ਤਾਂ ਉਹ ਮਰਦ ਦੇ ਬਿਨਾਂ ਨਹੀਂ ਰਹਿ ਸਕਦੀ ਦੂਜਾ ਉਹ ਘਰਦਿਆਂ ਨਾਲ ਨਹੀਂ ਰਹਿ ਸਕਦੀ ਕਿਉਂਕਿ ਉਹ ਆਪਣੀ ਆਜ਼ਾਦੀ ਇਸ ਗੱਲ ਵਿਚ ਸਮਝਦੀ ਹੈ ਕਿ ਉਹ ਘਰਦਿਆਂ ਦੇ ਨਾਲ ਰਹਿ ਕੇ ਪੂਰਨ ਅਜ਼ਾਦੀ ਨਹੀਂ ਮਾਣ ਸਕਦੀ। ਕਿਉਂਕਿ ਉਸ ਨੂੰ ਪਤਾ ਹੈ ਕਿ ਜੇ ਉਹ ਘਰਦਿਆਂ ਨਾਲ ਰਹੇਗੀ ਤਾਂ ਘਰ ਦੇ ਉਸ ਨੂੰ ਉਸ ਦੀ ਮਰਜ਼ੀ ਨਹੀਂ ਕਰਨ ਦੇਣਗੇ ਤੇ ਨਾ ਹੀ ਉਸ ਨੂੰ ਗੈਰ ਮੁੰਡਿਆਂ ਨਾਲ ਘੁੰਮਣ ਦੀ ਆਜ਼ਾਦੀ। ਇਸ ਸਰੀਰਕ ਲੋੜ ਨੂੰ ਪੂਰਾ ਕਰਨ ਲਈ ਉਹ ਘਰਦਿਆਂ ਤੋਂ ਦੂਰ ਇਕੱਲੀ ਰਹਿੰਦੀ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਨੂੰ ਆਪਣੇ ਹਿਸਾਬ ਨਾਲ ਮਾਣੇ। ਉਹ ਆਪਣੀ ਇਸ ਲੋੜ ਨੂੰ ਪੂਰਾ ਕਰਨ ਲਈ ਇਕ ਤੋਂ ਜ਼ਿਆਦਾ ਮਰਦਾਂ ਨਾਲ ਸਬੰਧ ਬਣਾਉਂਦੀ ਹੈ। ਤੇ ਵੱਖ ਵੱਖ ਮਰਦਾਂ ਨਾਲ ਸਬੰਧ ਬਣਾਉਣ ਦੇ ਕਾਰਨ ਹੀ ਉਸ ਨੂੰ ਆਪਣੇ ਘਰਦਿਆਂ ਦੀ ਨਰਾਜ਼ਗੀ ਸਹਿਣੀ ਪੈਂਦੀ ਹੈ। ਉਸ ਦੀ ਲੋੜ ਤੇ ਲਾਲਸਾ ਉਸਨੂੰ ਉਸ ਸਮੇਂ ਖ਼ਤਮ ਹੁੰਦੀ ਦਿਸਦੀ ਹੈ ਜਦੋਂ ਉਹ ਜਾਹਨ ਕੀਥ ਨੂੰ ਛੱਡ ਕੇ ਤਲਵਿੰਦਰ ਨਾਲ ਪੱਕੇ ਪਿਆਰ ਵਿਚ ਫਸ ਜਾਂਦੀ ਹੈ ਤੇ ਤਲਵਿੰਦਰ ਉਸ ਨੂੰ ਛੱਡ ਦਿੰਦਾ ਹੈ ਤੇ ਉਸ ਨੂੰ ਉਸ ਦੀ ਦੁਨੀਆ ਘੁੰਮਦੀ ਦਿਸੀ। ਤਲਵਿੰਦਰ ਉਸ ਨੂੰ ਛੱਡ ਕੇ ਆਪਣੀ ਅਲੱਗ ਦੁਨੀਆ ਵਿਚ ਵਿਅਸਤ ਹੋ ਜਾਂਦਾ ਹੈ। ਨਵਜੋਤ ਆਪਣੀ ਇਸ ਇਕੱਲਤਾ ਨੂੰ ਦੂਰ ਕਰਨ ਲਈ ਆਪਣੇ ਬੱਚੇ ਦਾ ਸਹਾਰਾ ਲੈਂਦੀ ਹੈ ਜੋ ਕਿ ਇਸ ਦੁਨੀਆ ਵਿਚ ਅਜੇ ਆਇਆ ਹੀ ਨਹੀਂ। ਉਸ ਦੇ ਆਉਣ ਦੇ ਇੰਤਜ਼ਾਰ ਵਿਚ ਉਹ ਆਪਣਾ ਜੀਵਨ ਬਤੀਤ ਕਰਦੀ ਹੈ ਕਿ ਉਸ ਨਾਲ ਹੋਈ ਇਕ ਦੁਰਘਟਨਾ ਦੇ ਨਾਲ ਉਸ ਦਾ ਬੱਚਾ ਵੀ ਉਸ ਦਾ ਸਾਥ ਛੱਡ ਜਾਂਦਾ ਹੈ। ਉਸ ਦੀ ਲਾਲਸਾ ਉਸ ਵੇਲੇ ਕਿਸੇ ਲਈ ਹੋਰ ਵੀ ਵੱਧ ਜਾਂਦੀ ਹੈ ਜਦੋਂ ਜਾਹਨ ਕੀਥ ਉਸ ਨੂੰ ਦੋਬਾਰਾ ਦੋਸਤੀ ਕਰਨ ਲਈ ਕਹਿੰਦਾ ਹੈ। ਜਾਹਨ ਕੀਥ ਦੀ ਲੋੜ ਵੀ ਉਸ ਵਾਲੀ ਹੀ ਹੈ ਉਸ ਨੂੰ ਵੀ ਇਸੇ ਸਾਥੀ ਦੀ ਲੋੜ ਸੀ ਤੇ ਉਸ ਲਈ ਵੀ ਇਕੱਲਾ ਰਹਿਣਾ ਮੁਸ਼ਕਿਲ ਸੀ। ਇਸ ਲਈ ਉਹ ਨਵਜੋਤ ਨੂੰ ਆਪਣੇ ਨਾਲ ਦੋਬਾਰਾ ਰਹਿਣ ਦੀ ਪੇਸ਼ਕਸ਼ ਦਿੰਦਾ ਹੈ ਤਾਂ ਜੋ ਦੋਹਾਂ ਦੀ ਲੋੜ ਪੂਰੀ ਹੋ ਸਕੇ। ਇਸੇ ਹੀ ਲੋੜ ਅਤੇ ਲਾਲਸਾ ਨੇ ਦੋਹਾਂ ਨੂੰ ਫਿਰ ਤੋਂ ਇਕੱਠਾ ਕਰ ਦਿੱਤਾ ਸੀ। ਪਰ ਫਿਰ ਉਸ ਸਮੇਂ ਨਵਜੋਤ ਦੀ ਹਾਲਤ ਪਤਲੀ ਹੁੰਦੀ ਹੈ ਜਦੋਂ ਉਹ ਜਾਹਨ ਕੀਥ ਦੀ ਮੌਤ ਦੀ ਖ਼ਬਰ ਸੁਣਦੀ ਹੈ। ਉਹ ਫਿਰ ਕਿਸੇ ਮਰਦ ਲਈ ਨਹੀਂ ਸਗੋਂ ਆਪਣੇ ਘਰਦਿਆਂ ਲਈ ਲੋਚਦੀ ਹੈ ਤਾਂ ਜੋ ਆਪਣੇ ਪਰਿਵਾਰ ਵਿਚ ਰਹਿ ਕੇ ਆਪਣੀ ਬੱਚੀ ਦੀ ਪਰਵਰਿਸ਼ ਕਰੇ। ਪਰ ਉਸ ਦਾ ਪਰਿਵਾਰ ਉਸ ਦਾ ਤਿਆਗ ਕਰ ਚੁੱਕਾ ਹੈ। ਉਸ ਦੇ ਪਰਿਵਾਰ ਦੀ ਉਸ ਕੋਲੋਂ ਨਾ ਤਾਂ ਕੋਈ ਲੋੜ ਹੈ ਤੇ ਲਾਲਸਾ ਹੈ। ਜਿਸ ਕਾਰਨ ਉਹ ਆਪਣੇ ਪਰਿਵਾਰ ਵੱਲੋਂ ਤੇ ਪਰਿਵਾਰ ਉਸ ਵੱਲੋਂ ਪੂਰੀ ਤਰ੍ਹਾਂ ਨਿਰਾਸ਼

ਹੈ। ਨਵਜੋਤ ਆਪਣੇ ਆਪ ਨੂੰ ਇਕੱਲੀ ਵੀ ਰੱਖਦੀ ਹੈ ਤੇ ਹਰ ਸਮੇਂ ਸਮੇਂ ਤੇ ਉਸ ਨੂੰ ਕਿਸੇ ਨਾ ਕਿਸੇ ਦੀ ਲੋੜ ਹਮੇਸ਼ਾ ਹੀ ਰਹਿੰਦੀ ਹੈ ਚਾਹੇ ਉਹ ਉਸ ਦੇ ਘਰ ਦੇ ਹੋਣ ਤੇ ਚਾਹੇ ਕੋਈ ਓਪਰਾ ਮਰਦ। ਉਹ ਇਨ੍ਹਾਂ ਲਾਲਸਾਵਾਂ ਦੇ ਕਾਰਨ ਤੇ ਵੱਧ ਰਹੀਆਂ ਲੋੜਾਂ ਦੇ ਕਾਰਨ ਹੀ ਉਹ ਹਮੇਸ਼ਾ ਲਈ ਆਪਣੇ ਪਰਿਵਾਰ ਤੋਂ ਦੂਰ ਹੋ ਜਾਂਦੀ ਹੈ।

ਤਲਵਿੰਦਰ ਇਸ ਨਾਵਲ ਦਾ ਮੁੱਖ ਪਾਤਰ ਹੈ ਤੇ ਉਸ ਦੀਆਂ ਲੋੜਾਂ ਤੇ ਲਾਲਸਾਵਾਂ ਵੀ ਬਹੁਤ ਹਨ ਉਹ ਵੀ ਆਪਣੀ ਆਜ਼ਾਦੀ ਨੂੰ ਪਹਿਲ ਦਿੰਦਾ ਹੈ ਤੇ ਹਰ ਕਿਸੇ ਨੂੰ ਆਪਣੀ ਗੱਲ ਮਨਾਉਣਾ ਚਾਹੁੰਦਾ ਹੈ ਤਾਂ ਜੋ ਉਸ ਦੀ ਹੋਂਦ ਨੂੰ ਕੋਈ ਧੱਕਾ ਨਾ ਲੱਗੇ। ਉਹ ਨਵਜੋਤ ਨਾਲ ਵਿਆਹ ਕਰਾਉਣਾ ਚਾਹੁੰਦਾ ਹੈ ਤੇ ਉਸ ਦੇ ਇਨਕਾਰ ਕਾਰਨ ਉਸ ਨੂੰ ਛੱਡ ਦਾ ਨਹੀਂ ਸਗੋਂ ਉਸ ਨਾਲ ਪਾਰਟਨਰਸ਼ਿਪ ਕਰਕੇ ਉਹ ਉਸ ਦੇ ਨਾਲ ਹੀ ਰਿਸ਼ਤਾ ਬਣਾ ਲੈਂਦਾ ਹੈ। ਇਸ ਦਾ ਕਾਰਨ ਉਸ ਦੀ ਸਰੀਰਕ ਲੋੜਾਂ ਦੀ ਪੂਰਤੀ ਵੀ ਸੀ ਤੇ ਉਸ ਦੀ ਲਾਲਸਾ ਵੀ ਕਿਉਂਕਿ ਉਹ ਨਵਜੋਤ ਵਰਗੀ ਸੋਹਣੀ ਕੁੜੀ ਨੂੰ ਛੱਡਣਾ ਨਹੀਂ ਸੀ ਚਾਹੁੰਦਾ।

"ਜੇ ਤੂੰ ਵਿਆਹ ਕਰਾਉਣਾ, ਨਾ ਸਹੀ। ਆਪਾਂ ਫਰੈਂਡਜ਼ ਤਾਂ ਰਹਿ ਸਕਦੇ ਹਾਂ?" ਤਲਵਿੰਦਰ ਦੀ ਲਾਲਸਾ ਬੋਲੀ।

"ਜ਼ਰੂਰ ਰਹਿ ਸਕਦੇ ਆਂ ਪਰ ਓਨਲੀ ਫਰੈਂਡਜ਼। ਹੈ ਮਨਜ਼ੂਰ?" ਨਵਜੋਤ ਨੇ ਤਲਵਿੰਦਰ ਵਲ ਭਰਪੂਰ ਮੁਸਕਾਨ ਦਾ ਛਿੱਟਾ ਮਾਰਿਆ।

"ਹਾਂ!" ਤਲਵਿੰਦਰ ਬੜੀ ਦੂਰ ਦੇਖ ਰਿਹਾ ਸੀ।

ਦੋਹਾਂ ਨੇ ਹੱਥ ਮਿਲਾਏ। ਆਪਣੇ ਆਪਣੇ ਦਫ਼ਤਰ ਦੇ ਟੈਲੀਫ਼ੋਨ ਨੰਬਰ ਦਿੱਤੇ ਲਏ ਤੇ ਉੱਠ ਕੇ ਸਿਟਿੰਗ-ਰੂਮ ਵਿਚ ਆ ਗਏ।[4]

ਨਵਜੋਤ ਨਾਲੋਂ ਤੋੜਿਆਂ ਰਿਸ਼ਤਾ ਉਸ ਨੂੰ ਉਸ ਨਾਲੋਂ ਤੋੜ ਦਿੰਦਾ ਹੈ ਤੇ ਉਹ ਵਿਆਹ ਕਰਾਉਣ ਲਈ ਮੰਨ ਜਾਂਦਾ ਹੈ ਤੇ ਨਵਜੋਤ ਵੱਲੋਂ ਹਮੇਸ਼ਾ ਲਈ ਕਿਨਾਰਾ ਕਰ ਲੈਂਦਾ ਹੈ ਤੇ ਪਰ ਉਹ ਨਵਜੋਤ ਨੂੰ ਪਿਆਰ ਕਰਦਾ ਸੀ ਜਿਸ ਕਾਰਨ ਉਹ ਉਸ ਨਾਲੋਂ ਟੁੱਟ ਕੇ ਕਾਫ਼ੀ ਦੁਖੀ ਹੁੰਦਾ ਹੈ। ਉਹ ਆਪਣੇ ਮਾਤਾ ਪਿਤਾ ਦੀਆਂ ਲਾਲਸਾਵਾਂ ਨੂੰ ਵੀ ਪੂਰਾ ਕਰਨ ਲਈ ਵੀ ਆਪਣੀ ਜ਼ਿੰਦਗੀ ਚ ਅੱਗੇ ਵੱਧ ਦਾ ਹੈ ਤੇ ਆਪਣੀ ਜ਼ਿੰਦਗੀ ਅੱਗੇ ਤੋਰ ਲੈਂਦਾ ਹੈ।

ਜਿਵੇਂ:- ਉਸ ਦਾ ਪਿਤਾ ਉਸ ਨੂੰ ਕਹਿੰਦਾ ਹੈ ਕਿ ਕੁੜਮ ਵਿਆਹ ਲਈ ਕਾਹਲੇ ਹਨ ਤਾਂ ਉਹ ਕਹਿੰਦਾ ਹੈ ਕਿ ਸੋਚ ਕੇ ਦੱਸਦਾ ਹਾਂ ਤਾਂ ਉਸ ਦਾ ਪਿਤਾ ਕਹਿੰਦਾ ਹੈ ਕਿ:-

"ਇਹਦੇ ਵਿਚ ਸੋਚਣ ਵਾਲੀ ਕਿਹੜੀ ਗੱਲ ਏ ਜਦ ਤੂੰ ਇਕ ਵਾਰੀ ਹਾਂ ਕਰ ਦਿੱਤੀ? ਢਿੱਲ ਮੱਠ ਕਰਨੀ ਚੰਗੀ ਨਹੀਂ ਹੁੰਦੀ, ਕਾਕਾ। ਏਦਾਂ ਕੋਈ ਵਿਗਾੜ ਵੀ ਪੈ ਸਕਦਾ!" ਬਾਪ ਬੋਲਿਆ।

"ਚਲੋ ਰੱਖ ਲਓ," ਤਲਵਿੰਦਰ ਦੇ ਮੂੰਹੋਂ ਮਸ਼ੀਨ ਵਾਂਗ ਨਿਕਲ ਗਿਆ।

"ਕਦ ਦਾ ਰੱਖ ਲਈਏ ਫੇਰ?" ਪੁੱਤ ਦੀ ਹਾਂ ਸੁਣ ਕੇ ਬਾਪ ਫੁੱਲ ਵਾਂਗ ਖਿੜ ਗਿਆ।

"ਜਦ ਦਾ ਤੁਹਾਡਾ ਸੂਤ ਏ!" ਫਿਰ ਰਤਾ ਸੰਭਲ ਕੇ ਕਹਿਣ ਲਗਾ, "ਅਪ੍ਰੈਲ ਦੇ ਪਹਿਲੇ ਹਫ਼ਤੇ ਦਾ ਰੱਖ ਲਓ। ਓਦੋਂ ਹਫ਼ਤੇ ਦੀਆਂ ਮੈਨੂੰ ਛੁੱਟੀਆਂ ਨੇ।"

ਤਲਵਿੰਦਰ ਨੇ ਸੁੱਖ ਦਾ ਸਾਹ ਲਿਆ ਜਿਵੇਂ ਇਹ ਕਹਿਣ ਨਾਲ ਦਿਲ 'ਤੋਂ ਬਹੁਤ ਵੱਡਾ ਭਾਰ ਲਹਿ ਗਿਆ ਹੋਵੇ।[5]

ਇਸੇ ਤਰ੍ਹਾਂ ਹੀ ਜਾਹਨ ਕੀਥ ਵੀ ਇਸ ਦਾ ਇਕ ਅਜਿਹਾ ਪਾਤਰ ਹੈ ਜਿਸ ਦੇ ਬਿਨਾਂ ਨਾਵਲ ਪੂਰਾ ਨਹੀਂ ਹੋ ਸਕਦਾ। ਉਹ ਨਵਜੋਤ ਨੂੰ ਪਿਆਰ ਕਰਦਾ ਹੈ ਤੇ ਉਸ ਦੇ ਨਾਲ ਹੀ ਰਹਿਣਾ ਚਾਹੁੰਦਾ ਹੈ ਤੇ ਆਖ਼ਰੀ ਸਮੇਂ ਤੱਕ ਉਸ ਦਾ ਸਾਥ ਵੀ ਦਿੰਦਾ ਹੈ। ਉਸ ਦੇ ਮਰਨ ਤੋਂ ਬਾਅਦ ਉਸਦੀ ਬੱਚੀ ਵਾਰਿਸ ਨਵਜੋਤ ਦੀ ਜ਼ਿੰਦਗੀ ਵਿਚ ਹਮੇਸ਼ਾ ਲਈ ਆ ਜਾਂਦੀ ਹੈ ਤੇ ਉਸ ਦੇ ਰਾਹੀ ਨਾਵਲ ਨਵੇਂ ਮੋੜ ਵਿਚ ਘੁੰਮਦਾ ਹੈ।

ਨਵਜੋਤ ਨੇ ਇਕ ਵਾਰੀ ਫਿਰ ਆਪਣੇ ਬਾਬਲ ਦੇ ਘਰ ਵਲ ਸ਼ਰਧਾ ਨਾਲ ਦੇਖਿਆ, ਚੁੰਨੀ ਨਾਲ ਅੱਖਾਂ ਪੂੰਝੀਆਂ, ਬੁੱਲ੍ਹ ਚਿੱਥੇ, ਹਉਕਾ ਲਿਆ ਤੇ ਮਾਨਚੈਸਟਰ ਨੂੰ ਜਾਣ ਵਾਲੇ ਰਾਹੇ ਕਾਰ ਪਾ ਲਈ।[6]

## ਕੰਜਕਾਂ ਨਾਵਲ ਵਿਚ ਲੋੜ ਤੇ ਲਾਲਸਾ ਦਾ ਆਧਾਰ

ਕੰਜਕਾਂ ਨਾਵਲ ਸਵਰਨ ਚੰਦਨ ਦਾ ਇਕ ਬਹੁਤ ਹੀ ਵਧੀਆ ਤੇ ਬਹੁਤ ਹੀ ਡੂੰਘਾਈ ਵਿਚ ਅਣਗਿਣਤ ਪਾਤਰਾਂ ਦੀ ਸਹਾਇਤਾ ਨਾਲ ਰਚਿਆ ਹੋਇਆ ਨਾਵਲ ਹੈ। ਇਹ ਨਾਵਲ ਜਿੰਨਾ ਉਲਝਿਆ ਹੋਇਆ ਹੈ ਉਨ੍ਹਾਂ ਹੀ ਇਹ ਨਾਵਲ ਰੋਚਿਕਤਾ ਪੈਦਾ ਕਰਦਾ ਹੈ। ਇਹ ਨਾਵਲ ਵਿਦੇਸ਼ ਵਿਚ ਵੱਸਦੇ ਭਾਰਤੀਆਂ ਦੀ ਦਸ਼ਾ ਅਤੇ ਦਿਸ਼ਾ ਨੂੰ ਨਿਰਧਾਰਿਤ ਕਰਨ ਵਾਲਾ ਬਹੁਤ ਹੀ ਅਨੋਖਾ ਨਾਵਲ ਹੈ।

ਇਸ ਨਾਵਲ ਵਿਚ ਅਣਗਿਣਤ ਪਾਤਰ ਹਨ ਤੇ ਇਸ ਵਿਚ ਮੁੱਖ ਪਾਤਰ ਸੁਜਾਨ ਹੈ। ਜਿਸ ਦੀ ਲੋੜ ਤੇ ਲਾਲਸਾ ਬਹੁਤ ਹੀ ਵਿਸ਼ਾਲ ਹੈ ਕਿਉਂਕਿ ਉਸ ਨੂੰ ਬਹੁਤ ਸਾਰੀਆਂ ਜ਼ਿੰਮੇਵਾਰੀ ਹਨ ਜਿਸ ਕਾਰਨ ਉਸ ਦੀ ਹਰ ਲੋੜ ਦੀ ਪੂਰਤੀ ਲਈ ਉਹ ਸੰਘਰਸ਼ ਕਰਦਾ ਹੈ ਕਦੀ ਉਹ ਆਪਣੀ ਲੋੜ ਲਈ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਹੈ ਤੇ ਕਦੀ ਫ਼ੈਕਟਰੀ ਵਿਚ ਕੰਮ ਕਰਦਾ ਹੈ। ਉਸ ਦੀ ਇਕ ਲੋੜ ਤੇ ਲਾਲਸਾ ਇਹ ਹੈ ਕਿ ਉਸ ਦੇ ਬੱਚਿਆ ਨੂੰ ਚੰਗੀ ਤੇ ਵਧੀਆ ਜ਼ਿੰਦਗੀ ਦੇਵੇ। ਇਹ ਲਾਲਸਾ ਉਸ ਦੀ ਪੂਰੀ ਵੀ ਹੋ ਜਾਂਦੀ ਹੈ। ਪਰ ਉਸ ਦੀ ਜ਼ਿੰਦਗੀ ਉਸ ਸਮੇਂ ਨਰਕ ਬਣਦੀ ਹੈ ਜਦੋਂ ਉਸ ਦੀ ਧੀ ਅਣੂ ਪੁੱਠੇ ਰਾਹ ਪੈ ਜਾਂਦੀ ਹੈ। ਉਹ ਸਿਗਰਟ ਪੀਂਦੀ ਹੈ, ਸ਼ਰਾਬ ਪੀਂਦੀ ਹੈ ਤੇ ਵੱਖ ਵੱਖ ਨਸਲ ਦੇ ਲੋਕਾਂ ਨਾਲ ਸਰੀਰਕ ਸਬੰਧ ਬਣਾਉਂਦੀ ਹੋਈ। ਉਨ੍ਹਾਂ ਦੀ ਨਸਲ ਵੀ ਪੈਦਾ ਕਰਦੀ ਹੈ ।

ਬੜਾ ਦੁਖੀ ਕੀਤਾ ਸੀ ਉਹਨੂੰ ਇਸ ਕੁੜੀ ਨੇ। ਛੱਤੀ ਥਾਈਂ ਖੇਹ ਖਾਧੀ ਸੀ। ਕਈ ਵਾਰ ਘਰੋਂ ਭੱਜੀ ਸੀ। ਤੇ ਫੇਰ ਸਾਲ-ਸਾਲ ਵੱਤੀ ਨਹੀਂ ਸੀ ਵਾਹੀ। ਹਰ ਵਾਰੀ ਨਵੇਂ ਸਿਰਿਓਂ ਉਨ੍ਹਾਂ ਨੇ ਹੀ ਉਸ ਨੂੰ ਲੱਭਿਆ ਸੀ। ਕਦੇ ਜਮੀਕੇ ਨਾਲ ਸੁੱਤੀ ਨੂੰ। ਤੇ ਕਦੀ ਕਿਸੇ ਥਾਉਂ। ਪਰ ਉਹਨੂੰ ਕਿਸੇ ਦੀ ਕੋਈ ਸੰਗ ਸ਼ਰਮ ਨਹੀਂ ਸੀ।

ਉਹ ਸ਼ਰਾਬ ਦੇ ਨਸ਼ੇ ਵਿਚ ਆਪਣੇ ਭਰਾ ਅਤੇ ਮਾਂ ਨੂੰ ਬਹੁਤ ਬੁਰਾ ਭਲਾ ਕਹਿੰਦੀ ਕਿਉਂਕਿ ਉਸ ਨੂੰ ਉਸ ਦੇ ਘਰ ਦੇ ਸ਼ਰਾਬ ਪੀਣ ਤੋਂ ਰੋਕਦ। ਹੈ ਪਰ:-

– ਵ੍ਹਾਈ ਵੱਟ ਹੈਪਨਡ?- ਉਹਨੇ ਹੈਰਾਨ ਹੁੰਦਿਆਂ ਪੁੱਛਿਆ।

– ਇਹਦਾ ਮੂੰਹ ਸੁੰਘ... ਸ਼ਰਾਬ ਪੀਂਦੀ ਆਈ ਆ... ਤੇ ਇਹਦਾ ਝਾਟਾ ਵੇਖ... ਤੇ ਆਹ ਕੱਖ-ਕਾਨ।... ਇਹਨੂੰ ਪੁੱਛ ਇਹ ਆਈ ਕਿੱਥੋਂ ਆਂ?-

– ਫੱਕ ਔਫ਼...ਇਇਸ ਨੱਨ ਔਫ਼ ਯੂਅਰ ਬਿਜ਼ਨੈਸ ਆਈਦਰ।- ਉਹ ਭਰਾ ਨੂੰ ਭੱਜ ਕੇ ਪਈ।

– ਅੱਛਾ?... ਫੇਰ ਕੀਹਦਾ ਬਿਜ਼ਨੈਸ ਆ ਇਹ?-ਭਿੰਦਰ ਨੇ ਫੇਰ ਉਸ ਦੀ ਗੁੱਤ ਫੜ ਲਈ।[7]

ਭਿੰਦਰ ਜੋ ਕਿ ਅਣੂ ਤੇ ਦੀਪੂ ਦੀ ਮਾਂ ਤੇ ਸੁਜਾਨ ਦੀ ਪਤਨੀ ਹੈ। ਉਹ ਇਕ ਫ਼ੈਕਟਰੀ ਵਿਚ ਕੰਮ ਕਰਦੀ ਹੈ। ਉਸ ਦਾ ਛੋਟਾ ਜਿਹਾ ਪਰਿਵਾਰ ਸੀ ਤੇ ਉਸ ਦੀ ਇੱਛਾ ਹੈ ਕਿ ਉਸ ਦਾ ਪਰਿਵਾਰ ਆਪਣੇ ਸਭਿਆਚਾਰ ਦੇ ਅਨੁਸਾਰ ਚਲੇ ਤੇ ਕਦਰਾਂ ਕੀਮਤਾਂ ਤੇ ਚੱਲੇ। ਪਰ ਉਸ ਦਾ ਸੁਪਨਾ ਉਦੋਂ ਟੁੱਟ ਜਾਂਦਾ ਹੈ ਜਦੋਂ ਉਸ ਦੀ ਧੀ ਨੇ ਉਸ ਦੀਆਂ ਸਾਰੀਆਂ ਉਮੀਦਾਂ ਤੇ ਪਾਣੀ ਪਾ ਦਿੱਤਾ ਸੀ। ਉਸ ਦੀ ਇਹ ਹੀ ਲੋੜ ਹੈ ਤੇ ਇਹ ਹੀ ਲਾਲਸਾ ਕਿ ਉਸ ਦੀ ਧੀ ਦਾ ਘਰ ਵਸੇ। ਤੇ ਉਹ ਸਹੀ ਰਾਹ ਤੇ ਤੁਰੇ ਪਰ ਉਹ ਤਾਂ ਕਿਸੇ ਹੋਰ ਹੀ ਰਾਹ ਤੇ ਤੁਰ ਪਈ ਸੀ। ਇਸ ਲਈ ਉਹ ਉਸ ਦਾ ਵਿਆਹ ਜਲਦੀ ਕਰਨ ਲਈ ਕਹਿੰਦੀ ਹੈ:-

-ਠਾਰਾਂ ਵਰ੍ਹਿਆਂ ਦੀ ਕਰਕੇ ਇਹਦਾ ਵਿਆਹ ਕਰੋ, ਸੁਣਿਆ?- ਭਿੰਦਰ ਨੇ ਕਿਹਾ।

-ਸੋਚਦੇ ਆਂ।- ਸੁਜਾਨ ਨੇ ਇੰਨਾ ਹੀ ਕਿਹਾ।[8]

ਅਣੂ ਇਸ ਦੀ ਮੁੱਖ ਪਾਤਰ ਹੈ। ਇਸ ਲਈ ਉਸ ਦੀਆਂ ਲੋੜਾਂ ਅਤੇ ਲਾਲਸਾ ਸਾਰਿਆਂ ਨਾਲੋਂ ਜ਼ਿਆਦਾ ਸਨ। ਕਿਉਂਕਿ ਉਹ ਅੱਗੇ ਵਧਣਾ ਚਾਹੁੰਦੀ ਹੈ। ਉਹ ਆਪਣੀ ਆਜ਼ਾਦੀ ਆਪਣੇ ਤਰੀਕੇ ਨਾਲ ਜਿਊਂਦੀ ਚਾਹੁੰਦੀ। ਉਹ ਸੁਤੰਤਰ ਰਹਿ ਕੇ ਆਪਣੀ ਜ਼ਿੰਦਗੀ ਨੂੰ ਮਾਣਨ ਵਿਚ ਯਕੀਨ ਰੱਖਦੀ ਹੈ। ਇਸ ਆਜ਼ਾਦੀ ਨੂੰ ਮਾਣਨ ਲਈ ਉਹ ਸ਼ਰਾਬ ਪੀਂਦੀ ਹੈ, ਸਿਗਰਟ ਪੀਂਦੀ ਹੈ, ਕਾਲੇ ਗੋਰੇ ਲੋਕਾਂ ਨਾਲ ਸਰੀਰਕ ਸਬੰਧ ਵੀ ਬਣਾਉਂਦੀ ਹੈ। ਇਕ ਗੋਰੇ ਮੁੰਡੇ ਦੀ ਔਲਾਦ ਵੀ ਉਸ

ਦੀ ਕੁੱਖ ਵਿਚ ਆ ਜਾਂਦੀ ਹੈ। ਉਸ ਦੇ ਘਰ ਦੇ ਉਸ ਦੇ ਬੱਚੇ ਨੂੰ ਗਿਰਾ ਦਿੰਦੇ ਹਨ ਤੇ ਉਹ ਥੋੜ੍ਹਾ ਜਿਹਾ ਬਦਲਣ ਦਾ ਬੱਸ ਦਿਖਾਵਾ ਕਰਦੀ ਹੈ ਤੇ ਇਕ ਦਿਨ ਉਹ ਦੀਪੂ ਨੂੰ ਝੂਠ ਬੋਲ ਕੇ ਘਰੋਂ ਚਲੀ ਜਾਂਦੀ ਹੈ।

-ਦੀਪੂ! ਆਈ ਐਮ ਗੋਇੰਗ ਟੂ ਬਾਈ ਸੱਮ ਵੈਜੀਟੇਬਲਜ਼... ਓ.ਕੇ ... ਬੀ ਬੈਕ ਸੂਨ।- ਉਹਨੇ ਕਿਹਾ ਤੇ ਹੇਠਾਂ ਉਤਰ ਗਈ।

ਘੰਟਾ, ਦੋ ਘੰਟੇ ਤੇ ਆਖ਼ਰ ਸ਼ਾਮ ਪੈ ਗਈ। ਪਰ ਉਹ ਨਾ ਪਰਤੀ। ਸੁਜਾਨ ਤੇ ਭਿੰਦਰ ਆਏ। ਉਹ ਵੀ ਹੈਰਾਨ। ਤੇ ਦੀਪੂ ਵੀ।[9]

ਤੇ ਦੋਬਾਰਾ ਨਹੀਂ ਆਉਣਾ ਚਾਹੁੰਦੀ। ਤੇ ਉਹ ਫਿਰ ਆਪਣੇ ਆਪ ਹੀ ਆਪਣੇ ਆਪ ਨੂੰ ਦੋਬਾਰਾ ਉਸ ਗੰਦੀ ਦਲਦਲ ਵਿਚ ਘਸੀਟ ਲੈਂਦੀ ਹੈ।

## ਗਿਰਵੀ ਹੋਏ ਮਨ ਵਿਚ ਲੋੜ ਤੇ ਲਾਲਸਾ ਦਾ ਆਧਾਰ

ਗਿਰਵੀ ਹੋਏ ਮਨ ਨਕਸ਼ਦੀਪ ਪੰਜਕੋਹਾ ਦਾ ਲਿਖਿਆ ਬਹੁਤ ਹੀ ਖੂਬਸੂਰਤ ਨਾਵਲ ਹੈ। ਇਸ ਨਾਵਲ ਵਿਚ ਲੇਖਕ ਨੇ ਮਨ ਦੀਆਂ ਲਾਲਸਾਵਾਂ ਨੂੰ ਹੀ ਮਨੁੱਖ ਨੂੰ ਸਿੱਧੇ ਤੇ ਪੁੱਠੇ ਰਾਹ ਪਾਉਣ ਲਈ ਜ਼ਿੰਮੇਵਾਰ ਠਹਿਰਾਇਆ ਹੈ। ਇਸ ਦਾ ਮੁੱਖ ਪਾਤਰ ਸੰਸਾਰ ਹੈ ਜੋ ਕਿ ਇਸ ਮਨ ਦੀ ਲਾਲਸਾ ਕਾਰਨ ਆਪਣਾ ਦੇਸ਼ ਛੱਡ ਕੇ ਪਰਵਾਸ ਧਾਰਦਾ ਹੋਇਆ ਵਾਧੂ ਪੈਸਾ ਕਮਾਉਣਾ ਚਾਹੁੰਦਾ ਹੈ। ਇਸ ਦੇ ਲਈ ਹੀ ਉਹ ਇਕ ਕਾਲੀ ਨਸਲ ਦੀ ਲੜਕੀ ਨਾਲ ਵਿਆਹ ਵੀ ਕਰਵਾ ਲੈਂਦਾ ਹੈ ਕਿਉਂਕਿ ਉਸ ਨੂੰ ਗਰੀਨ ਕਾਰਡ ਦੀ ਲੋੜ ਹੈ। ਤੇ ਇਸ ਦੇ ਨਾਲ ਨਾਲ ਹੀ ਉਸ ਨੂੰ ਆਪਣੀ ਸਰੀਰਕ ਭੁੱਖ ਦਾ ਵੀ ਫ਼ਿਕਰ ਹੈ ਜਿਸ ਦੀ ਪੂਰਤੀ ਲਈ ਉਹ ਡੋਰਥੀ ਅਤੇ ਕਈ ਹੋਰ ਗੋਰੀਆਂ ਕਾਲੀਆ ਔਰਤਾਂ ਨਾਲ ਸਬੰਧ ਬਣਾਉਂਦਾ ਹੈ।ਤੇ ਡੋਰਥੀ ਨਾਲ ਪੱਕੇ ਤੋਰ ਤੇ ਵਿਆਹ ਕਰਵਾ ਲਿਆ ਹੈ।

ਡੋਰਥੀ, ਬੋਲੀ, "ਫੇਰ ਜਨਾਬ ਗਰੀਨ-ਕਾਰਡ ਦੀ ਖ਼ਾਤਰ ਵਿਆਹ ਕਰਵਾ ਕੇ ਪੱਕੇ ਤੌਰ ਤੇ ਹੀ ਮੇਰਾ ਬਣ ਗਿਆ ਤੂੰ।"

"ਡੋਰਥੀ, ਇਹ ਤਾਂ ਵਾਹ ਪਏ ਤੋਂ ਪਤਾ ਚੱਲਿਆ ਕਿ ਤੂੰ ਹੀਰਾ ਏਂ , ਨਹੀਂ ਤਾਂ ਜਿੰਨੀਆਂ ਵੀ ਮਿਲੀਆਂ, ਸਭ ਨਾਲ ਸੌਦੇ ਹੀ ਕਰਨੇ ਪਏ ਤਾਂ ਹੀ ਆਦਤ ਮੁਤਾਬਿਕ ਤੇਰੇ ਨਾਲ ਸੌਦਾ ਕੀਤਾ ਸੀ।"

ਬੜੇ ਫ਼ਖਰ ਨਾਲ ਡੋਰਥੀ ਨੇ ਕਿਹਾ, "ਫੇਰ ਤੇਰੇ ਦੋਸਤ ਕਹਿੰਦੇ ਹੋਣਗੇ ਕਿ ਤੈਨੂੰ ਪੱਕੇ ਜਾਲ ਚ ਫਸਾ ਲਿਆ ਮੈਂ" , ਤੇ ਉਹ ਹੱਸਣ ਲੱਗੀ।

ਉਸ ਦੇ ਨਾਲ ਹੱਸਦਿਆਂ ਉਸ ਨੇ ਕਿਹਾ, "ਤੇਰੀ ਸਿਫ਼ਤ ਤੇਰੇ ਸਾਹਮਣੇ ਕਰਦਾ ਮੈਂ ਚੰਗਾ ਨਹੀਂ ਲੱਗਦਾ, ਉਹ ਕੀ ਜਾਣਨ ਕਿ ਮੈਂ ਡੋਰਥੀ ਨੂੰ ਪਾ ਕੇ ਕੀ ਖੱਟ ਲਿਆ ਹੈ।"[10]

ਇਸ ਸਭ ਦੇ ਬਾਵਜੂਦ ਉਹ ਬੱਚਾ ਨਹੀਂ ਚਾਹੁੰਦਾ ਕਿਉਂਕਿ ਉਸ ਨੂੰ ਪਤਾ ਹੈ ਕਿ ਜੇਕਰ ਬੱਚਾ ਆਵੇਗਾ ਤਾਂ ਉਸ ਦੀਆਂ ਲੋੜਾਂ ਤੇ ਲਾਲਸਾ ਵਿਚ ਵੀ ਵਾਧਾ ਵੀ ਹੋਵੇਗਾ। ਤੇ ਇਸ ਤੋਂ ਇਲਾਵਾ ਉਹ ਲੜਕੀ ਨਹੀਂ ਚਾਹੁੰਦਾ ਤੇ ਉਹ ਲੜਕੀ ਹੋਣ ਤੇ ਖ਼ੁਸ਼ ਨਹੀਂ ਹੈ:-

"ਸੰਸਾਰ, ਲੱਗਦਾ ਏ ਤੈਨੂੰ ਬੇਬੀ ਦੀ ਕੋਈ ਖ਼ੁਸ਼ੀ ਨਹੀਂ ਹੋਈ।"

"ਅਜਿਹੀ ਗੱਲ ਨਹੀਂ, ਮੈਨੂੰ ਖ਼ੁਸ਼ੀ ਹੈ।"

"ਫੇਰ ਮੂੰਹ ਤੇ ਉਦਾਸੀ ਕਾਹਦੀ?"

"ਤੈਨੂੰ ਭਰਮ ਹੈ, ਮੈਂ ਕੋਈ ਉਦਾਸ ਨਹੀਂ।"

"ਤੇਰੇ ਮੂੰਹ ਉੱਤੋਂ ਉਦਾਸ ਪੜ੍ਹੀ ਜਾ ਸਕਦੀ ਹੈ, ਸੰਸਾਰ।"[11]

ਉਹ ਚਾਹੁੰਦਾ ਸੀ ਕਿ ਪਹਿਲਾ ਤਾਂ ਅਜੇ ਬੱਚਾ ਹੋਵੇ ਨਾ ਤੇ ਜੇ ਹੋ ਵੀ ਜਾਵੇ ਤਾਂ ਲੜਕੀ ਨਹੀਂ ਹੋਣੀ ਚਾਹੀਦੀ। ਲੜਕੀ ਹੋਣ ਤੇ ਉਹ ਬਹੁਤ ਨਿਰਾਸ਼ ਹੁੰਦਾ ਹੈ ਤੇ ਬੱਚੀ ਹੋਣ ਤੇ ਆਪਣੇ ਆਪ ਵਿਚ ਬਹੁਤ ਹੀ ਵੱਡੀ ਜ਼ਿੰਮੇਵਾਰੀ ਮਹਿਸੂਸ ਕਰਦਾ ਹੈ ਜੋ ਕਿ ਸਿਰਫ਼ ਭਾਰਤੀ ਪਿਤਾ ਹੋਣ ਦੇ ਨਾਤੇ। ਕਿਉਂਕਿ ਵਿਦੇਸ਼ ਵਿਚ ਇਸ ਤਰ੍ਹਾਂ ਦੀ ਕਿਸੇ ਜ਼ਿੰਮੇਵਾਰੀ ਦੇ ਬਾਰੇ ਨਹੀਂ ਸੋਚਦਾ। ਉੱਥੇ ਸਭ ਨੂੰ ਆਪਣੀ ਜ਼ਿੰਦਗੀ ਆਪਣੇ ਹਿਸਾਬ ਨਾਲ ਜਿਉਣ ਦਾ ਹੱਕ ਹੈ।

### ਔਰਤ ਵੱਲੋਂ ਕਲਪੇ ਵਿਅਕਤੀਗਤ ਆਜ਼ਾਦੀ ਦੇ ਸੁਪਨੇ ਦੀ ਪੇਸ਼ਕਾਰੀ

ਹਰ ਔਰਤ ਆਪਣੀ ਵਿਅਕਤੀਗਤ ਆਜ਼ਾਦੀ ਚਾਹੁੰਦੀ ਹੈ ਕਿਉਂਕਿ ਉਸ ਦਾ ਵੀ ਸਵੈਮਾਣ ਹੈ। ਉਹ ਵੀ ਆਪਣੀ ਮਰਜ਼ੀ ਦੀ ਮਾਲਕਣ ਹੈ। ਉਹ ਵੀ ਆਪਣੀ ਮਰਜ਼ੀ ਨਾਲ ਹਰ ਇਕ ਵਰਤਣਾ ਚਾਹੁੰਦੀ ਹੈ, ਮਰਜ਼ੀ ਨਾਲ ਕਿਸੇ ਨਾਲ ਘੁੰਮਣਾ ਚਾਹੁੰਦੀ ਹੈ, ਕਿਸੇ ਨਾਲ ਰਹਿਣਾ ਚਾਹੁੰਦੀ ਹੈ। ਆਪਣੀ ਜ਼ਿੰਦਗੀ ਨੂੰ ਮਾਣਨਾ ਚਾਹੁੰਦੀ ਹੈ।ਕੋਈ ਵੀ ਉਸ ਦੇ ਇਸ ਸੁਪਨੇ ਨੂੰ ਪੂਰਾ ਕਰਨ ਵਿਚ ਉਸਦੀ ਮਦਦ ਨਹੀਂ ਕਰਦਾ ਸਗੋਂ ਉਸ ਦੇ ਰਾਹ ਵਿਚ ਮੁਸ਼ਕਲਾਂ ਹੀ ਖੜੀਆਂ ਕਰਦੇ ਹਨ। ਇਸ ਵਿਚ ਉਸ ਦਾ ਸਾਥ ਨਾ ਭਾਰਤੀ ਮਰਦ ਤੇ ਨਾ ਹੀ ਪੱਛਮੀ ਮਰਦ ਦਿੰਦਾ ਹੈ।

ਇਸ ਉਪਰੋਕਤ ਸਮੱਸਿਆ ਦੀ ਪੇਸ਼ਕਾਰੀ ਤਿੰਨ ਵੱਖ ਵੱਖ ਨਾਵਲਕਾਰਾਂ ਵੱਲੋਂ ਤਿੰਨ ਵੱਖ ਵੱਖ ਨਾਵਲਾਂ ਰਾਹੀ ਕੀਤੀ ਗਈ ਹੈ। ਇਹ ਤਿੰਨ ਨਾਵਲ ਵੱਖ ਵੱਖ ਦੇਸ਼ਾਂ ਤੇ ਵੱਖ ਵੱਖ ਸਮੇਂ ਤੇ ਲਿਖੇ ਗਏ ਪਰ ਇਨ੍ਹਾਂ ਦੀ ਸਮੱਸਿਆ ਇਕ ਹੈ ਕਿ ਕਿਸ ਤਰ੍ਹਾਂ ਮਰਦ ਔਰਤ ਨੂੰ ਆਪਣਾ ਗ਼ੁਲਾਮ ਬਣਾ ਕੇ ਪੈਰ ਦੀ ਜੁੱਤੀ ਦੇ ਬਰਾਬਰ ਸਮਝਦਾ ਵੀ ਹੈ ਤੇ ਜੁੱਤੀ ਦੇ ਬਰਾਬਰ ਰੱਖਦਾ ਵੀ ਹੈ। ਕੋਈ ਵੀ ਮਰਦ ਨਹੀਂ ਚਾਹੁੰਦਾ ਕਿ ਉਸਦੀ ਔਰਤ (ਚਾਹੇ ਉਸਦੀ ਮਾਂ, ਪਤਨੀ, ਧੀ, ਭੈਣ) ਉਸ ਦੇ ਕਹਿਣੇ ਤੋਂ ਬਾਹਰ ਰਹੇ। ਆਪਣੀ ਮਨ ਮਰਜ਼ੀ ਕਰੇ ਭਾਵ ਕਿ ਆਪਣੀ ਮਰਜ਼ੀ ਨਾਲ ਕਿਸੇ ਮਰਦ ਨਾਲ ਗੱਲ ਕਰੇ, ਉਸ ਨਾਲ

ਰਿਸ਼ਤਾ ਬਣਾਏ ਬਿਨਾ ਕਿਸੇ ਬੰਧਨ ਜਾਂ ਰਸਮ ਦੇ ਉਸ ਨਾਲ ਰਹੇ। ਹਰ ਮਰਦ ਇਹੀ ਚਾਹੁੰਦਾ ਹੈ ਕਿ ਉਸ ਦਾ ਜਿਸ ਨਾਲ ਜੋ ਵੀ ਚੰਗਾ ਮਾੜਾ ਸਬੰਧ ਹੈ ਉਹ ਬੱਸ ਉਸੇ ਨਾਲ ਹੀ ਰਹੇ। ਪਰ ਜਦੋਂ ਉਹ (ਔਰਤ) ਆਪਣੀ ਮਰਜ਼ੀ ਨਾਲ ਆਪਣੀ ਜ਼ਿੰਦਗੀ ਜਿਉਂਦੇ ਹੈ ਤਾਂ ਉਹ ਉਸ ਨੂੰ ਆਪਣੇ ਕੰਟਰੋਲ ਵਿਚ ਰੱਖਣ ਲਈ ਹੀਲੇ ਵਸੀਲੇ ਕਰਦਾ ਹੈ। ਭਾਵ ਕਿ ਤਲਾਕ ਤੱਕ ਹੋ ਜਾਂਦਾ ਹੈ।

ਇਸ ਖੋਜ ਕਾਰਜ ਵਿਚ ਦਰਸ਼ਨ ਸਿੰਘ ਧੀਰ ਦਾ ਨਾਵਲ ਪੈੜਾਂ ਦੇ ਆਰ ਪਾਰ, ਸਵਰਨ ਚੰਦਨ ਦਾ ਨਾਵਲ ਕੰਜਕਾਂ ਅਤੇ ਗ.ਸ.ਨਕਸ਼ਦੀਪ ਪੰਜਕੋਹਾ ਦਾ ਨਾਵਲ ਗਿਰਵੀ ਹੋਏ ਮਨ ਨੂੰ ਆਧਾਰ ਬਣਾਇਆ ਹੈ ਤੇ ਉਪਰੋਕਤ ਸਮੱਸਿਆ ਇਨ੍ਹਾਂ ਨਾਵਲਾਂ ਰਾਹੀ ਵਧੀਆਂ ਢੰਗ ਨਾਲ ਪ੍ਰਗਟਾਇਆ ਹੈ ਕਿਉਂਕਿ ਇਹ ਤਿੰਨ ਨਾਵਲ ਔਰਤ ਦੀ ਵਿਅਕਤੀਗਤ ਆਜ਼ਾਦੀ ਨੂੰ ਆਧਾਰ ਬਣਾ ਕੇ ਹੀ ਲਿਖੇ ਗਏ ਹਨ। ਇਸ ਸਮੱਸਿਆ ਨੂੰ ਬੇਸ਼ੱਕ ਨਾਵਲਕਾਰਾਂ ਨੇ ਇਸ ਦੇ ਮੁੱਖ ਪਾਤਰ ਨੂੰ ਲੈ ਕੇ ਲਿਖਿਆ ਹੁੰਦਾ ਹੈ। ਪਰ ਇਹ ਸਮੱਸਿਆ ਨਾਵਲ ਦੀ ਹਰ ਔਰਤ ਦੀ ਜ਼ਿੰਦਗੀ ਦੀ ਘਟਨਾ ਨੂੰ ਬਿਆਨ ਕੀਤੀ ਜਾਂਦੀ ਹੈ ਜਿਵੇਂ ਕਿ:-

ਪੈੜਾਂ ਦੇ ਆਰ ਪਾਰ ਨਾਵਲ ਵਿਚ ਬੇਸ਼ੱਕ ਮੁੱਖ ਪਾਤਰ ਨਵਜੋਤ ਹੈ ਪਰ ਇਸ ਸਮੱਸਿਆ ਨਾਲ ਉਸਦੀ ਭਾਬੀ ਮਨਜੀਤ, ਉਸਦੀ ਮੈਡਮ ਜੈਕੀ ਗਰੀਨ ਤੋਂ ਇਲਾਵਾ ਉਸ ਦੀ ਮਾਂ ਦੀ ਵੀ ਹੈ। ਕਿਉਂਕਿ ਇਸ ਨਾਵਲ ਦੀ ਹਰ ਔਰਤ ਆਪਣੀ ਆਜ਼ਾਦੀ ਨੂੰ ਮਾਣਨਾ ਚਾਹੁੰਦੀ ਹੈ ਪਰ ਕਿਸੇ ਨਾ ਕਿਸੇ ਤਰ੍ਹਾਂ ਮਰਦ ਦੇ ਅਧੀਨ ਹੈ ਤੇ ਆਪਣੀ ਮਰਜ਼ੀ ਕਰਨ ਦੇ ਸਮਰੱਥ ਨਹੀਂ ਹੈ। ਹਰ ਔਰਤ ਦਾ ਸੁਪਨਾ ਹੈ ਕਿ ਉਹ ਵੀ ਆਪਣੀ ਸੁਤੰਤਰ ਹੋਂਦ ਨੂੰ ਸਾਰੀ ਉਮਰ ਕਾਇਮ ਰੱਖੇ। ਇਸ ਨਾਵਲ ਦੀ ਮੁੱਖ ਪਾਤਰ ਨਵਜੋਤ ਵਿਆਹ ਨਹੀਂ ਕਰਾਉਣਾ ਚਾਹੁੰਦੀ ਪਰ ਉਹ ਪਾਰਟਨਰਸ਼ਿਪ ਦੇ ਤੌਰ ਤੇ ਕਿਸੇ ਗੈਰ ਮਰਦ ਨਾਲ ਪੂਰੀ ਜ਼ਿੰਦਗੀ ਬਿਤਾਉਣ ਲਈ ਤਿਆਰ ਹੈ ਕਿਉਂਕਿ ਪਾਰਟਨਰਸ਼ਿਪ ਵਿਚ ਔਰਤ ਨੂੰ ਦੂਜੀ ਧਿਰ ਨਾ ਮੰਨ ਕੇ ਆਪਣਾ ਹੀ ਇਕ ਹਿੱਸਾ ਮੰਨਿਆ ਜਾਂਦਾ ਹੈ ਤੇ ਉਸਦੀ ਵਿਅਕਤੀਗਤ ਆਜ਼ਾਦੀ ਕਾਇਮ ਰਹਿੰਦੀ ਹੈ ਤੇ ਉਸਦੀ ਤੇ ਉਸ ਦੇ ਪਾਰਟਨਰ ਦੀ ਜ਼ਿੰਦਗੀ ਵੀ ਸੁਧਰੀ ਰਹਿੰਦੀ ਹੈ। ਨਵਜੋਤ ਮਰਦ ਦਾ ਸਾਥ ਤਾਂ ਮਾਣਨਾ ਚਾਹੁੰਦੀ ਹੈ ਪਰ ਉਸ ਨਾਲ ਵਿਆਹ ਨਹੀਂ ਕਰਾਉਣ ਚਾਹੁੰਦੀ। ਇਸ ਲਈ ਹੀ ਉਹ ਆਪਣੇ ਪਿਤਾ ਨੂੰ ਕਹਿੰਦੀ ਹੈ ਕਿ:-

"ਪ੍ਰਸ਼ਨ ਬਰਾਬਰੀ ਦਾ ਏ, ਡੈਡ। ਮੁੰਡੇ-ਕੁੜੀ ਨੂੰ ਇਕ ਨਜ਼ਰ ਨਾਲ ਦੇਖਣ ਦਾ। ਇੰਡੀਅਨ ਕੁੜੀ ਲਈ ਹੋਰ ਮਾਪ ਦੰਡ ਰੱਖਦੇ ਹਨ ਤੇ ਮੁੰਡੇ ਲਈ ਹੋਰ। ਇਹੀ ਨਹੀਂ, ਧੀ ਲਈ ਹੋਰ, ਨੋਂਹ ਵਾਸਤੇ ਹੋਰ," ਤੇ ਉਹ ਗੱਲ ਬਦਲ ਕੇ ਕਹਿਣ ਲੱਗੀ, "ਜੇ ਵਿਆਹ ਕਰਾਇਆ ਤਾਂ ਉਸ ਮੁੰਡੇ ਨਾਲ ਕਰਾਵਾਂਗੀ ਜਿਹਦੀ ਨਿਗਾਹ 'ਚ ਔਰਤ ਨੰਬਰ ਦੋ ਦਾ ਪ੍ਰਾਣੀ ਨਾ ਹੋਵੇ। ਬਰਾਬਰ ਦਾ ਵਿਅਕਤੀ ਹੋਵੇ।[12]

ਇਸ ਗੱਲ ਤੋਂ ਦੁਖੀ ਹੋ ਕੇ ਉਸ ਦਾ ਪਿਤਾ ਬਹੁਤ ਹੀ ਗ਼ੁੱਸੇ ਵਿਚ ਆ ਕੇ ਉਸ ਨੂੰ ਬਹੁਤ ਬੁਰਾ ਭਲਾ ਕਹਿੰਦਾ ਹੈ ਤੇ:-

"ਫੇਰ ਸਿੱਧੀ ਤਰ੍ਹਾਂ ਆਖ ਦੇ ਬਈ ਮੈਂ ਵਿਆਹ ਨਈ੍ਹ ਕਰੌਣਾ। ਐਵੇਂ ਐਧਰ ਔਧਰ ਦੇ ਨੱਕੀਂ ਪਾਣੀ ਕਾਹਤੋਂ ਛੱਡੀ ਜਾਂਦੀ ਆਂ?" ਬਾਪ ਗੁੱਸੇ ਨਾਲ ਮੱਚਣ ਲੱਗਾ।

"ਚਲੋ, ਛੱਡੋ ਹਜੇ ਗੱਲ ਨੂੰ। ਫੇਰ ਕਰ ਲਾਂਗੇ ਕਿਸੇ ਟੈਮ," ਸ਼ਰਨ ਕੌਰ ਨੇ ਪਤੀ ਨੂੰ ਗੁੱਸੇ ਚ ਦੇਖ ਕੇ ਗੱਲ ਟਾਲਣੀ ਚਾਹੀ।

"ਫੇਰ ਕਦ ਕਰ ਲਏਂਗੀ? ਇਹ ਸਭ ਤੇਰੀ ਲੋਲੋ-ਪੋਪੋ ਦਾ ਸਿੱਟਾ ਆ," ਉਹ ਗੁੱਸੇ ਚ ਪਤਨੀ ਨੂੰ ਟੁੱਟ ਕੇ ਪਿਆ।[13]

ਉਹ ਭਾਰਤੀ ਹੈ ਤੇ ਉਸ ਦੇ ਘਰ ਦਾ ਮਾਹੌਲ ਦਿੰਦਾ ਦਾ ਹੈ ਕਿ ਉਹ ਵਿਆਹ ਕਰਾਵੇ ਤੇ ਆਪਣੀ ਪਰਿਵਾਰਕ ਜ਼ਿੰਦਗੀ ਬਤੀਤ ਕਰੇ। ਤੇ ਉਹ ਭਾਰਤੀ ਇਸਤਰੀ ਵਾਂਗ ਆਪਣੇ ਪਤੀ ਦੀ ਆਗਿਆ ਮੰਨੇ ਜਿਵੇਂ ਕਿ ਉਸ ਦੇ ਪਰਿਵਾਰ ਤੇ ਸਮਾਜ ਦੀਆਂ ਬਾਕੀ ਔਰਤਾਂ ਕਰਦੀਆਂ ਹਨ। ਉਸਦੀ ਮਾਂ ਉਸ ਦੇ ਪਿਓ ਤੋਂ ਪੁੱਛੇ ਬਿਨਾਂ ਇਕ ਪੈਰ ਪੁੱਟਣਾ ਤਾਂ ਦੂਰ ਦੀ ਗੱਲ ਹੈ ਉਹ ਤਾਂ ਉੱਚੀ ਸਾਹ ਵੀ ਨਹੀਂ ਲੈ ਸਕਦੀ। ਇਸੇ ਤਰ੍ਹਾਂ ਉਸਦੀ ਭਾਬੀ ਵੀ ਉਸ ਦੇ ਭਰਾ ਤੋਂ ਬਿਨਾਂ ਪੁੱਛੇ ਤੁਰਨਾ ਤਾਂ ਦੂਰ ਪੈਰ ਵੀ ਨਹੀਂ ਪੁੱਟਦੀ ਤੇ ਨਾਂ ਹੀ ਕੋਈ ਕੰਮ ਆਪਣੀ ਮਰਜ਼ੀ ਨਾਲ ਕਰ ਸਕਦੀ ਹੈ ਤੇ ਨਾਂ ਹੀ ਮਰਜ਼ੀ ਨਾਲ ਕਰਨ ਦੀ ਸੋਚ ਸਕਦੀ। ਇਸੇ ਮਾਹੌਲ ਨੂੰ ਨਵਜੋਤ ਨਫ਼ਰਤ ਕਰਦੀ ਹੈ। ਉਸਦੀ ਰਹਿੰਦੀ ਖੂੰਹ੍ਦੀ ਕਸਰ ਉਸ ਦੀ ਮੈਡਮ ਜੈਕੀ ਗਰੀਨ ਨੇ ਪੂਰਾ ਕੀਤੀ ਕਿਉਂਕਿ ਉਸਦੀ ਆਪਣੇ ਪਤੀ ਨਾਲ ਵਿਆਹ ਤੋਂ ਬਾਅਦ ਨਹੀਂ ਬਣੀ। ਉਸ ਦਾ ਵਿਆਹ ਤੋਂ ਬਾਅਦ ਜਲਦੀ ਤਲਾਕ ਹੋ ਗਿਆ ਸੀ। ਉਸਦੀ ਆਪਣੇ ਪਤੀ ਨਾਲ ਤਾਂ ਆਪ ਨਹੀਂ ਬਣੀ ਪਰ ਉਹ ਕਸੂਰ ਆਪਣੇ ਪਤੀ ਦਾ ਕੱਢਦੀ ਸੀ। ਉਸਨੇ ਆਪਣੀ ਗ਼ਲਤੀ ਆਪਣੇ ਸਿਰ ਨਾ ਲੈ ਕੇ ਪੂਰੀ ਮਰਦ ਜਾਤੀ ਨੂੰ ਹੀ ਬੁਰਾ ਬਣਾ ਦਿੰਦੀ ਹੈ।

ਜਿਸ ਕਾਰਨ ਨਵਜੋਤ ਹੋਰ ਵੀ ਵਿਆਹ ਦੇ ਖ਼ਿਲਾਫ਼ ਹੋ ਜਾਂਦੀ ਹੈ। ਉਹ ਪੂਰੀ ਉਮਰ ਵਿਆਹ ਨਾ ਕਰਾਉਣ ਦਾ ਫ਼ੈਸਲਾ ਕਰ ਲੈਂਦੀ ਹੈ। ਜੈਕੀ ਗਰੀਨ ਉਸ ਦਾ ਤਲਾਕ ਹੋ ਗਿਆ ਸੀ। ਉਸਦੀ ਆਪਣੇ ਪਤੀ ਨਾਲ ਤਾਂ ਆਪ ਨਹੀਂ ਬਣੀ ਪਰ ਉਹ ਕਸੂਰ ਆਪਣੇ ਪਤੀ ਦਾ ਕੱਢਦੀ ਸੀ। ਉਸਨੇ ਆਪਣੀ ਗ਼ਲਤੀ ਆਪਣੇ ਸਿਰ ਨਾ ਲੈ ਕੇ ਪੂਰੀ ਮਰਦ ਜਾਤੀ ਨੂੰ ਹੀ ਬੁਰਾ ਬਣਾ ਦਿੰਦੀ ਹੈ। ਜਿਸ ਕਾਰਨ ਨਵਜੋਤ ਹੋਰ ਵੀ ਵਿਆਹ ਦੇ ਖ਼ਿਲਾਫ਼ ਹੋ ਜਾਂਦੀ ਹੈ। ਉਹ ਪੂਰੀ ਉਮਰ ਵਿਆਹ ਨਾ ਕਰਾਉਣ ਦਾ ਫ਼ੈਸਲਾ ਕਰ ਲੈਂਦੀ ਹੈ। ਉਸਨੂੰ ਲੱਗਦਾ ਹੈ ਕਿ ਜੇ ਉਸਨੇ ਵਿਆਹ ਕਰਵਾ ਲਿਆ ਤਾਂ ਉਸ ਦੀ ਆਜ਼ਾਦੀ ਖ਼ਤਮ ਹੋ ਜਾਵੇਗੀ ਜੋ ਕਿ ਉਹ ਖ਼ਤਮ ਨਹੀਂ ਕਰਨਾ ਚਾਹੁੰਦੀ ਸੀ। ਇਸੇ ਸਵੈ ਨੂੰ ਕਾਇਮ ਰੱਖਣ ਲਈ ਉਸਨੇ ਜਾਹਨ ਕੀਥ ਨਾਲ ਦੋਸਤੀ ਕੀਤੀ ਸੀ। ਉਹ ਉਸ ਨਾਲ ਪੂਰੀ ਤਰ੍ਹਾਂ ਖ਼ੁਸ਼ ਸੀ। ਉਹ ਆਪਣਾ ਖ਼ਰਚ ਅੱਧਾ-ਅੱਧਾ ਕਰ ਲੈਂਦੇ ਹਨ ਤੇ ਆਪਣੀ ਜ਼ਿੰਦਗੀ ਨੂੰ ਮਾਣ ਦੇ ਹਨ। ਜਿਵੇਂ :-

ਬੈਲ ਹੋਈ। ਨਵਜੋਤ ਬਟੂਆ ਲੈ ਕੇ ਦਰਵਾਜ਼ੇ ਵਲ ਤੁਰਨ ਲੱਗੀ ਤਾਂ ਤਲਵਿੰਦਰ ਕਹਿਣ ਲਗਾ,

"ਪੇਮੈਂਟ ਮੈਂ ਕਰਾਂਗਾ,ਨਵਜੋਤ।"

"ਨੋ।"

"ਕਿਉਂ ਨਹੀਂ?"

"ਚੱਲ, ਫੇਰ ਸ਼ਿਅਰ ਕਰ ਲੈਂਦੇ ਹਾਂ।"

"ਮੈਂ ਅਜੇ ਪੂਰੀ ਤਰ੍ਹਾਂ ਅੰਗਰੇਜ਼ ਨਹੀਂ ਬਣੀ। ਜਦ ਬਣ ਗਈ, ਕਰ ਲਿਆ ਕਰ ਲਿਆ ਕਰਾਂਗੀ,"

ਨਵਜੋਤ ਫਿਰ ਮੁਸਕਰਾਈ।

"ਅਜੇ ਇੰਡੀਅਨ ਹੀ ਏਂ?"

"ਹਾਂ।"[14]

ਕੋਈ ਵੀ ਕਿਸੇ ਤੇ ਰੋਹਬ ਨਹੀਂ ਪਾਉਂਦਾ ਕੋਈ ਵੀ ਰੋਕ ਟੋਕ ਨਹੀਂ ਹੈ ਪਰ ਉਸ ਦੇ ਘਰ ਦੇ ਉਸ ਦਾ ਰਿਸ਼ਤਾ ਤਲਵਿੰਦਰ ਨਾਲ ਕਰਨਾ ਚਾਹੁੰਦੇ ਹਨ ਪਰ ਨਵਜੋਤ ਤਲਵਿੰਦਰ ਨੂੰ ਪਸੰਦ ਕਰਨ ਲੱਗਦੀ ਹੈ ਪਰ ਉਹ ਉਸ ਨੂੰ ਵੀ ਪਾਰਟਨਰਸ਼ਿਪ ਲਈ ਰਹਿੰਦੀ ਹੋਈ ਵਿਆਹ ਲਈ ਨਾਂਹ ਕਰ ਦਿੰਦੀ ਹੈ। ਤਲਵਿੰਦਰ ਵੀ ਉਸਦੀ ਇਸ ਗੱਲ ਨੂੰ ਮੰਨਦਾ ਹੋਇਆ ਵਿਆਹ ਲਈ ਨਾਂਹ ਕਰ ਦਿੰਦਾ ਹੈ ਤੇ ਉਹ ਦੋਵੇਂ ਪਾਰਟਨਰਸ਼ਿਪ ਵਿਚ ਆ ਜਾਂਦੇ ਹਨ। ਨਵਜੋਤ ਉਸ ਨਾਲ ਵੀ ਇਸੇ ਤਰ੍ਹਾਂ ਕਰਦੀ ਹੈ। ਉਹ ਤਲਵਿੰਦਰ ਨਾਲ ਪੂਰੀ ਆਜ਼ਾਦੀ ਮਾਣਦੀ ਹੈ। ਕਿਉਂਕਿ ਤਲਵਿੰਦਰ ਉਸਨੂੰ ਕਿਸੇ ਕਿਸਮ ਦੀ ਬੰਦਿਸ਼ ਵਿਚ ਨਹੀਂ ਰੱਖਦਾ। ਪਰ ਅੰਤ ਵਿਚ ਉਨ੍ਹਾਂ ਦੀ ਪਾਰਟਨਰਸ਼ਿਪ ਟੁੱਟ ਜਾਂਦੀ ਹੈ। ਜਿਸ ਦਾ ਉਸਨੂੰ ਬਹੁਤ ਦੁੱਖ ਹੁੰਦਾ ਹੈ। ਜਿਵੇਂ:-

" ਜੇ ਘਰ ਨੂੰ ਜਾਣਾ ਸੀ, ਦੱਸ ਤਾਂ ਜਾਂਦਾ। ਮੈਂ ਕਿਹੜਾ ਰੋਕਣ ਲੱਗੀ ਸੀ?"

"ਖ਼ਿਆਲ ਈ ਨਹੀਂ ਰਿਹਾ।"

" ਹੁਣ ਧਿਆਨ ਕਿਸੇ ਹੋਰ ਪਾਸੇ ਰਹਿਣ ਲੱਗ ਪਿਆ?"

"......"

"ਚੁੱਪ ਕਾਹਤੋਂ ਹੋ ਗਿਆ ਏਂ?"

" ਹੁਣ ਮੈਨੂੰ ਫ਼ੋਨ ਨਾ ਕਰਿਆ ਕਰ।"

"ਮੈਥੋਂ ਕੋਈ ਬਲੰਡਰ ਹੋ ਗਈ ਏ?"

"ਗ਼ਲਤੀ ਤਾਂ ਨਹੀਂ।"

"ਫੇਰ?"

"ਮੇਰੀ ਕੁੜਮਾਈ ਹੋ ਗਈ ਏ।"

"ਤੇ ਜਿਹਦੇ ਨਾਲ ਹੁਣ ਤੱਕ ਸੌਂਦਾ ਰਿਹਾ ਏ?"

"......"

"ਉਹ ਪਰੋਸਟੀਚਿਊਟ ਸੀ?" ਨਵਜੋਤ ਦਹਾੜੀ।

"......"

"ਠੀਕ ਏ। ਮੇਰਾ ਤੇਰਾ ਹੁਣ ਕੋਈ ਸਬੰਧ ਨਹੀਂ ਰਿਹਾ ਤੇ ਨਾ ਹੀ ਮੈਂ ਰੱਖਣਾ ਚਾਹੁੰਦੀ ਹਾਂ, ਏਦਾਂ ਦੇ ਬੰਦੇ ਨਾਲ। ਪਰ ਜਿਹੜਾ ਮੇਰੇ ਪੇਟ ਚ ਤੇਰਾ ਬੱਚਾ ਪਲ ਰਿਹਾ ਏ? ਉਹਦਾ ਕੀ ਕਰਾਂ?"[15]

ਇਸੇ ਤਰ੍ਹਾਂ ਮਨਜੀਤ ਵੀ ਆਪਣੀ ਹੋਂਦ ਬਣਾਈ ਰੱਖਣ ਲਈ ਬਹੁਤ ਜੱਦੋ ਜਹਿਦ ਕਰਦੀ ਹੈ। ਉਹ ਆਪਣੀ ਹੋਂਦ ਬਣਾਈ ਰੱਖਣ ਲਈ ਘਰ ਦਾ ਸਾਰਾ ਕੰਮ ਕਰਦੀ ਹੈ ਤੇ ਨੌਕਰੀ ਵੀ ਕਰਦੀ ਹੈ ਨੌਕਰੀ ਤੋਂ ਆਉਣ ਤੋਂ ਬਾਅਦ ਦੋਬਾਰਾ ਘਰ ਦਾ ਸਾਰਾ ਕੰਮ ਕਰਦੀ ਹੈ। ਉਹ ਘਰ ਵਿਚ ਹੀ ਕੇਂਦਰ ਹੋ ਜਾਵੇ ਇਸ ਲਈ ਉਸ ਦਾ ਪਤੀ ਉਸ ਦਾ ਪੂਰਾ ਸਾਥ ਦਿੰਦਾ ਹੈ। ਜਿਸ ਕਾਰਨ ਉਹ ਹੋਰ ਵੀ ਉਤਸ਼ਾਹ ਨਾਲ ਭਰ ਕੇ ਕੰਮ ਕਰਦੀ ਹੈ। ਉਹ ਆਪਣੀ ਹੋਂਦ ਤੇ ਆਜ਼ਾਦੀ ਨੂੰ ਮਾਣਨ ਲਈ ਆਪਣੀ ਸੱਸ ਦੇ ਗ਼ੁੱਸੇ ਦੀ ਪ੍ਰਵਾਹ ਕੀਤੇ ਬਿਨਾਂ ਹੀ ਨੌਕਰੀ ਤੇ ਲੱਗਦੀ ਹੈ। ਉਹ ਘਰ ਅਤੇ ਬਾਹਰ ਦੋਹਾਂ ਥਾਂ ਕੰਮ ਕਰਦੀ ਹੈ। ਉਹ ਦੋਹਾਂ ਥਾਵਾਂ ਤੇ ਪਿਸਦੀ ਹੈ ਪਰ ਉਹ ਆਪਣੀ ਆਜ਼ਾਦੀ ਨੂੰ ਮਾਣਨ ਦੀ ਚਾਹ ਤੇ ਹੋਂਦ ਨੂੰ ਸਥਾਪਿਤ ਕਰਨ ਲਈ ਇਸ ਮੁਸ਼ਕਿਲ ਨੂੰ ਪਾਰ ਕਰਦੀ ਹੈ।

ਇਸੇ ਤਰ੍ਹਾਂ ਸ਼ਰਨ ਕੌਰ ਆਪਣੀ ਥਾਂ ਸਹੀ ਹੈ ਕਿਉਂਕਿ ਉਸ ਦੀ ਸਾਰੀ ਉਮਰ ਕੰਮ ਕਰਦੀ ਦੀ ਹੀ ਲੰਘ ਜਾਂਦੀ ਹੈ ਪਰ ਉਸ ਦੀ ਆਪਣੇ ਪਤੀ ਸਾਹਮਣੇ ਕੋਈ ਪੇਸ਼ ਨਹੀਂ ਚਲਦੀ ਤੇ ਉਹ ਆਪਣਾ ਗੁੱਸਾ ਕੱਢਣ ਲਈ ਉਹ ਆਪਣੀ ਨੂੰਹ ਮਨਜੀਤ ਤੇ ਰੋਹਬ ਪਾਉਂਦੀ ਹੈ ਤੇ ਉਸਨੂੰ ਤੰਗ ਕਰਨ ਦਾ ਕੋਈ ਮੌਕਾ ਨਹੀਂ ਛੱਡਦੀ ਕਿਉਂਕਿ ਉਸਦੀ ਆਪਣੀ ਉਮਰ

ਪਤੀ ਦੀ ਗ਼ੁਲਾਮੀ ਕਰਨ ਵਿਚ ਹੀ ਲੰਘ ਜਾਂਦੀ ਹੈ। ਇਸੇ ਲਈ ਉਹ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਆਪਣੀ ਨੂੰਹ ਨੂੰ ਤੰਗ ਵੀ ਕਰਦੀ ਹੈ ਤੇ ਉਸ ਤੇ ਰੋਹਬ ਵੀ ਪਾਉਂਦੀ ਹੈ।

ਇਸੇ ਤਰ੍ਹਾਂ ਇਸ ਨਾਵਲ ਦੀ ਇਕ ਹੋਰ ਪਾਤਰ ਹੈ ਜੈਕੀ ਗਰੀਨ ਹੈ ਜੋ ਕਿ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਹੈ। ਆਪਣੀ ਆਜ਼ਾਦੀ ਨੂੰ ਮਾਣਨ ਤੇ ਹੋਂਦ ਨੂੰ ਸਥਾਪਤ ਰੱਖਣ ਲਈ ਆਪਣੇ ਨਾਲ ਸਮਝੌਤਾ ਨਹੀਂ ਕਰ ਪਾਉਂਦੀ ਤੇ ਇਸ ਤਰ੍ਹਾਂ ਉਸ ਦਾ ਪਤੀ ਵੀ ਉਸਨੂੰ ਮਨੁੱਖ ਨਾ ਮੰਨ ਕੇ ਪੈਰ ਦੀ ਜੁੱਤੀ ਸਮਝਦਾ ਹੈ ਜਿਸ ਕਾਰਨ ਉਹ ਨਿਰਾਸ਼ ਹੋ ਕੇ ਆਪਣੇ ਪਤੀ ਤੋਂ ਤਲਾਕ ਲੈ ਲੈਂਦੀ ਹੈ। ਬਣਦੀ ਨਾ ਹੋਣ ਕਾਰਨ ਵੀ ਉਹ ਇਸ ਸਭ ਦਾ ਜ਼ਿੰਮੇਵਾਰ ਆਪਣੇ ਪਤੀ ਨੂੰ ਹੀ ਮੰਨਦੀ ਹੈ ਤੇ ਮਰਦ ਤੋਂ ਨਫ਼ਰਤ ਕਰਦੀ ਹੋਈ ਉਹ ਆਪਣੀਆਂ ਵਿਦਿਆਰਥਣਾਂ ਨੂੰ ਵਿਆਹ ਨਾ ਕਰਾਉਣ ਦੀ ਤਾਕੀਦ ਕਰਦੀ ਹੈ। ਇਸ ਸਭ ਉਹ ਆਪਣੀ ਆਜ਼ਾਦੀ ਤੇ ਸਵੈ ਨੂੰ ਕਾਇਮ ਲਈ ਕਰਦੀ ਹੈ।

ਇਸ ਸਮੱਸਿਆ ਨੂੰ 'ਸਵਰਨ ਚੰਦਨ' ਨੇ 'ਕੰਜਕਾਂ' ਦੇ ਰਾਹੀ ਹੋਰ ਵੀ ਜ਼ਿਆਦਾ ਡੂੰਘਾਈ ਵਿਚ ਜਾ ਕੇ ਬਿਆਨ ਕੀਤਾ ਹੈ। ਇਸ ਨਾਵਲ ਵਿਚ ਉਸਨੇ ਇਕ ਦੋ ਜਾਂ ਤਿੰਨ ਪਾਤਰਾਂ ਰਾਹੀਂ ਇਸ ਸਮੱਸਿਆ ਨੂੰ ਬਿਆਨ ਨਹੀਂ ਕੀਤਾ ਸਗੋਂ ਉਸਨੇ ਅਣਗਿਣਤ ਇਸਤਰੀ ਪਾਤਰਾਂ ਰਾਹੀਂ ਇਸ ਸਮੱਸਿਆ ਨੂੰ ਬਿਆਨ ਕੀਤਾ ਹੈ। ਇਸ ਨਾਵਲ ਵਿਚ ਬੇਸ਼ੱਕ ਉਸਨੇ ਇਸ ਨਾਵਲ ਦੀ ਰਚਨਾ ਅਣੂ ਨੂੰ ਆਧਾਰ ਬਣਾ ਕੇ ਲਿਖੀ ਹੈ ਉਸ ਦੇ ਤੋਂ ਸ਼ੁਰੂ ਕਰਕੇ ਉਸ ਤੇ ਹੀ ਅੰਤ ਕੀਤਾ ਹੈ ਪਰ ਇਸ ਦੌਰਾਨ ਉਸਨੇ ਇਸ ਦਾ ਪਲਾਟ ਨੂੰ ਵੱਡਾ ਕਰਨ ਲਈ ਅਣਗਿਣਤ ਇਸਤਰੀ ਅਤੇ ਪੁਰਸ਼ ਪਾਤਰ ਲਏ ਹਨ। ਇਹਨਾਂ ਵਿਚ ਔਰਤਾਂ ਤੋਂ ਇਲਾਵਾ ਮਰਦ ਵੀ ਕੰਮ ਕਰਨ ਦੀ ਆਜ਼ਾਦੀ ਚਾਹੁੰਦਾ ਹੋਇਆ ਵਧੀਆ ਤਨਖ਼ਾਹ ਚਾਹੁੰਦੇ ਹੋਏ ਆਪਣੀ ਜ਼ਿੰਦਗੀ ਨੂੰ ਗ਼ੁਲਾਮੀ ਤੋਂ ਆਜ਼ਾਦੀ ਵੱਲ ਲਿਜਾਉਣ ਦੀ ਲੋਚ ਦੇ ਹਨ ਇਸ ਲਈ ਉਹ ਸੰਘਰਸ਼ ਕਰਦੇ ਹੋਏ ਅੱਗੇ ਵਧਦੇ ਹਨ। ਇਸ ਤਰ੍ਹਾਂ ਕਰਦੇ ਉਹ ਆਪਣੀ ਪਤਨੀ, ਬੇਟੀ (ਧੀ) ਤੇ ਆਪਣਾ ਪੂਰਾ ਕੰਟਰੋਲ ਰੱਖਦੇ ਹਨ। ਆਪ ਤਾਂ ਉਹ ਬਾਹਰ ਆਪਣੇ ਸਬੰਧ ਬਣਾਉਣ ਵਿਚ ਕੋਈ ਝਿਜਕ ਨਹੀਂ ਕਰਦੇ ਪਰ ਜਦੋਂ ਇਹੀ ਇੱਛਾ ਉਸਦੀ ਪਤਨੀ ਜਾਂ ਬੇਟੀ ਦੀ ਹੁੰਦੀ ਹੈ ਤਾਂ ਉਸ ਤੜਫ਼ ਉੱਠ ਦੇ ਹਨ ਤੇ ਇਸ ਸਮੱਸਿਆ ਨੂੰ ਦੂਰ ਕਰਨ ਲਈ ਉਹ ਆਪਣੀ ਪਤਨੀ ਤੇ ਬੱਚੀ ਤੇ ਪੂਰੀ ਤਰ੍ਹਾਂ ਨਜ਼ਰ ਰੱਖਦੇ ਹਨ ਪਰ ਇਸ ਸਭ ਦੇ ਬਾਵਜੂਦ ਇਹ ਸਮੱਸਿਆ ਓਨੀ ਹੀ ਜ਼ਿਆਦਾ ਸਿਰ ਚੁੱਕਦੀ ਹੈ ਕਿਉਂਕਿ ਬਰਤਾਨੀਆ ਭਾਵ ਕਿ ਪੱਛਮੀ ਸਭਿਆਚਾਰ ਅਜਿਹਾ ਹੈ ਜਿਸ ਵਿਚ ਬੱਚਿਆਂ ਨੂੰ ਕੁਝ ਕਹਿਣਾ ਜਾ ਮਾਰਨਾ ਕਾਨੂੰਨ ਜੁਰਮ ਹੈ ਮਾਪੇ ਬੱਚਿਆਂ ਨੂੰ ਸਿਰਫ਼ ਜਨਮ ਦਿੰਦੇ ਹਨ ਪਾਲਦੇ ਪਲੋਸਦੇ ਹਨ ਪਰ ਉਨ੍ਹਾਂ ਤੇ ਹੱਕ ਨਹੀਂ ਰੱਖ ਸਕਦੇ। ਨਿੱਕੀ ਨਿੱਕੀ ਗੱਲ ਤੇ ਬੱਚੇ ਮਾਪਿਆਂ ਨੂੰ ਪੁਲਿਸ ਕੋਲ ਜਾਣ ਦੀ ਧਮਕੀ ਦੇ ਕੇ ਡਰਾ ਦਿੰਦੇ ਹਨ ਜਿਸ ਕਾਰਨ ਮਾਪੇ ਚਾਹੁੰਦੇ ਹੋਏ ਵੀ ਕੋਈ ਠੋਸ ਕਦਮ ਨਹੀਂ ਚੁੱਕ ਸਕਦੇ। ਇਸ ਤਰ੍ਹਾਂ ਉਹ ਆਪਣੀ ਆਜ਼ਾਦੀ ਲੱਭਦੇ-ਲੱਭਦੇ ਆਪਣੇ ਬੱਚਿਆਂ ਸਾਹਮਣੇ ਗ਼ੁਲਾਮ ਬਣ ਜਾਂਦੇ ਹਨ ਕਿਉਂਕਿ ਭਾਰਤੀ ਜਿੱਥੇ ਵੀ ਮਰਜ਼ੀ ਵੱਸਦੇ ਹੋਣ ਉਹ ਇਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਤੇ ਸਮਾਜ ਸਭਿਆਚਾਰ ਦੇ ਖ਼ਿਲਾਫ਼ ਜਾ ਕੇ ਉਨ੍ਹਾਂ ਦੀ ਬੇਇੱਜ਼ਤੀ ਕਰਾਏ ਕਿ ਉਹ ਦੂਸਰੇ ਲੋਕਾਂ ਦੇ ਸਾਹਮਣੇ ਕੁਝ ਬੋਲਣਾ ਤਾਂ ਕੀ ਅੱਖਾਂ ਵੀ ਮਿਲਾ ਕੇ ਗੱਲ ਕਰ ਸਕਣ। ਇਸ ਸ਼ਰਮ ਦੇ ਕਾਰਨ ਉਹ ਆਪਣੇ

ਬੱਚਿਆਂ ਦੀਆਂ ਜਾਇਜ਼ ਅਤੇ ਨਜਾਇਜ਼ ਮੰਗਾਂ ਨੂੰ ਨਾ ਸਿਰਫ਼ ਮੰਨਦੇ ਹਨ ਸਗੋਂ ਪੂਰੀ ਤਰ੍ਹਾਂ ਪੂਰਾ ਕਰਦੇ ਹਨ ਚਾਹੇ ਇਸ ਨੂੰ ਕਰਨ ਵਿਚ ਉਹ ਤਿਆਰ ਹਨ ਚਾਹੇ ਨਹੀਂ।

ਇਸ ਨਾਵਲ ਦੀ ਮੁੱਖ ਪਾਤਰ ਅਣੂ ਇਕ ਪੰਜਾਬੀ ਪਰਿਵਾਰ ਨਾਲ ਸੰਬੰਧ ਰੱਖਦੀ ਹੈ। ਉਸ ਦੇ ਮਾਤਾ ਪਿਤਾ ਨੇ ਛੋਟੇ ਹੁੰਦਿਆਂ ਹੀ ਉਸ ਨੂੰ ਹਰ ਕੰਮ ਦੀ ਆਜ਼ਾਦੀ ਦਿੱਤੀ ਹੈ। ਉਹ ਆਪਣੀ ਮਰਜ਼ੀ ਨਾਲ ਹਰ ਕੰਮ ਕਰਦੀ ਹੈ ਉਹ 'ਓ' ਲੈਵਲ ਦੀ ਪੜ੍ਹਾਈ ਤਾਂ ਬਹੁਤ ਵਧੀਆਂ ਤਰੀਕੇ ਨਾਲ ਤੇ ਫ਼ਸਟ ਡਵੀਜ਼ਨ ਵਿਚ ਪਾਸ ਕਰਦੀ ਹੈ ਪਰ ਇਸ ਤੋਂ ਅੱਗੇ ਦੀ ਪੜ੍ਹਾਈ ਤੇ ਦੌਰਾਨ ਉਹ ਜ਼ਿਆਦਾ ਸਮਾਂ ਆਪਣੇ ਸ਼ਿੰਗਾਰਨ ਵਿਚ ਗੁਜ਼ਾਰਦੀ ਹੋਈ ਮਾੜੀ ਸੰਗਤ ਵਿਚ ਫਸ ਜਾਂਦੀ ਹੈ। ਉਹ ਪਰਸ ਵਿਚ ਸ਼ਿੰਗਾਰ ਦੇ ਸਮਾਨ ਨਾਲ-ਨਾਲ ਸਿਗਰਟ, ਟਾਇਲਰ ਦੇ ਨਾਲ-ਨਾਲ ਗੰਦੇ-ਗੰਦੇ ਮੈਗਜ਼ੀਨ ਨਿਕਲਦੇ। ਉਹ ਤੇ ਉਸਦੀ ਮਾਂ ਦੇ ਕੁੱਟਣ ਦਾ ਵੀ ਕੋਈ ਅਸਰ ਨਹੀਂ ਸਗੋਂ ਉਹ ਹੋਰ ਵਿਗੜਦੀ ਹੋਈ ਸ਼ਰਾਬ ਪੀ ਕੇ ਘਰ ਆਉਣ ਲੱਗ ਜਾਂਦੀ ਹੈ ਤੇ ਮਾਂ ਨੂੰ ਬੁਰਾ ਭਲਾ ਕਹਿੰਦੀ ਹੋਈ ਕਮਰੇ ਚ ਬੰਦ ਹੋ ਜਾਂਦੀ ਹੈ। ਪਿਓ ਦਾ ਵੀ ਕੋਈ ਅਸਰ ਨਹੀਂ ਕਰਦੀ। ਉਹ ਇਸ ਆਜ਼ਾਦੀ ਦਾ ਗ਼ਲਤ ਫ਼ਾਇਦਾ ਚੁੱਕਦੀ ਹੋਈ ਆਪਣੇ ਆਪ ਨੂੰ ਗ਼ੁਲਾਮ ਸਮਝਦੀ ਹੋਈ ਆਪਣੀ ਆਜ਼ਾਦੀ ਨੂੰ ਮਾਣਨ ਲਈ ਉਹ ਘਰੋਂ ਭੱਜ ਜਾਂਦੀ ਹੈ। ਘਰੋਂ ਭੱਜਣ ਵਿਚ ਉਸਨੂੰ ਆਪਣੀ ਆਜ਼ਾਦੀ ਲੱਗਦੀ ਹੈ ਕਿਉਂਕਿ ਉਹ ਆਪਣੀ ਮਰਜ਼ੀ ਨਾਲ ਆਪਣੇ ਮਨ ਪਸੰਦ ਦੇ ਮੁੰਡੇ ਨਾਲ ਜਾਂਦੀ ਹੈ। ਉਹ ਉਸ ਨਾਲ ਖ਼ੁਸ਼ ਰਹਿਣ ਦੀ ਕਲਪਨਾ ਕਰਦੀ ਹੋਈ ਆਪਣੀਆਂ ਗੰਦੀਆਂ ਆਦਤਾਂ ਦੀ ਗ਼ੁਲਾਮ ਹੁੰਦੀ ਹੋਈ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੀ ਹੈ। ਉਹ ਆਪਣੇ ਉਸ ਨਾਲ ਅੱਧੇ ਅੱਧੇ ਪੈਸੇ ਤੇ ਰਹਿੰਦੀ ਹੈ। ਜਿਨ੍ਹਾਂ ਕਮਾਉਂਦੀ ਹੈ ਉਸ ਮੁੰਡੇ ਨਾਲ ਰਲ ਕੇ ਉਡਾ ਦਿੰਦੀ ਹੈ ਤੇ ਬਾਅਦ ਵਿਚ ਉਹ ਸਿਗਰਟ ਤੱਕ ਲਈ ਵੀ ਤੜਫ਼ਦੀ ਹੈ ਤੇ ਗਰਭਵਤੀ ਵੀ ਹੋ ਜਾਂਦੀ ਹੈ ਤੇ ਇਸ ਤੋਂ ਬਾਅਦ ਉਹ ਮੁੰਡਾ ਉਸ ਦਾ ਸਾਥ ਛੱਡ ਜਾਂਦਾ ਹੈ ਕਿਉਂਕਿ ਉਸ ਦਾ ਰਿਸ਼ਤਾ ਉਸ ਨਾਲ ਸਿਰਫ਼ ਜਿਸਮਾਨੀ ਸੀ। ਗਰਭਵਤੀ ਹੋਣ ਤੇ ਉਹ ਉਸਨੂੰ ਇਕੱਲੀ ਛੱਡ ਕੇ ਚਲਾ ਜਾਂਦਾ ਹੈ। ਆਜ਼ਾਦੀ ਨੂੰ ਮਾਣਨ ਲਈ ਆਈ ਅਣੂ ਗ਼ੁਲਾਮਾਂ ਨਾਲੋਂ ਵੀ ਮਾੜੀ ਜ਼ਿੰਦਗੀ ਬਤੀਤ ਕਰਦੀ ਹੋਏ ਹੋਸਟਲ ਵਿਚ ਜਾਂਦੀ ਹੈ ਜਿਸ ਵਿਚ ਉਸ ਦੇ ਮਾਤਾ ਪਿਤਾ ਉਸਨੂੰ ਮਿਲਣ ਆਉਂਦੇ ਹਨ ਪਰ ਕਿਸੇ ਦੀ ਪ੍ਰਵਾਹ ਨਹੀਂ ਕਰਦੀ ਤੇ ਨਾ ਹੀ ਕਿਸੇ ਨੂੰ ਮਿਲਣ ਲਈ ਕਮਰੇ ਵਿਚੋਂ ਬਾਹਰ ਆਉਂਦੀ ਹੈ। ਉਸ ਦੇ ਮਾਤਾ ਪਿਤਾ ਨਿਰਾਸ਼ ਹੋ ਕੇ ਵਾਪਸ ਚਲੇ ਜਾਂਦੇ ਹਨ। ਉਸਦੀ ਵਾਰਡਨ ਉਸਨੂੰ ਬਹੁਤ ਸਮਝਾਉਂਦੀ ਹੈ ਕਿ ਉਸਨੂੰ ਉਸ ਦੇ ਮਾਪਿਆਂ ਨਾਲ ਜਾਣਾ ਚਾਹੁੰਦਾ ਹੈ। ਆਪਣੇ ਆਪ ਨੂੰ ਮਨਾ ਕੇ ਉਹ ਵਾਪਸ ਘਰ ਆ ਜਾਂਦੀ ਹੈ ਘਰ ਵਿਚ ਉਸ ਨੂੰ ਵਧੀਆਂ ਮਾਹੌਲ ਮਿਲਦਾ ਹੈ ਪਰ ਉਸਨੂੰ ਫਿਰ ਵੀ ਉੱਥੇ ਰਹਿੰਦਿਆਂ ਘੁਟਨ ਮਹਿਸੂਸ ਹੁੰਦੀ ਹੈ ਤੇ ਫਿਰ ਵਾਪਸ ਘਰੋਂ ਚਲੀ ਜਾਂਦੀ ਹੈ। ਘਰ ਦੇ ਨਿਰਾਸ਼ ਹੋ ਜਾਂਦੇ ਹਨ ਕਿ ਆਪਣੇ ਬੱਚਿਆਂ ਨੂੰ ਹਰ ਸੁੱਖ ਤੇ ਆਜ਼ਾਦੀ ਦੇਣ ਦੀ ਚਾਹ ਵਿਚ ਆਪਣੇ ਬੱਚੇ ਨੂੰ ਆਪਣੇ ਹੱਥੀ ਹੀ ਗਵਾ ਲੈਂਦੇ ਹਨ। ਜਿਵੇਂ ਨਵਜੋਤ ਦੀ ਆਜ਼ਾਦੀ ਦੀ ਚਾਹਤ ਹੀ ਉਸ ਦੀ ਬਰਬਾਦੀ ਦਾ ਕਾਰਨ ਬਣਦੀ ਹੈ।

ਭਿੰਦਰ ਵੀ ਆਪਣੀ ਵਿਅਕਤੀਗਤ ਆਜ਼ਾਦੀ ਨੂੰ ਬਣਾਈ ਰੱਖਣਾ ਚਾਹੁੰਦੀ ਹੈ। ਪਰ ਪਤੀ ਦੇ ਸਾਹਮਣੇ ਹਾਰ ਜਾਂਦੀ ਹੈ। ਉਸਦੀ ਮਰਜ਼ੀ ਤੋਂ ਬਿਨਾਂ ਉਹ ਕੁਝ ਨਹੀਂ ਕਰ ਸਕਦੀ। ਇੱਥੋਂ ਤੱਕ ਕਿ ਬੱਚਿਆਂ ਨੂੰ ਵੀ ਡਾਂਟ ਨਹੀਂ ਸਕਦੀ। ਉਸਨੂੰ ਆਪਣੀ ਗ਼ੁਲਾਮੀ ਤੇ ਪਰਾਏ ਦੇਸ਼ ਵਿਚ ਆ ਕੇ ਰਹਿਣ ਦੀ ਹਾਨੀ ਦਾ ਉਸ ਸਮੇਂ ਜ਼ਿਆਦਾ ਅਹਿਸਾਸ ਹੁੰਦਾ ਹੈ ਜਦੋਂ ਉਸ ਦੀ ਧੀ ਉਸਨੂੰ ਬੁਰਾ ਭਲਾ ਕਹਿੰਦੀ ਹੋਈ ਪੁਲਿਸ ਕੋਲ ਜਾਣ ਦੀ ਧਮਕੀ ਦਿੰਦੀ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਦੀ ਕੇ ਆਜ਼ਾਦੀ ਪਰਾਏ ਦੇਸ਼ ਵਿਚ ਰਹਿ ਕੇ ਪੈਸਾ ਕਮਾਉਣ ਵਿਚ ਨਹੀਂ ਸਗੋਂ ਆਪਣੇ ਬੱਚਿਆ ਨੂੰ ਚੰਗੇ ਸੰਸਕਾਰਾਂ ਵਿਚ ਰਹਿ ਕੇ ਪਾਲਣ ਵਿਚ ਹੈ। ਕਿਉਂਕਿ ਅਣੂ ਜੋ ਕਰਦੀ ਹੈ ਉਹ ਭਾਰਤੀ ਸੰਸਕਾਰਾਂ ਅਤੇ ਸਭਿਆਚਾਰ ਤੋਂ ਪਰ੍ਹਾਂ ਦੀ ਗੱਲ ਹੈ।

ਉਸ ਤੋਂ ਇਲਾਵਾ ਫ਼ੈਕਟਰੀਆਂ ਦੀਆਂ ਸਾਰੀਆਂ ਔਰਤਾਂ ਆਪਣੇ ਆਪ ਨੂੰ ਗ਼ੁਲਾਮ ਸਮਝਦੀਆਂ ਵੀ ਹਨ ਤੇ ਉਹ ਹੈ ਵੀ। ਕਿਉਂਕਿ ਬਾਹਰਲੇ ਦੇਸ਼ ਵਿਚ ਕੰਮ ਤਾਂ ਆਪਣੀ ਕੰਪਨੀ ਜਾਂ ਫ਼ੈਕਟਰੀ ਦੇ ਅਨੁਸਾਰ ਕਰਦੀਆਂ ਹਨ ਪਰ ਤਨਖ਼ਾਹ ਉਨ੍ਹਾਂ ਨੂੰ ਗੋਰਿਆਂ ਨਾਲੋਂ ਕਿਤੇ ਜਾਂਦਾ ਘੱਟ ਮਿਲਦੀ ਸੀ। ਜਿਸ ਕਾਰਨ ਉਹ ਅੰਦਰੋਂ ਅੰਦਰੀਂ ਪਿਸ ਦੀਆਂ ਹਨ ਕੇ ਕੰਮ ਬੰਦਿਆਂ ਦੇ ਬਰਾਬਰ ਪਰ ਤਨਖ਼ਾਹ ਉਨ੍ਹਾਂ ਦੇ ਨੇੜੇ ਤੇੜੇ ਵੀ ਨਹੀਂ। ਇਕ ਦੂਜੀ ਤੋਂ ਜ਼ਿਆਦਾ ਅੱਗੇ ਵੱਧ ਵੱਧ ਕੇ ਕੰਮ ਕਰਦੀਆਂ ਹੋਈਆਂ ਇਕ ਦੂਜੀ ਦੀ ਬੇਇੱਜ਼ਤੀ ਕਰਨ ਕਰਾਉਣ ਵਿਚ ਕੋਈ ਕਸਰ ਨਹੀਂ ਛੱਡ ਦੀਆਂ। ਹਰ ਸਮੇਂ ਤਾਹਨੇ ਮਿਹਣੇ ਮਾਰਨ ਨਾਲ ਵੀ ਉਹ ਬਹੁਤ ਘੁਟਨ ਮਹਿਸੂਸ ਕਰਦੀਆਂ ਹਨ ਤੇ ਕਈ ਤਾਂ ਇਕ ਦੂਜੇ ਦੇ ਨਜਾਇਜ਼ ਸਬੰਧ ਫੋਰਮੈਨ ਨਾਲ ਬਣਾਉਂਦੀਆਂ ਵੀ ਝਿਜਕ ਦੀਆਂ ਨਹੀਂ। ਇਸ ਤਰ੍ਹਾਂ ਉਹ ਆਪਸ ਵਿਚ ਨਾ ਤਾਂ ਗੱਲਬਾਤ ਕਰਦੀਆਂ ਹਨ ਤੇ ਨਾ ਹੀ ਪੂਰੀ ਆਜ਼ਾਦੀ ਨਾਲ ਇਕ ਦੂਜੇ ਨਾਲ ਵਿਚਰਦੀਆਂ ਹਨ। ਕੁਝ ਤਾਂ ਉਹ ਕਿਸੇ ਦੀਆਂ ਗ਼ੁਲਾਮ ਹਨ ਪਰ ਕੁਝ ਤੋਂ ਜ਼ਿਆਦਾ ਉਹ ਇਕ ਦੂਜੇ ਦੇ ਕਾਰਨ, ਇਕ ਦੂਜੇ ਤੋਂ ਸੜਨ ਦੇ ਕਾਰਨ ਤੇ ਇਕ ਦੂਜੇ ਦੀਆਂ ਸ਼ਿਕਾਇਤਾਂ ਲਗਾਉਣ ਵਿਚ ਇੰਨੀਆਂ ਰੁੱਝ ਜਾਂਦੀਆਂ ਹਨ ਕਿ ਆਪਣੀ ਆਜ਼ਾਦੀ ਆਪ ਹੀ ਗਵਾ ਲੈਂਦੀਆਂ ਹਨ। ਜਿਸ ਤੋਂ ਉਨ੍ਹਾਂ ਨੂੰ ਕੋਈ ਵੀ ਆਜ਼ਾਦ ਨਹੀਂ ਕਰਵਾ ਸਕਦਾ ਜਿਨ੍ਹਾਂ ਚਿਰ ਉਹ ਆਪਣੇ ਅੰਦਰੋਂ ਆਪਣੀਆਂ ਕਮੀਆਂ ਤੋਂ ਆਜ਼ਾਦ ਨਹੀਂ ਹੁੰਦੀਆਂ।

ਆਜ਼ਾਦੀ ਬੇਸ਼ੱਕ ਹੀ ਸਾਰਿਆਂ ਦਾ ਜਨਮ ਸਿੱਧ ਅਧਿਕਾਰ ਹੈ ਪਰ ਕੁਝ ਲੋਕ ਦੂਜਿਆਂ ਨੂੰ ਗ਼ੁਲਾਮ ਬਣਾ ਕੇ ਰੱਖਣਾ ਪਸੰਦ ਕਰਦੇ ਹਨ ਚਾਹੇ ਉਹ ਕਿਸੇ ਕੰਪਨੀ ਵਿਚ ਹੈ, ਚਾਹੇ ਘਰ ਦੀ ਚਾਰ ਦੀਵਾਰੀ। ਉਹ ਆਪਣੀ ਆਦਤ ਤੋਂ ਮਜਬੂਰ ਇਸ ਨੂੰ ਨਹੀਂ ਛੱਡ ਸਕਦੇ ਤੇ ਲੋਕਾਂ ਤੇ ਅੱਤਿਆਚਾਰ ਉਨ੍ਹਾਂ ਦਾ ਸ਼ੋਸ਼ਣ ਕਰਨਾ। ਲੋਕ ਖ਼ਾਸ ਕਰਕੇ ਬਾਹਰਲੇ ਲੋਕ ਆਪਣੀ ਆਦਤ ਬਣਾ ਚੁੱਕੇ ਹਨ ਅਤੇ ਭਾਰਤੀ ਲੋਕ ਇਨ੍ਹਾਂ ਲੋਕਾਂ ਦੇ ਹੱਥੋ ਆਪਣਾ ਸ਼ੋਸ਼ਣ ਆਪ ਕਰਵਾਉਂਦੇ ਹਨ ਘੱਟ ਪੈਸੇ ਤੇ ਵਾਧੂ ਕੰਮ ਕਰਕੇ। ਉਹ ਜਾਣ ਬੁੱਝ ਕੇ ਉਨ੍ਹਾਂ ਨੂੰ ਆਪਣਾ ਕੰਟਰੋਲ ਆਪ ਦਿੰਦੇ ਹਨ। ਜਿਸ ਦਾ ਫ਼ਾਇਦਾ ਬਾਹਰਲੇ ਦੇਸ਼ ਬਹੁਤ ਵਧੀਆਂ ਤਰੀਕੇ ਨਾਲ ਤੇ ਵੱਖ ਵੱਖ ਢੰਗਾਂ ਨਾਲ ਵੱਖ ਵੱਖ ਮੌਕਿਆਂ ਤੇ ਚੁੱਕਦੇ ਰਹਿੰਦੇ ਹਨ। ਪਰ

ਬਾਹਰਲੇ ਲੋਕ ਭਾਰਤੀਆਂ ਨੂੰ ਨਾ ਤਾਂ ਆਪਣੇ ਬਰਾਬਰ ਦਾ ਸਮਝਦੇ ਹਨ ਤੇ ਨਾ ਹੀ ਆਪਣੇ ਬਰਾਬਰ ਕਦੀ ਆਉਣ ਦੇਣਗੇ। ਕਿਉਂਕਿ ਉੱਥੇ ਵੀ ਔਰਤ ਅਤੇ ਮਰਦ ਦੇ ਆਧਾਰ ਤੇ ਭੇਦਭਾਵ ਕੀਤਾ ਜਾਂਦਾ ਹੈ।

ਇਸ ਗ਼ੁਲਾਮੀ ਅਤੇ ਆਜ਼ਾਦੀ ਦੀ ਚਾਹ ਦੀ ਸਮੱਸਿਆ ਨੂੰ ਨਕਸ਼ਦੀਪ ਪੰਜਕੋਹਾ ਨੇ ਆਪਣੇ ਨਾਵਲ ਗਿਰਵੀ ਹੋਏ ਮਨ ਰਾਹੀ ਬਹੁਤ ਹੀ ਵਧੀਆ ਅਤੇ ਬਹੁਤ ਹੀ ਅਲੱਗ ਤਰੀਕੇ ਨਾਲ ਬਿਆਨ ਕੀਤਾ ਹੈ। ਇਸ ਵਿਚ ਉਸ ਨੇ ਬਿਆਨ ਕੀਤਾ ਹੈ ਕਿ ਵਿਅਕਤੀਗਤ ਆਜ਼ਾਦੀ ਦੀ ਚਾਹ ਵਿਚ ਮਨੁੱਖ ਨੂੰ ਆਪਣਾ ਮਨ ਗਿਰਵੀ ਰੱਖਣਾ ਪੈਂਦਾ ਹੈ। ਚਾਹੇ ਉਹ ਔਰਤ ਹੈ ਚਾਹੇ ਮਰਦ ਉਸਨੂੰ ਆਪਣੇ ਹਾਲਤਾਂ ਨਾਲ ਸਮਝੌਤਾ ਕਰਨਾ ਹੀ ਪੈਂਦਾ ਹੈ ਤੇ ਆਪਣੀ ਆਜ਼ਾਦੀ ਕਿਸੇ ਦੀ ਇੱਛਾ ਲਈ ਖ਼ਤਮ ਕਰਨੀ ਪੈਂਦੀ ਹੈ। ਚਾਹੇ ਕਿਸੇ ਦੇ ਨਾਲ ਰਹਿਣ ਦੀ ਖ਼ੁਸ਼ੀ ਵਿਚ ਤੇ ਚਾਹੇ ਕਿਸੇ ਹੋਰ ਦੇ ਜ਼ਿੰਦਗੀ ਦੇ ਵਿਚ ਆਉਣ ਦੇ ਕਾਰਨ ਮਨੁੱਖ ਨੂੰ ਆਪਣੀ ਆਜ਼ਾਦੀ ਖ਼ਾਸ ਤੌਰ ਤੇ ਵਿਅਕਤੀਗਤ ਆਜ਼ਾਦੀ ਨੂੰ ਕਿਸੇ ਨਾ ਕਿਸੇ ਹੱਦ ਤੱਕ ਛੱਡਣ ਦੀ ਗੱਲ ਇਸ ਨਾਵਲ ਵਿਚ ਪੂਰੇ ਵਿਸਥਾਰ ਨਾਲ ਕੀਤੀ ਹੈ।

ਇਹ ਨਾਵਲ ਦੂਜੇ ਨਾਵਲਾਂ ਨਾਲੋਂ ਬਹੁਤ ਵੱਖਰਾ ਹੈ ਕਿਉਂਕਿ ਉਨ੍ਹਾਂ ਨਾਵਲਾਂ ਵਿਚ ਮੁੱਖ ਪਾਤਰ ਉਹ ਇਸਤਰੀ ਸੀ ਜੋ ਮੂਲ ਰੂਪ ਵਿਚ ਭਾਰਤੀ ਪਰਿਵਾਰ ਨਾਲ ਸਬੰਧ ਰੱਖਦੀਆਂ ਹਨ। ਪਰ ਇਸ ਨਾਵਲ ਵਿਚ ਮੁੱਖ ਪਾਤਰ ਮਰਦ ਹੈ ਜੋ ਭਾਰਤੀ ਪਰਿਵਾਰ ਨਾਲ ਸਬੰਧ ਰੱਖਦਾ ਹੈ। ਇਹ ਨਾਵਲ ਸੰਸਾਰ ਜੋ ਕਿ ਭਾਰਤ ਵਿਚੋਂ ਵਾਧੂ ਕਮਾਉਣ ਤੇ ਆਪਣੀ ਸਵੈ ਹੋਂਦ ਤੇ ਆਪਣੀ ਆਜ਼ਾਦੀ ਨੂੰ ਕਾਇਮ ਰੱਖਣ ਲਈ ਵਿਦੇਸ਼ ਜਾਂਦਾ ਹੈ। ਉਹ ਇਕ ਟਰੱਕ ਡਰਾਈਵਰ ਹੈ ਤੇ ਆਪਣਾ ਆਜ਼ਾਦੀ ਨੂੰ ਪੂਰੀ ਤਰਾਂ ਨਾਲ ਮਾਣਨ ਵਾਲਾ ਵਿਅਕਤੀ ਹੈ ਅਤੇ ਆਜ਼ਾਦੀ ਮਾਣਦਾ ਵੀ ਹੈ। ਅਚਾਨਕ ਇਕ ਦਿਨ ਹੋਈ ਡੋਰਥੀ ਨਾਲ ਮੁਲਾਕਾਤ ਨੇ ਉਸ ਦੀ ਪੂਰੀ ਜ਼ਿੰਦਗੀ ਹੀ ਬਦਲ ਦਿੱਤੀ। ਉਸਨੇ ਡੋਰਥੀ ਜੋ ਕਿ ਇਕ ਨੀਗਰੋ ਲੜਕੀ ਸੀ ਤੇ ਉਸ ਨੂੰ ਆਪਣੇ ਨਾਲ ਵਿਆਹ ਕਰਕੇ ਪੱਕੇ ਹੋਣ ਲਈ ਮਨਾ ਲੈਂਦਾ ਹੈ। ਉਸ ਦੇ ਮੰਨਣ ਦਾ ਇਕ ਕਾਰਨ ਇਹ ਸੀ ਕਿ ਉਹ ਇਕੱਲਤਾ ਦੀ ਸ਼ਿਕਾਰ ਸੀ ਤੇ ਕਿਸੇ ਸਾਥੀ ਦੀ ਭਾਲ ਵਿਚ ਹੋਣ ਦੇ ਕਾਰਨ ਉਹ ਉਸ ਦੀ ਸ਼ਰਤ ਮੰਨ ਜਾਂਦੀ ਹੈ। ਉਨ੍ਹਾਂ ਦਾ ਇਕ ਦੂਜੇ ਨਾਲ ਇਕੱਠੇ ਰਹਿਣ ਨਾਲ ਉਨ੍ਹਾਂ ਦੇ ਸਬੰਧ ਬਣਾਉਣ ਦੀਆਂ ਸੀਮਾਵਾਂ ਸੀਮਤ ਹੋ ਗਈਆਂ ਸਨ। ਸੰਸਾਰ ਡੋਰਥੀ ਨਾਲ ਵਿਆਹ ਕਰਵਾ ਲੈਂਦਾ ਹੈ। ਉਹ ਉਸ ਨੂੰ ਪਿਆਰ ਵੀ ਬਹੁਤ ਕਰਦਾ ਹੈ ਪਰ ਉਸਨੂੰ ਭਾਰਤ ਲੈ ਕੇ ਆਉਣਾ, ਆਪਣੇ ਦੋਸਤਾਂ ਮਿੱਤਰਾਂ ਅਤੇ ਹੋਰਨਾਂ ਦੇ ਸਾਹਮਣੇ ਨਾਲ ਲੈ ਕੇ ਜਾਣਾ ਪਸੰਦ ਨਹੀਂ ਹੈ, ਕਿਉਂਕਿ ਉਹ ਕਾਲੀ ਨਸਲ ਦੀ ਲੜਕੀ ਹੈ ਤੇ ਉਸ ਦੇ ਵਾਲ ਘੁੰਗਰਾਲੇ ਹਨ ਤੇ ਦੂਜਿਆਂ ਨਾਲੋਂ ਅਲੱਗ ਦਿੱਖ ਦੇ ਕਾਰਨ ਉਹ ਉਸਨੂੰ ਕਿਸੇ ਦੇ ਸਾਹਮਣੇ ਲਿਜਾਉਣ ਵਿਚ ਝਿਜਕ ਮਹਿਸੂਸ ਕਰਦਾ ਹੈ ਪਰ ਉਹ ਪਿਆਰ ਕਰਦਾ ਹੋਣ ਕਰਕੇ ਉਸ ਨੂੰ ਛੱਡਣਾ ਵੀ ਨਹੀਂ ਚਾਹੁੰਦਾ।

ਸੰਸਾਰ ਉੱਤੇ ਡੋਰਥੀ ਦਾ ਇਕ ਦੂਜੇ ਨਾਲ ਰਹਿਣ ਦਾ ਮੁੱਖ ਮੰਤਵ ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਅਤੇ ਪੱਕੇ ਹੋਣ ਦੀ ਚਾਹ ਹੈ। ਉਨ੍ਹਾਂ ਨੂੰ ਪਤਾ ਵੀ ਹੈ ਕਿ ਉਨ੍ਹਾਂ ਦਾ ਰਿਸ਼ਤਾ ਸਿਰਫ਼ ਲੋੜਾਂ ਦੀ ਪੂਰਤੀ ਤੱਕ ਦਾ ਹੈ। ਪਰ ਫਿਰ ਵੀ ਇਕ ਦੂਜੇ ਨਾਲ ਪਿਆਰ ਦੇ ਬੰਧਨ ਵਿਚ ਬੰਧ ਜਾਣ ਦੇ ਕਾਰਨ ਵੀ ਇਕੱਠੇ ਰਹਿੰਦੇ ਹਨ।

ਬਹੁਤ ਜ਼ੋਰ ਨਾਲ ਡੋਰਥੀ ਹੱਸਣ ਲੱਗੀ, "ਸੰਸਾਰ ਆਪਾਂ ਬਨਾਵਟੀ ਨਹੀਂ ਬਣਾਂਗੇ।"

"ਚੰਗਾ, ਜਿੱਥੇ ਆਖੇਂਗੀ ਉੱਥੇ ਚੱਲਾਂਗੇ, ਮੇਰੀ ਇਸ ਮਾਮਲੇ 'ਚ ਕੋਈ ਰਾਏ ਨਹੀਂ।" ਸੰਸਾਰ ਮੁਸਕਰਾਇਆ।

"ਨਹੀਂ, ਇਹ ਗੱਲ ਨਹੀਂ, ਸੰਸਾਰ, ਆਪਾਂ ਉੱਥੇ ਚੱਲਾਂਗੇ ਜਿੱਥੇ ਆਪਾਂ ਦੋਨੋਂ ਖ਼ੁਸ਼ ਹੋਈਏ।"[16]

ਫਿਰ ਵੀ ਕਿਤੇ ਨਾ ਕਿਤੇ ਉਹ ਆਪਣੀ ਆਜ਼ਾਦੀ ਲਈ ਲੋਚ ਦੇ ਹਨ। ਡੋਰਥੀ ਔਰਤ ਹੋਣ ਦੇ ਕਾਰਨ ਮਾਂ ਬਣਨ ਚਾਹੁੰਦੀ ਹੈ। ਪਰ ਸੰਸਾਰ ਉਸਨੂੰ ਦੂਜੀ ਨਸਲ ਦੀ ਹੋਣ ਕਰਕੇ ਉਸ ਦ ਬੱਚਾ ਨਹੀਂ ਚਾਹੁੰਦਾ ਸੀ ਕਿਉਂਕਿ ਉਸਨੂੰ ਲੱਗਦਾ ਹੈ ਕਿ ਉਸ ਦਾ ਬੱਚਾ ਵੀ ਡੋਰਥੀ ਵਰਗਾ ਹੀ ਕਾਲੀ ਨਸਲ ਦਾ ਹੀ ਹੋਣਾ ਹੈ। ਉਹ ਉਸ ਨੂੰ ਮਾਂ ਬਣਨ ਦਾ ਸੁੱਖ ਨਹੀਂ ਦੇਣਾ ਚਾਹੁੰਦਾ ਸੀ ਪਰ ਡੋਰਥੀ ਇਸ ਨੂੰ ਆਪਣਾ ਹੱਕ ਸਮਝ ਦੀ ਹੋਈ ਬਗ਼ਾਵਤ ਵੀ ਕਰਦੀ ਹੈ ਉਹ ਉਸ ਨੂੰ ਮਾਂ ਬਣਨ ਦਾ ਸੁੱਖ ਨਹੀਂ ਉਹ ਦੇਣਾ ਚਾਹੁੰਦਾ ਸੀ ਪਰ ਡੋਰਥੀ ਇਸ ਨੂੰ ਆਪਣਾ ਹੱਕ ਸਮਝ ਦੀ ਹੋਈ ਬਗ਼ਾਵਤ ਵੀ ਕਰਦੀ ਹੈ।

ਡੋਰਥੀ, ਲੈਸ, ਜੈਨਫਰ ਤੋਂ ਬਿਨਾਂ ਡੋਰਥੀ ਦੀ ਇਕ ਸਹੇਲੀ ਨੇ ਤਾਂ ਇਕ ਦਿਨ ਬੇਬੀ ਆਉਣ ਤੇ ਲੈਕਚਰ ਹੀ ਦੇ ਛੱਡਿਆ ਸੀ, " ਮਿਸਟਰ, ਬੇਬੀ ਸ਼ਾਵਰ ਤਾਂ ਹੋਣਾ ਹੀ ਚਾਹੀਦਾ ਹੈ। ਮੇਰਾ ਪਤੀ ਮੇਰੀ ਬੇਬੀ ਵਾਲੀ ਗੱਲ ਮੋੜੇ, ਮੈਂ ਡਿਵੋਰਸ ਕਰ ਦੇਵਾਂ। ਜੇ ਤੂੰ ਇੰਝ ਹੀ ਰਿਹਾ, ਡੋਰਥੀ ਵੀ ਡਿਵੋਰਸ ਕਰ ਦੇਵੇਗੀ। ਚੰਗੀ ਗੱਲ ਹੈ, ਆਪ ਵੀ ਖ਼ੁਸ਼ ਰਹਿ ਤੇ ਡੋਰਥੀ ਨੂੰ ਵੀ ਤੇ ਬੇਬੀ ਨੂੰ ਆਉਣ ਦਿਓ...। ਉਹ ਚੁੱਪ ਕਰਕੇ ਨੀਵੀਂ ਪਾ ਕੇ ਸੁਣਦਾ ਰਿਹਾ। ਉਹਨੂੰ ਬੇਬੀ ਨਾਲ ਆਪਣੇ ਤੇ ਡੋਰਥੀ ਵਿਚਕਾਰ ਪੈ ਰਹੀ ਛੋਟੀ ਜਿਹੀ ਵਿੱਥ ਦਾ ਅਹਿਸਾਸ ਤੰਗ ਕਰਨ ਲੱਗਾ।[17]

ਉਸ ਦੀ ਜ਼ਿੱਦ ਅੱਗੇ ਹਾਰ ਕੇ ਸੰਸਾਰ ਬੱਚੇ ਲਈ ਮਨ ਜਾਂਦਾ ਹੈ। ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਲੜਕੀ ਹੈ ਤਾਂ ਬਿਲਕੁਲ ਵੀ ਨਹੀਂ ਚਾਹੁੰਦਾ ਕਿ ਉਸ ਦਾ ਬੱਚਾ ਹੋਵੇ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਉਸ ਦੀ ਲੜਕੀ ਵੀ ਡੋਰਥੀ ਵਾਂਗ ਹੀ ਲੋਕਾਂ ਦੇ ਮੁੰਡਿਆਂ ਦੇ ਨਾਲ ਜਾਂ ਅੱਗੇ ਪਿੱਛੇ ਘੁੰਮੇਗੀ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਬਾਹਰਲੇ ਦੇਸ਼ਾਂ ਵਿਚ ਬੱਚਿਆਂ ਨੂੰ 18 ਸਾਲਾਂ ਬਾਅਦ ਆਪਣੀ ਜ਼ਿੰਦਗੀ ਖ਼ੁਦ ਜਿਉਂ ਦੀ ਆਜ਼ਾਦੀ ਹੁੰਦੀ ਹੈ। ਕੋਈ ਵੀ ਰੋਕ ਟੋਕ, ਕੋਈ ਵੀ ਬੰਧਨ ਉਨ੍ਹਾਂ ਦੀ ਆਜ਼ਾਦੀ ਦੇ ਮੋਹਰੇ ਨਹੀਂ ਆ ਸਕਦਾ।

ਇਸ ਲਈ ਬਾਹਰਲੇ ਦੇਸ਼ ਵਿਚ ਸੰਸਾਰ ਨੂੰ ਆਪਣੀ ਬੱਚੀ ਅਸੁਰੱਖਿਅਤ ਨਜ਼ਰ ਆਉਂਦੀ ਹੋਣ ਕਾਰਨ ਉਹ ਨਹੀਂ ਚਾਹੁੰਦਾ ਕਿ ਡੋਰਥੀ ਲੜਕੀ ਨੂੰ ਜਨਮ ਦੇਵੇ। ਲੇਕਿਨ ਡੋਰਥੀ ਆਪਣੀ ਆਜ਼ਾਦੀ ਨੂੰ ਆਪਣਾ ਹੱਕ ਸਮਝ ਦੀ ਹੈ ਤੇ ਮਾਂ ਬਣਨਾ ਆਪਣਾ ਅਧਿਕਾਰ ਸਮਝਦੀ ਹੋਈ ਲੜਕੀ ਨੂੰ ਹੀ ਜਨਮ ਦੇਣਾ ਚਾਹੁੰਦੀ ਹੈ ਤੇ ਉਸ ਨੂੰ ਜਨਮ ਦਿੰਦੀ ਵੀ ਹੈ। ਉਸ ਦੀ ਇਸ ਹਰਕਤ ਦੇ ਕਾਰਨ ਸੰਸਾਰ ਨਾ ਖ਼ੁਸ਼ ਹੋਣ ਦੇ ਕਾਰਨ ਵੀ ਡੋਰਥੀ ਦੀ ਖ਼ੁਸ਼ੀ ਵਿਚ ਖ਼ੁਸ਼ ਨਜ਼ਰ ਆਉਂਦਾ ਹੈ। ਪ੍ਰੰਤੂ ਡੋਰਥੀ ਨੂੰ ਪੱਕਾ ਪਤਾ ਹੈ ਕਿ ਸੰਸਾਰ ਲੜਕੀ ਹੋਣ ਤੇ ਖ਼ੁਸ਼ ਨਹੀਂ ਹੈ। ਇਸ ਕਾਰਨ ਹੀ ਉਹ ਇਹ ਚਾਹੁੰਦਾ ਸੀ ਕਿ ਜਾਂ ਤਾਂ ਉਸ ਦੇ ਬੱਚਾ ਅਜੇ ਹੋਵੇ ਨਾ ਤੇ ਜੇ ਹੋਵੇ ਤਾਂ ਉਹ ਉਸ ਨੂੰ ਆਪਣੀ ਨਿਗਰਾਨੀ ਹੇਠ ਰੱਖੇ ਜਾਂ ਫਿਰ ਉਸ ਨੂੰ

ਭਾਰਤ ਲੈ ਜਾਵੇ। ਪਰ ਡੋਰਥੀ ਆਪਣੇ ਵਾਂਗ ਹੀ ਆਪਣੇ ਬੱਚੇ ਦੀ ਆਜ਼ਾਦੀ ਦੀ ਮੰਗ ਕਰਦੀ ਹੈ। ਪਰ ਇਸ ਗੱਲ ਦੀ ਪ੍ਰਵਾਹ ਨਹੀਂ ਕਰਦੀ ਕਿ ਇਸ ਗੱਲ ਦਾ ਨਤੀਜਾ ਕੀ ਨਿਕਲੇ ਗਾ। ਤੇ ਇਸ ਦਾ ਨਤੀਜਾ ਵੀ ਉਹ ਹੀ ਸੀ ਜੋ ਉਨ੍ਹਾਂ ਦੋਹਾਂ ਦੀ ਸੋਚ ਤੋਂ ਪਰ੍ਹਾਂ ਸੀ ਭਾਵ ਕਿ ਹੋਲੀ ਹੋਲੀ ਆਈ ਉਨ੍ਹਾਂ ਦੇ ਰਿਸ਼ਤੇ ਵਿਚ ਦੂਰੀ ਇੰਨੀ ਜ਼ਿਆਦਾ ਵੱਧ ਗਈ ਕਿ ਉਨ੍ਹਾਂ ਨੇ ਚੁੱਪ ਚਾਪ ਹੀ ਬਿਨਾਂ ਕਿਸੇ ਦੀ ਸਲਾਹ ਦੇ ਹੀ ਤਲਾਕ ਲੈ ਲਿਆ। ਜਿਸ ਦਾ ਅਸਰ ਉਨ੍ਹਾਂ ਦੀ ਬੱਚੀ ਤੇ ਪਿਆ । ਭਾਵ ਕੇ ਉਨ੍ਹਾਂ ਦੀ ਬੱਚੀ ਵੰਡ ਹੋ ਗਈ। ਸੰਸਾਰ ਦੇ ਲੱਖ ਚਾਹੁਣ ਤੇ ਵੀ ਉਸ ਦੀ ਬੱਚੀ ਉਸ ਕੋਲ ਨਹੀਂ ਰਹਿ ਸਕਦੀ ਤੇ ਨਾ ਹੀ ਉਹ ਉਸ ਨੂੰ ਆਪਣੇ ਤਰੀਕੇ ਨਾਲ ਪਾਲ ਸਕਦਾ ਹੈ। ਇਸ ਕਾਰਨ ਉਹ ਕਈ ਵਾਰ ਅਦਾਲਤ ਜਾਣਾ ਵੀ ਚਾਹੁੰਦਾ ਹੈ ਪਰ ਅਦਾਲਤ ਵਿਚ ਮਾਂ ਦੀ ਹੀ ਸੁਣਵਾਈ ਹੁੰਦੀ ਹੈ। ਉਹ ਜਦੋਂ ਉਸ ਨੂੰ ਜ਼ਿਆਦਾ ਮਿਲਣ ਜਾਂਦਾ ਤਾਂ ਡੋਰਥੀ ਉਸ ਨੂੰ ਰੋਕ ਦਿੰਦੀ। ਉਸ ਨੇ ਕਈ ਵਾਰ ਬੱਚੀ ਨੂੰ ਪਾਲਣ ਦੀ ਗੱਲ ਡੋਰਥੀ ਨਾਲ ਕੀਤੀ ਪਰ ਉਹ ਹਰ ਵਾਰ ਨਾਂਹ ਕਰ ਦਿੰਦੀ।

"ਡੋਰਥੀ, ਇਹ ਨਹੀਂ ਹੋ ਸਕਦਾ ਕਿ ਨਵਰੰਗ ਨੂੰ ਮੈਂ ਪਾਲ਼ਾਂ, ਖ਼ਰਚਾ ਤੈਨੂੰ ਫੇਰ ਵੀ ਮੈਂ ਦੇ ਦਿਆਂਗਾ।"

"ਸੰਸਾਰ ਤੂੰ ਕਿਵੇਂ ਪਾਲ ਸਕੇਂਗਾ? ਆਦਮੀ ਨੂੰ ਬੱਚਾ ਪਾਲਣਾ ਬੜਾ ਔਖਾ ਹੁੰਦਾ ਹੈ। ਇਹ ਤੂੰ ਮੰਨ ਲੈ, ਫੇਰ ਮੈਂ ਇਕ ਮਾਂ ਹਾਂ। ਨਵਰੰਗ ਨੂੰ ਮਾਂ ਦੀ ਪਿਉ ਨਾਲੋਂ ਵੀ ਜ਼ਿਆਦਾ ਲੋੜ ਹੈ, ਤੈਨੂੰ ਫ਼ਿਕਰ ਕਿਸ ਗੱਲ ਦਾ ਹੈ?" ਡੋਰਥੀ ਗੰਭੀਰ ਸੀ।[18]

ਇਕ ਦਿਨ ਡੌਰਥੀ ਦਾ ਅਚਾਨਕ ਗੈਬ ਹੋ ਜਾਣਾ ਉਸ ਲਈ ਮੁਸੀਬਤ ਖੜੀ ਕਰ ਦਿੰਦਾ ਹੈ। ਕਿਉਂਕਿ ਉਸ ਨੂੰ ਫ਼ਿਕਰ ਹੈ ਕਿ ਉਸ ਦੀ ਬੱਚੀ ਡੋਰਥੀ ਨਾਲ ਸੁਰੱਖਿਅਤ ਨਹੀਂ ਹੈ। ਅਚਾਨਕ ਡੋਰਥੀ ਦੇ ਭਰਾ ਦੇ ਆਏ ਫ਼ੋਨ ਤੋਂ ਉਸ ਨੂੰ ਪਤਾ ਲੱਗਾ ਕਿ ਡੋਰਥੀ ਉਸ ਕੋਲ ਹੈ ਤੇ ਉਸ ਨੇ ਇਕ ਮਰਦ ਨਾਲ ਰਹਿਣ ਦਾ ਫ਼ੈਸਲਾ ਕਰ ਲਿਆ ਹੈ।

ਫ਼ੋਨ ਖੜਕਿਆ, ਫ਼ੋਨ 'ਤੇ ਲੈਂਸ ਸੀ, "ਸੰਸਾਰ ਅੱਜ ਤੈਨੂੰ ਫ਼ੋਨ ਕਰਨ ਦਾ ਇਕ ਖ਼ਾਸ ਕਾਰਨ ਹੈ?"

"ਚੰਗੀ ਖ਼ਬਰ ਦੇਵੀਂ।"

"ਹਾਂ, ਚੰਗੀ ਖ਼ਬਰ ਹੀ ਤਾਂ ਹੈ। ਮੇਰਾ ਇਕ ਜਮਾਤੀ ਏਥੇ ਬਿਜ਼ਨਸਮੈਨ ਹੈ, ਡੋਰਥੀ ਅੱਜ ਕੱਲ੍ਹ ਉਸੇ ਨਾਲ ਡੇਟਿੰਗ ਕਰ ਰਹੀ ਹੈ। ਉਸ ਨੇ ਮੈਨੂੰ ਦੱਸਿਆ ਹੈ ਕਿ ਉਹਨੇ ਡੋਰਥੀ ਨਾਲ ਵਿਆਹ ਕਰਨ ਦਾ ਫ਼ੈਸਲਾ ਲੈ ਲਿਆ ਹੈ। ਡੋਰਥੀ ਨੂੰ ਕੋਈ ਇਤਰਾਜ਼ ਨਹੀਂ। ਉਹ ਡਿਵੋਰਸਡ ਹੈ, ਤੇ ਉਸ ਦੇ ਦੋ ਬੱਚੇ ਹਨ, ਇਕ ਦਸ ਸਾਲਾਂ ਦਾ ਤੇ ਇਕ ਪੰਜ ਸਾਲਾਂ ਦਾ, ਦੋਵੇਂ ਬੱਚੇ ਉਸ ਕੋਲ ਹਨ, ਉਹਦੀ ਪਤਨੀ ਸ਼ਰਾਬ ਪੀਣ ਕਾਰਨ ਕੁਝ ਨਹੀਂ ਕਰ ਸਕਦੀ ਸੀ। ਮੇਰਾ ਇਹ ਸਭ ਕੁਝ ਦੱਸਣ ਦਾ ਮਤਲਬ ਇਹ ਹੀ ਹੈ ਕਿ ਤੇਰੀ ਧੀ ਦਾ ਪਾਲਣ ਪੋਸ਼ਣ ਹੁਣ ਚੰਗੇ ਵਾਤਾਵਰਨ 'ਚ ਹੋਏਗਾ, ਚੰਗਾ ਘਰ ਹੈ।"[19]

ਇਸ ਗੱਲ ਨੇ ਉਸ ਨੂੰ ਬਹੁਤ ਪ੍ਰੇਸ਼ਾਨ ਕੀਤਾ ਪਰ ਫਿਰ ਉਸ ਨੇ ਇੰਡੀਆ ਤੋਂ ਆ ਰਹੀ ਆਪਣੀ ਪਤਨੀ ਲਈ ਆਪਣਾ ਮਨ ਗਿਰਵੀ ਰੱਖ ਤਾਂ। ਜਿਵੇਂ ਕਿ ਨਾਵਲ ਦੇ ਅੰਤ ਵਿਚ ਉਹ ਸੋਚਦਾ ਹੈ:-

"ਗਿਰਵੀ ਧਰਿਆ ਮਨ ਕਿੰਨਾ ਓਪਰਾ ਹੁੰਦਾ ਹੈ। ਸ਼ਾਇਦ ਮਨ ਨੂੰ ਧੋਣਾ ਹੀ ਭਗਤੀ ਹੋਵੇ, ਸ਼ਾਇਦ ਇਹ ਹੀ ਰੱਬ ਦੀ ਪ੍ਰਾਪਤੀ ਹੋਵੇ, ਪਰ ਮਨ ਨੂੰ ਧੋਵਾਂ ਕਿਵੇਂ? ਸ਼ਾਇਦ ਧੋ ਹੀ ਦੇਵਾਂ ਇਸ ਮਨ ਨੂੰ, ਤੇ ਇਹਨੂੰ ਆਪਣਾ ਮਨ ਬਣਾ ਲਵਾਂ। ਪਰ ਹਾਲ ਦੀ ਘੜੀ ਮੇਰਾ ਹੌਂਸਲਾ ਏਡਾ ਨਹੀਂ ਕਿ ਕੋਈ ਕ੍ਰਿਸ਼ਮਾ ਵਾਪਰ ਜਾਏ......"। ਉਹ ਸੋਚਦਾ ਰਿਹਾ, "ਇਹ ਕ੍ਰਿਸ਼ਮਾ ਜ਼ਰੂਰੀ ਹੈ।"[20]

ਤਾਂ ਜੋ ਹੁਣ ਉਹ ਆਪਣੀ ਪਤਨੀ ਦੇ ਲਈ ਵਫ਼ਾਦਾਰ ਰਹਿ ਸਕੇ ਅਤੇ ਉਸ ਨੂੰ ਖ਼ੁਸ਼ ਰੱਖ ਸਕੇ। ਕਿਸੇ ਦੇ ਆਉਣ ਕਈ ਤੇ ਕਿਸੇ ਦੇ ਜਾਣ ਲਈ ਮਨੁੱਖ ਨੂੰ ਆਪਣਾ ਮਨ ਗਿਰਵੀ ਰੱਖਣਾ ਪੈਂਦਾ ਤਾਂ ਜੋ ਉਹ ਸਮਾਜ ਵਿਚ ਸਮੇਂ ਅਨੁਸਾਰ ਵਿਚਰ ਸਕੇ ਅਤੇ ਜ਼ਿੰਦਗੀ ਨੂੰ ਮਾਣ ਸਕੇ।

---

[1] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-49
[2] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-106
[3] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-106
[4] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-138
[5] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-325
[6] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-401
[7] ਸਵਰਨ ਚੰਦਨ, ਕੰਜਕਾਂ, ਪੰਨਾ-304
[8] ਸਵਰਨ ਚੰਦਨ, ਕੰਜਕਾਂ, ਪੰਨਾ-306
[9] ਸਵਰਨ ਚੰਦਨ, ਕੰਜਕਾਂ, ਪੰਨਾ-418
[10] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ-34
[11] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ-93
[12] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-32
[13] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-32
[14] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-171
[15] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-310
[16] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ ਨੰ.16
[17] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ-64-65
[18] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ ਨੰ.128
[19] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ ਨੰ.122
[20] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ ਨੰ.144

# ਅਧਿਆਇ- ਚੌਥਾ

# ਪਰਵਾਸੀ ਪੰਜਾਬੀ ਨਾਵਲ ਵਿਚ ਔਰਤ-ਮਰਦ ਸਬੰਧਾਂ ਦਾ ਬਦਲਦਾ ਸਰੂਪ

ਪਰਵਾਸੀ ਪੰਜਾਬੀ ਨਾਵਲ ਇਕ ਅਜਿਹਾ ਸਾਧਨ ਹੈ ਜਿਸ ਨੇ ਇਸ ਸਮੱਸਿਆ ਨੂੰ ਬਹੁਤ ਹੀ ਵਿਸਥਾਰ ਨਾਲ ਬਿਆਨ ਕੀਤਾ ਹੈ। ਪਰਵਾਸੀ ਨਾਵਲ ਹਰ ਰਿਸ਼ਤੇ ਨੂੰ ਬਹੁਤ ਹੀ ਡੂੰਘਾਈ ਨਾਲ ਬਿਆਨ ਕਰਦਾ ਹੈ ਬਿਨਾਂ ਕਿਸੇ ਝਿਜਕ ਦੇ। ਪਰਵਾਸੀ ਸਾਹਿਤ ਟੁੱਟਦੇ ਜੁੜਦੇ ਰਿਸ਼ਤਿਆਂ ਨੂੰ ਬਹੁਤ ਹੀ ਬਾਖ਼ੂਬੀ ਨਾਲ ਬਿਆਨ ਕਰਦਾ ਹੈ। ਇਹ ਸਾਹਿਤ ਔਰਤ-ਮਰਦ ਦੇ ਰਿਸ਼ਤੇ ਚਾਹੇ ਉਹ ਜੁੜੇ ਹਨ ਤੇ ਚਾਹੇ ਟੁੱਟੇ ਉਹ ਬਿਨਾਂ ਕਿਸੇ ਪ੍ਰੇਸ਼ਾਨੀ ਨਾਲ ਦਰਸਾਏ ਜਾਂਦੇ ਹਨ।

ਇਹ ਰਿਸ਼ਤਿਆਂ ਦੀ ਟੁੱਟ ਭੱਜ ਨੂੰ ਪੇਸ਼ ਕਰਨ ਲਈ ਇਸ ਖੋਜ ਅਧੀਨ ਤਿੰਨ ਨਾਵਲ 'ਪੈੜਾਂ ਦੇ ਆਰ ਪਾਰ', 'ਕੰਜਕਾਂ' ਅਤੇ 'ਗਿਰਵੀ ਹੋਏ ਮਨ' ਨੂੰ ਲਿਆ ਹੈ ਤਾਂ ਜੋ ਇਸ ਪੈਦਾ ਹੋ ਰਹੀ ਸਮੱਸਿਆ ਨੂੰ ਦਰਸਾਇਆ ਜਾਂ ਸਕੇ। ਇਨ੍ਹਾਂ ਨਾਵਲਾਂ ਵਿਚ ਔਰਤ-ਮਰਦ ਕਈ ਪਾਤਰਾਂ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਕਿਤੇ ਪ੍ਰੇਮੀ ਪ੍ਰੇਮਿਕਾ ਦੇ ਰੂਪ ਵਿਚ, ਕਿਤੇ ਪਤੀ ਪਤਨੀ ਦੇ ਰੂਪ ਵਿਚ, ਕਿਤੇ ਭੈਣ ਭਰਾ ਦੇ ਰੂਪ ਵਿਚ ਕਿਤੇ ਮਾਂ ਪੁੱਤ ਤੇ ਕਿਤੇ ਪਿਓ ਧੀ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਹਰ ਰਿਸ਼ਤਾ ਨਾਵਲਾਂ ਵਿਚ ਕਿਤੇ ਟੁੱਟਦਾ ਹੈ ਤੇ ਕਿਤੇ ਜੁੜਦਾ ਹੈ।

ਨਵਜੋਤ ਅਤੇ ਅਣੂ ਦੋਨੋਂ ਹੀ ਅਜਿਹੀਆਂ ਔਰਤਾਂ ਹਨ ਜੋ ਮੂਲ ਰੂਪ ਵਿਚ ਤਾਂ ਭਾਰਤੀ ਹਨ ਪਰ ਉਹ ਵਿਦੇਸ਼ੀਆਂ ਨਾਲੋਂ ਵੀ ਜ਼ਿਆਦਾ ਬੁਰੀ ਸੰਗਤ ਦੀਆਂ ਸ਼ਿਕਾਰ ਹੈ। ਉਹ ਭਾਰਤੀ ਜ਼ਰੂਰ ਹਨ ਪਰ ਉਨ੍ਹਾਂ ਵਿਚ ਭਾਰਤੀਆਂ ਵਰਗੀ ਕੋਈ ਵੀ ਆਦਤ, ਲੱਛਣ ਨਹੀਂ ਹੈ ਜਿਸ ਤੋਂ ਇਹ ਸਿੱਧ ਹੋਵੇ ਕੀ ਉਹ ਭਾਰਤੀ ਹਨ ਕਿਉਂਕਿ ਭਾਰਤੀ ਪਰੰਪਰਾ ਇਹ ਨਹੀਂ ਕਹਿੰਦੀ ਕਿ ਇਕ ਔਰਤ ਅਨੇਕਾਂ ਮਰਦਾਂ ਨਾਲ ਰਿਸ਼ਤਾ ਰੱਖੇ ਜਾਂ ਫਿਰ ਅਨੇਕਾਂ ਮਰਦਾਂ ਨਾਲ ਸਰੀਰਕ ਸਬੰਧ ਬਣਾਵੇ। ਪਰ ਇਹ ਦੋਨੋਂ ਹੀ ਇਸ ਭਾਰਤੀ ਪਰੰਪਰਾ ਦੇ ਵਿਰੁੱਧ ਹਨ। ਅਤੇ ਇਕ ਤੋਂ ਜ਼ਿਆਦਾ ਮਰਦਾਂ ਨਾਲ ਸਬੰਧ ਰੱਖਦੀਆਂ ਹਨ। ਤੇ ਫਿਰ ਤੋਂ ਉਹ ਇਸ ਪਰੰਪਰਾ ਦੇ ਵਿਰੁੱਧ ਜਾਂਦੀਆਂ ਹਨ ਕੀ ਔਰਤ ਦਾ ਇਕ ਵਾਰ ਜਦੋਂ ਨਾਲ ਰਿਸ਼ਤਾ ਜੁੜਦਾ ਹੈ ਤੇ ਉਹ ਮੌਤ ਤੋਂ ਬਾਅਦ ਹੀ ਟੁੱਟਦਾ ਹੈ ਪਰ ਉਹ ਦੋਵੇਂ ਤਾਂ ਆਏ ਦਿਨ ਕਦੀ ਕਿਸੇ ਨਾਲ ਤੇ ਕਦੀ ਕਿਸੇ ਨਾਲ ਰਿਸ਼ਤਾ ਵੀ ਜੋੜਦੀਆਂ ਹਨ ਤੇ ਸਰੀਰਕ ਸਬੰਧ ਬਣਾਉਂਦੀਆਂ ਹਨ ਤੇ ਰਿਸ਼ਤਾ ਤੋੜ ਵੀ ਦਿੰਦੀਆਂ ਹਨ।

ਨਵਜੋਤ ਪਹਿਲਾਂ ਜਾਹਨ ਕੀਥ ਨਾਲ ਰਿਸ਼ਤਾ ਜੋੜਦੀ ਹੈ ਸ਼ਾਇਦ ਉਸ ਨੂੰ ਪਿਆਰ ਵੀ ਕਰਦੀ ਹੈ ਪਰ ਕਦੀ ਵੀ ਉਸ ਨਾਲ ਵਿਆਹ ਕਰਾਉਣ ਬਾਰੇ ਨਹੀਂ ਸੋਚਦੀ ਤੇ ਨਾਂ ਹੀ ਉਹ ਵਿਆਹ ਬੰਧਨ ਵਿਚ ਬੰਨ੍ਹ ਹੋਣਾ ਚਾਹੁੰਦੀ ਹੈ ਇਸ ਲਈ ਉਹ ਸਿਰਫ਼ ਉਸ ਨਾਲ ਆਪਣੀ ਸਰੀਰਕ ਭੁੱਖ ਮਿਟਾਉਣ ਲਈ ਹੀ ਰਹਿ ਰਹੀ ਹੈ। ਜਿਸ ਨੂੰ ਮਿਟਾਉਣ ਦਾ ਨਵਾਂ

ਨਾਮ ਪਾਰਟਨਰਸ਼ਿਪ ਹੈ। ਉਹ ਪਾਰਟਨਰਸ਼ਿਪ ਵਿਚ ਰਹਿੰਦੀ ਹੈ ਉਸ ਦੀ ਜ਼ਿੰਦਗੀ ਬਹੁਤ ਹੀ ਵਧੀਆਂ ਤੇ ਆਰਾਮ ਨਾਲ ਚੱਲਦੀ ਹੈ ਤੇ ਉਹ ਖ਼ਰਚ ਕਰਦੇ ਹਨ ਬਾਹਰ ਘੁੰਮਦੇ ਹਨ ਇਕੱਠੇ ਰਹਿੰਦੇ ਹਨ ਪਰ ਅੰਤ ਤੇ ਖ਼ਰਚਾ ਅੱਧਾ ਅੱਧਾ ਕਰ ਲੈਂਦੇ ਹਨ ਤਾਂ ਜੋ ਕੱਲ੍ਹ ਨੂੰ ਕਿਸੇ ਦੀ ਕਿਸੇ ਨਾਲ ਪੈਸਿਆਂ ਕਾਰਨ ਅਣਬਣ ਨਾ ਹੋਵੇ। ਇਕ ਵਾਰ ਉਸ ਦੀ ਭਾਬੀ ਉਸ ਨੂੰ ਵਿਆਹ ਕਰਾਉਣ ਲਈ ਕਹਿੰਦੀ ਹੈ ਪਰ ਉਸ ਦੇ ਮਨ੍ਹਾ ਕਰਨ ਤੇ ਉਹ ਪੁੱਛਦੀ ਹੈ ਤੇ ਨਵਜੋਤ ਕਹਿੰਦੀ ਹੈ ਕਿ ਉਸ ਦਾ ਵਿਆਹ ਵਿਚ ਭਰੋਸਾ ਨਹੀਂ ਹੈ ਇਸ ਲਈ ਉਹ ਕਹਿੰਦੀ ਹੈ ਕਿ :-

ਵਿਆਹ 'ਚ ਮੇਰਾ ਭਰੋਸਾ ਹੀ ਨਹੀਂ ਏ।"

"ਹੋਰ ਕਾਹਦੇ 'ਚ ਏ?"

"ਪਾਰਟਨਰਸ਼ਿਪ 'ਚ। ਮੈਂ ਵਿਆਹ ਕਰਾ ਕੇ ਮਰਦ ਦੀ ਸਲੇਵਰੀ ਨਹੀਂ ਖ਼ਰੀਦਣੀ ਚਾਹੁੰਦੀ।"

"ਵਿਆਹ ਸਲੇਵਰੀ ਏ।"

"ਹੋਰ ਕੀ ਏ?"

"ਤੇ ਪਾਰਟਨਰਸ਼ਿਪ?"

"ਬਰਾਬਰ ਦੀ ਹਿੱਸੇਦਾਰੀ।"

"ਵਿਆਹ 'ਚ ਨਹੀਂ ਹੁੰਦੀ ਬਰਾਬਰੀ?"

"ਮੈਂ ਤਾਂ ਦੇਖੀ ਨਹੀਂ ਕਿਤੇ?"

"ਤੂੰ ਕਿਥੇ ਦੇਖਣੀ ਸੀ ਜਦ ਅਜੇ ਵਿਆਹ ਹੀ ਨਹੀਂ ਕਰਾਇਆਂ?"

"ਘਰ 'ਚ ਦੇਖਦੀ ਆ ਰਹੀ ਹਾਂ। ਮੰਮੀ ਨਾਲ ਤੇ ਤੁਹਾਡੇ ਨਾਲ ਜਿਹੜਾ ਸਲੂਕ ਹੁੰਦਾ ਸੀ, ਉਹਨੂੰ ਤੁਸੀਂ ਬਰਾਬਰ ਦੀ ਹਿੱਸੇਦਾਰੀ ਸਮਝ ਦੇ ਹੋ?"[1]

ਇਸੇ ਤਰ੍ਹਾਂ ਹੀ ਅਣੂ ਹੈ। ਉਹ ਵੀ ਸ਼ਰਾਬ ਪੀਂਦੀ ਹੈ ਸਿਗਰਟ ਪੀਂਦੀ ਹੈ ਤੇ ਮਰਦਾਂ ਨਾਲ ਸਬੰਧ ਬਣਾਉਂਦੀ ਹੋਈ ਆਪਣੀ ਜ਼ਿੰਦਗੀ ਨਰਕ ਬਣਾ ਲੈਂਦੀ ਹੈ।

ਜਿੱਥੇ ਅਣੂ ਅਤੇ ਨਵਜੋਤ ਆਪਣੀ ਸਰੀਰਕ ਭੁੱਖ ਨੂੰ ਮਿਟਾਉਣ ਲਈ ਅਤੇ ਆਪਣੀ ਆਜ਼ਾਦੀ ਦੀ ਦੁਰ ਵਰਤੋਂ ਕਰਨ ਲਈ ਵੱਖ ਵੱਖ ਮਰਦਾਂ ਨਾਲ ਰਹਿੰਦੀਆਂ ਹਨ ਪਰ ਨਕਸ਼ਦੀਪ ਪੰਜਕੋਹਾ ਦਾ ਨਾਵਲ ਗਿਰਵੀ ਹੋਏ ਮਨ ਦਾ ਸੰਸਾਰ

ਗਰੀਨ ਕਾਰਡ ਲੈਣ ਲਈ ਡੋਰਥੀ ਨਾਲ ਸਬੰਧ ਬਣਾਉਂਦਾ ਹੈ ਭਾਵੇਂ ਕਿ ਉਸ ਨੇ ਵੀ ਉਸ ਨੇ ਵੀ ਅਨੇਕਾਂ ਔਰਤਾਂ ਨਾਲ ਰਿਸ਼ਤਾ ਰੱਖਿਆ ਹੈ। ਉਹ ਡੋਰਥੀ ਨੂੰ ਆਪਣਾ ਮਕਸਦ ਪਹਿਲਾਂ ਹੀ ਦੱਸ ਦਿੰਦਾ ਹੈ।

ਡੋਰਥੀ ਦਾ ਹੱਥ ਫੜ ਕੇ ਸੰਸਾਰ ਨੇ ਆਖਿਆ, "ਵੇਖ ਡੋਰਥੀ, ਮੈਂ ਤਾਂ ਵਿਆਹ ਤੇਰੇ ਨਾਲ ਕਰਵਾਉਣਾ ਹੀ ਤਾਂ ਹੈ ਤਾਂਕਿ ਮੈਨੂੰ ਗਰੀਨ-ਕਾਰਡ ਮਿਲ ਜਾਵੇ ਤੇ ਤੇਰੀ ਮਾਂ ਸੱਚੀ ਹੈ।"[2]

ਉਸ ਸਮੇਂ ਉਸ ਨੂੰ ਸਿਰਫ਼ ਡੋਰਥੀ ਨਾਲ ਹੀ ਮਤਲਬ ਹੁੰਦਾ ਹੈ ਕਿ ਉਹ ਉਸ ਨੂੰ ਪੱਕਾ ਕਰਵਾ ਦੇਵੇ। ਕੁਝ ਸਮੇਂ ਬਾਅਦ ਡੋਰਥੀ ਸੰਸਾਰ ਨਾਲ ਪੱਕਾ ਵਿਆਹ ਕਰਵਾ ਲੈਂਦੀ ਹੈ ਤੇ ਉਸ ਨੂੰ ਪਤਾ ਕਿ ਸੰਸਾਰ ਨੂੰ ਉਸ ਨਾਲ ਸਿਰਫ਼ ਇੰਨਾ ਹੀ ਮਤਲਬ ਹੈ ਪਰ ਬਹੁਤ ਹੈਰਾਨ ਹੁੰਦੀ ਇਹ ਸੁਣ ਕਿ ਸੰਸਾਰ ਉਸ ਨੂੰ ਕਦੀ ਵੀ ਨਹੀਂ ਛੱਡੇ ਗਾ ਕਿਉਂਕਿ ਉਹ ਉਸ ਨੂੰ ਬਹੁਤ ਪਿਆਰ ਕਰਨ ਲੱਗਾ ਹੈ ਤੇ ਉਸ ਨਾਲ ਪੱਕਾ ਵਿਆਹ ਕਰਵਾ ਕਿ ਉਸ ਨਾਲ ਪੱਕੇ ਤੋਰ ਤੇ ਰਹਿਣਾ ਚਾਹੁੰਦਾ ਹੈ। ਡੋਰਥੀ ਵੀ ਇਸੇ ਪਲ ਦੀ ਉਡੀਕ ਵਿਚ ਹੈ ਕਿ ਸੰਸਾਰ ਉਸ ਨੂੰ ਕਹਿ ਦੇਵੇ ਕਿ ਉਹ ਉਸ ਬਿਨਾਂ ਨਹੀਂ ਰਹਿ ਸਕਦਾ। ਜਦੋਂ ਉਸ ਨੂੰ ਪੂਰਾ ਯਕੀਨ ਹੋ ਜਾਂਦਾ ਹੈ ਕਿ ਸੰਸਾਰ ਉਸ ਨਾਲ ਪੱਕੇ ਤੌਰ ਤੇ ਰਹਿਣਾ ਚਾਹੁੰਦਾ ਹੈ ਤਾਂ :-

ਡੋਰਥੀ, ਬੋਲੀ, "ਫੇਰ ਜਨਾਬ ਗਰੀਨ-ਕਾਰਡ ਦੀ ਖ਼ਾਤਰ ਵਿਆਹ ਕਰਵਾ ਕੇ ਪੱਕੇ ਤੌਰ ਤੇ ਹੀ ਮੇਰਾ ਬਣ ਗਿਆ ਤੂੰ।"

"ਡੋਰਥੀ, ਇਹ ਤਾਂ ਵਾਹ ਪਏ ਤੋਂ ਪਤਾ ਚੱਲਿਆ ਕਿ ਤੂੰ ਹੀਰਾ ਏਂ , ਨਹੀਂ ਤਾਂ ਜਿੰਨੀਆਂ ਵੀ ਮਿਲੀਆਂ, ਸਭ ਨਾਲ ਸੌਦੇ ਹੀ ਕਰਨੇ ਪਏ ਤਾਂ ਹੀ ਆਦਤ ਮੁਤਾਬਿਕ ਤੇਰੇ ਨਾਲ ਸੌਦਾ ਕੀਤਾ ਸੀ।"

ਬੜੇ ਫ਼ਖ਼ਰ ਨਾਲ ਡੋਰਥੀ ਨੇ ਕਿਹਾ, "ਫੇਰ ਤੇਰੇ ਦੋਸਤ ਕਹਿੰਦੇ ਹੋਣਗੇ ਕਿ ਤੈਨੂੰ ਪੱਕੇ ਜਾਲ ਚ ਫਸਾ ਲਿਆ ਮੈਂ" , ਤੇ ਉਹ ਹੱਸਣ ਲੱਗੀ।

ਉਸ ਦੇ ਨਾਲ ਹੱਸਦਿਆਂ ਉਸ ਨੇ ਕਿਹਾ, "ਤੇਰੀ ਸਿਫ਼ਤ ਤੇਰੇ ਸਾਹਮਣੇ ਕਰਦਾ ਮੈਂ ਚੰਗਾ ਨਹੀਂ ਲੱਗਦਾ, ਉਹ ਕੀ ਜਾਣਨ ਕਿ ਮੈਂ ਡੋਰਥੀ ਨੂੰ ਪਾ ਕੇ ਕੀ ਖੱਟ ਲਿਆ ਹੈ।"[3]

ਸੰਸਾਰ ਨੇ ਡੋਰਥੀ ਤੋਂ ਪਹਿਲਾਂ ਕਈ ਔਰਤਾਂ ਨਾਲ ਰਾਤ ਬਣਾਈ ਸੀ ਤੇ ਡੋਰਥੀ ਦਾ ਉਸ ਦੀ ਜ਼ਿੰਦਗੀ ਆਉਣ ਨਾਲ ਉਸ ਵਿਚ ਠਹਿਰਾਓ ਆ ਗਿਆ ਸੀ ਪਰ ਇਹ ਥੋੜ੍ਹੇ ਸਮੇਂ ਲਈ ਸੀ। ਪਹਿਲਾਂ ਹੋਰਨਾਂ ਔਰਤਾਂ ਨਾਲੋਂ ਟੁੱਟਣਾ, ਡੋਰਥੀ ਨਾਲ ਜੁੜਨਾ, ਉਸ ਨਾਲੋਂ ਟੁੱਟ ਕੇ ਹੋਰ ਔਰਤਾਂ ਕੋਲ ਜਾਣਾ ਤੇ ਅੰਤ ਵਿਚ ਵਿਆਹ। ਇਹ ਸਾਰੀ ਪ੍ਰਕਿਰਿਆ ਵਿਚ ਉਹ ਪਤਾ ਨਹੀਂ ਕਿੰਨੀਆਂ ਔਰਤਾਂ ਨਾਲ ਜੁੜਿਆਂ ਅਤੇ ਟੁੱਟਿਆਂ। ਇਸੇ ਤਰ੍ਹਾਂ ਹੀ ਡੋਰਥੀ ਵੀ।

ਸੰਸਾਰ ਰਸਤੇ 'ਤੇ ਘਰ ਪਹੁੰਚ ਕੇ ਵੀ ਡੋਰਥੀ ਬਾਰੇ ਸੋਚਦਾ ਰਿਹਾ। ਸੰਸਾਰ ਨੂੰ ਪਤਾ ਸੀ ਕਿ ਡੋਰਥੀ ਉਸ ਤੋਂ ਵੱਖ ਹੋਣ ਤੋਂ ਬਾਅਦ ਕਈ ਬੰਦਿਆਂ ਨਾਲ ਸੰਬੰਧ ਬਣਾ ਕੇ ਤੋੜ ਚੁੱਕੀ ਸੀ। ਉਹਨੂੰ ਹੁਣ ਇੰਝ ਲੱਗਣ ਲੱਗ ਗਿਆ ਪਿਆ ਸੀ ਕਿ ਸ਼ਾਇਦ ਡੋਰਥੀ ਦੀ ਸਾਰੀ ਜ਼ਿੰਦਗੀ ਏਸੇ ਤਰ੍ਹਾਂ ਹੀ ਲੰਘੇ। ਅਮਰੀਕਨਾਂ ਦੇ ਸੰਬੰਧ ਜ਼ਿਆਦਾਤਰ ਅਸਥਾਈ ਰਹਿੰਦੇ ਸਨ

ਤੇ ਡੋਰਥੀ ਦੀ ਹਾਲਤ ਵੇਖ ਕੇ ਉਸ ਨੂੰ ਹੋਰ ਵੀ ਯਕੀਨ ਹੋਣ ਲੱਗ ਪਿਆ ਸੀ। ਉਹ ਹੁਣ ਹੈਰਾਨ ਨਹੀਂ ਸੀ ਜੇ ਕਦੇ ਅਮਰੀਕਨ ਪੰਦਰਾਂ ਸਾਲ ਵਿਆਹੇ ਰਹਿਣ 'ਤੇ ਫੜਾਂ ਮਾਰਨ ਲਗ ਜਾਂਦੇ ਪੈਂਦੇ ਸਨ। ਉਹ ਖ਼ੁਦ ਇਨ੍ਹਾਂ ਬਾਰੇ ਆਖਦਾ, "ਇਨ੍ਹਾਂ ਲੋਕਾਂ ਦੇ ਤਾਂ ਇਹ ਸੁਭਾਅ 'ਚ ਰਚ ਗਿਆ ਹੈ-ਟੁੱਟਣਾ, ਜੋੜਨਾ ਤੇ ਫੇਰ ਟੁੱਟਣਾ।"[4]

ਇਸੇ ਤਰ੍ਹਾਂ ਨਵਜੋਤ ਵੀ ਜਾਹਨ ਕੀਥ ਨੂੰ ਛੱਡ ਕੇ ਤਲਵਿੰਦਰ ਨਾਲ ਆਪਣਾ ਰਿਸ਼ਤਾ ਜੋੜਦੀ ਹੈ ਤੇ ਉਸ ਨਾਲ ਪਾਰਟਨਰਸ਼ਿਪ ਵਿਚ ਰਹਿੰਦੀ ਹੈ ਉਸ ਨਾਲ ਵੀ ਉਹ ਖ਼ਰਚਾ ਵੰਡ ਲੈਂਦੀ ਹੈ ਤੇ ਪਰ ਜਦੋਂ ਤਲਵਿੰਦਰ ਪਹਿਲੀ ਵਾਰ ਉਸ ਦੇ ਘਰ ਆਇਆ ਤਾਂ ਉਸ ਨੇ ਸਾਰਾ ਖ਼ਰਚਾ ਆਪ ਹੀ ਕੀਤਾ ਤਲਵਿੰਦਰ ਦੇ ਕਹਿਣ ਦੇ ਬਾਵਜੂਦ ਵੀ।

"ਪੇਮੈਂਟ ਮੈਂ ਕਰਾਂਗਾ,ਨਵਜੋਤ।"

"ਨੋ।"

"ਕਿਉਂ ਨਹੀਂ?"

ਨਵਜੋਤ ਅੱਗੋਂ ਮੁਸਕਰਾ ਪਈ।

"ਚੱਲ, ਫੇਰ ਸ਼ੇਅਰ ਕਰ ਲੈਂਦੇ ਹਾਂ।"

"ਮੈਂ ਅਜੇ ਪੂਰੀ ਤਰ੍ਹਾਂ ਬਣੀ। ਜਦ ਬਣ ਗਈ, ਕਰ ਲਿਆ ਕਰਾਂਗੀ,"

ਨਵਜੋਤ ਫਿਰ ਮੁਸਕਰਾਈ।

"ਅਜੇ ਇੰਡੀਅਨ ਹੀ ਏਂ?"

"ਹਾਂ।"

"ਫੇਰ ਤੈਨੂੰ ਇੰਡੀਅਨ ਟਰੈਡੀਸ਼ਨਜ਼ ਅਡਾਪਟ ਕਰਨ 'ਚ ਇਤਰਾਜ਼ ਕਿਉਂ ਏਂ?" ਤਲਵਿੰਦਰ ਨੂੰ ਨਵਜੋਤ ਦੀ ਸਮਝ ਨਹੀਂ ਸੀ ਆ ਰਹੀ।[5]

ਪਹਿਲੀ ਮੁਲਾਕਾਤ ਵਿਚ ਹੀ ਉਹ ਬਿਸਤਰ ਤੱਕ ਪਹੁੰਚ ਗਏ ਸਨ। ਇਸ ਗੱਲ ਵਿਚ ਕਿਸੇ ਨੂੰ ਇਨਕਾਰ ਨਹੀਂ ਸੀ ਕੇ ਇਹ ਸਭ ਉਨ੍ਹਾਂ ਵਿਚ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਤਾਂ ਜਿਵੇਂ ਪਹਿਲਾਂ ਹੀ ਇਹ ਹੀ ਗੱਲ ਸੋਚੀ ਹੋਈ ਸੀ। ਭਾਵੇਂ ਕਿ ਤਲਵਿੰਦਰ ਨੇ ਉਸ ਨੂੰ ਭਰੋਸਾ ਦਵਾਇਆ ਸੀ ਕੀ ਉਹ ਅਜਿਹਾ ਕੁਝ ਨਹੀਂ ਕਰੇਂਗਾ ਜਿਸ ਨਾਲ ਉਸ ਦਾ ਭਰੋਸਾ ਟੁੱਟੇ। ਦੋਨੋਂ ਹੀ ਇਸ ਸਬੰਧ ਨੂੰ ਬਣਾਉਣ ਲਈ ਤਿਆਰ ਸਨ। ਨਵਜੋਤ ਨੇ ਇਕ ਵਾਰ ਵੀ ਉਸਨੂੰ ਨਹੀਂ ਰੋਕਿਆ ਸਗੋਂ ਉਹ ਤਾਂ ਆਪ ਉਸ ਨੂੰ ਉਕਸਾ ਰਹੀ ਸੀ ਕੀ ਕਦੋਂ ਤਲਵਿੰਦਰ ਆਪਣੀ ਬਣਾਈ ਹੋਈ ਸੀਮਾ ਪਾਰ ਕਰੇ।

ਨਵਜੋਤ ਉਡੀਕਦੀ ਰਹੀ। ਜਦ ਤਲਵਿੰਦਰ ਉਸ ਰੇਖਾ ਨੂੰ ਪਾਰ ਨਾ ਕਰ ਸਕਿਆ ਤਾਂ ਉਹ ਮੱਧ ਭਰੀ ਸ਼ਹਿਵਤ ਨਜ਼ਰ ਨਾਲ ਉਹਦੇ ਵਲ ਹੋਰ ਹੀ ਤਰ੍ਹਾਂ ਦੇਖਿਆ ਜਿਵੇਂ ਉਸ ਤਲਵਿੰਦਰ ਵਿਚਲੇ ਮਰਦ ਨੂੰ ਵੰਗਾਰਿਆ ਹੋਵੇ। ਤਲਵਿੰਦਰ ਉਹ ਵੰਗਾਰ ਬਰਦਾਸ਼ਤ ਨਾ ਕਰ ਸਕਿਆ। ਉਹਦੇ ਦਿਲ ਵਿਚ ਸੂੰ ਸੂੰ ਕਰਦੀ ਅੱਗ ਇਕਦਮ ਭੱਕ ਕਰ ਕੇ ਬਲ ਉੱਠੀ ਫਿਰ ਉਹਨੂੰ ਕੋਈ ਸਾਰ ਹੀ ਨਹੀਂ ਰਹੀ ਕਦ ਉਹ ਉਸ ਭਾਂਬੜ ਨਾਲ ਮੱਚਦਾ ਹੋਇਆ ਨਵਜੋਤ ਵਲ ਲੱਪਕਿਆ ਤੇ ਕਦ ਨਵਜੋਤ ਨਾਲ ਜਾ ਚਿੰਬੜਿਆ। ਨਵਜੋਤ ਵਲੋਂ ਵੀ ਉਹੀ ਅੱਗ ਜੀਭਾਂ ਕੱਢਦੀ ਤਲਵਿੰਦਰ ਵਲ ਉੱਲਰੀ। ਫਿਰ ਦੋਹਾਂ ਵਿਚੋਂ ਕਿਸੇ ਨੂੰ ਵੀ ਸੁਰਤ ਨਾ ਰਹੀ ਕਦ ਇਕ ਅੱਗ ਦੂਜੀ ਅੱਗ ਵਿਚ ਅਭੇਦ ਹੋ ਗਈ...[6]

ਅਣੂ ਤਾਂ ਸਾਰੀਆਂ ਹੀ ਸੀਮਾਵਾਂ ਨੂੰ ਟੱਪ ਹੀ ਨਹੀਂ ਸਗੋਂ ਤੋੜ ਚੁੱਕੀ ਸੀ ਉਸ ਦਾ ਕੋਈ ਪਤਾ ਨਹੀਂ ਸੀ ਕੀ ਉਸ ਦਾ ਆਉਣ ਵਾਲਾ ਸਮਾਂ ਕਿਸ ਤਰ੍ਹਾਂ ਦਾ ਹੋਵੇਗਾ ਤੇ ਉਹ ਆਪਣੇ ਆਪ ਨੂੰ ਇਸ ਦਲਦਲ ਵਿਚੋਂ ਕਿਸ ਤਰ੍ਹਾਂ ਬਾਹਰ ਕੱਢੇਗੀ। ਇਸ ਲਈ ਉਸ ਦੇ ਸੁਜਾਨ ਤੇ ਭਿੰਦਰ ਬਹੁਤ ਦੁਖੀ ਹੁੰਦੇ ਹਨ। ਅਣੂ ਵੀ ਆਪਣੇ ਘਰ ਦਿਆਂ ਨਾਲੋਂ ਟੁੱਟ ਕੇ ਆਪਣੇ ਦੋਸਤਾਂ ਨਾਲ ਜੁੜ ਜਾਂਦੀ ਹੈ। ਜਿਸ ਕਾਰਨ ਉਹ ਮਾੜੀ ਸੰਗਤ ਵਿਚ ਪੈ ਜਾਂਦੀ ਹੈ ਤੇ ਜਿਸ ਦਾ ਅਸਰ ਇਹ ਹੋਇਆ ਕਿ ਸ਼ਰਾਬ ਤੇ ਸਿਗਰਟ ਪੀਣ ਲੱਗ ਜਾਂਦੀ ਹੈ।

-ਸਵੇਰੇ ਅੱਠ ਵਜੇ ਜਦੋਂ ਉਹ ਬੂਹਾ ਖੋਲ੍ਹ ਕੇ ਅੰਦਰ ਆਈ ਤਾਂ ਉਹਦੀਆਂ ਅੱਖਾਂ ਲਾਲ ਸਨ। ਕੱਪੜਿਆਂ ਵਿਚ ਸਿਗਰਟਾਂ ਦੀ ਬੂ। ਤੇ ਵਾਲ ਕੱਟੇ ਹੋਏ।

- ਕਿੱਥੇ ਰਹੀ ਆਂ ਹਰਾਮਜ਼ਦੀਏ ਰਾਤ?.................

ਯੂ ਆਰ ਨੋਟ ਗੋਇੰਗ ਟੂ ਗੋ ਟੂ ਦਾ ਕਾਲਜ ਐਨੀ ਮੋਰ।- ਸੁਜਾਨ ਨੇ ਬੜੀ ਧੀਮੀ ਜ਼ੁਬਾਨ ਵਿਚ ਆਦੇਸ਼ ਜਾਰੀ ਕੀਤਾ।

-ਔਲਰਾਈਟ ਡੈਡ...... ਲੈਟ ਮੀ ਸਲੀਪ ਨਾਓ।- ਤੇ ਉਹਨੇ ਫੇਰ ਦਰਵਾਜ਼ਾ ਬੰਦ ਕਰ ਲਿਆ।[7]

ਉਸ ਨੂੰ ਲੱਗਦਾ ਹੈ ਕਿ ਉਸ ਦੀ ਘਰ ਦਿਆਂ ਨਾਲ ਦੂਰ ਹੀ ਉਸ ਦੀ ਅਸਲ ਆਜ਼ਾਦੀ ਹੈ। ਉਸਦੀ ਘਰਦਿਆਂ ਨਾਲ ਦੂਰੀ ਹੀ ਉਸ ਦੀ ਜ਼ਿੰਦਗੀ ਬਰਬਾਦ ਕਰਦੀ ਹੈ। ਉਹ ਅਣਗਿਣਤ ਕਾਲੀ ਅਤੇ ਗੋਰੀ ਨਸਲ ਦੇ ਮੁੰਡਿਆਂ ਨਾਲ ਸਬੰਧ ਬਣਾਉਂਦੀ ਹੈ। ਉਹ ਇਕ ਨੂੰ ਛੱਡ ਕੇ ਉਹ ਦੂਜੇ ਕੋਲ ਜਾਂਦੀ। ਉਹ ਗਰਭਵਤੀ ਵੀ ਹੁੰਦੀ ਹੈ। ਜਿਸ ਨਾਲ ਉਸ ਦੇ ਘਰਦਿਆਂ ਨੂੰ ਬਹੁਤ ਸ਼ਰਮਿੰਦਗੀ ਹੁੰਦੀ ਹੈ। ਉਸ ਦਾ ਗਰਭਪਾਤ ਵੀ ਕਰਾਇਆ ਜਾਂਦਾ ਹੈ। ਜ਼ਿੰਦਗੀ ਠੀਕ ਕਰਨ ਦਾ ਇਕ ਹੀ ਮੌਕਾ ਮਿਲਿਆ ਸੀ ਪਰ ਉਸ ਨੇ ਉਹ ਵੀ ਗਵਾ ਲਿਆ ਘਰੋਂ ਭੱਜ ਕੇ।

ਤੀਜੇ ਦਿਨ ਦੀਪੂ ਅਣੂ ਨੂੰ ਕਲੀਨਿਕ ਛੱਡ ਆਇਆ। ਨੌਂ ਵਜੇ। ਤੇ ਦੁਪਹਿਰ ਤੋਂ ਪਿੱਛੋਂ ਗਰਭਪਾਤ ਹੋਣ ਪਿੱਛੋਂ ਘਰ ਲੈ ਆਇਆ। ਭਿੰਦਰ ਲਾਇਬ੍ਰੇਰੀ ਗਈ ਹੋਈ ਸੀ। ਸੁਜਾਨ ਦੀ ਛੁੱਟੀ ਸੀ। ਅਣੂ ਕੋਲੋਂ ਠੀਕ ਤਰ੍ਹਾਂ ਤੁਰ ਵੀ ਨਹੀਂ ਸੀ ਹੋ ਰਿਹਾ। ਦੀਪੂ ਨੇ ਹੌਲੀ ਹੌਲੀ ਤੋਰ ਕੇ ਉਹਨੂੰ ਅੰਦਰ ਲਿਆਂਦਾ। ਉਹ ਸੋਫ਼ੇ ਤੇ ਬੈਠ ਗਈ।

-ਠੀਕ ਹੋ ਗਿਆ ਸਭ ਕੁਝ?- ਸੁਜਾਨ ਨੇ ਦੀਪੂ ਤੋਂ ਪੁੱਛਿਆ।

-ਹਾਂ ਜੀ।- ਉਹਨੇ ਦੱਸਿਆ ਤੇ ਫੇਰ ਪੌੜੀਆਂ ਚੜ੍ਹ ਗਿਆ।[8]

ਅਣੂ ਵਾਂਗ ਤਲਵਿੰਦਰ ਵੀ ਨਵਜੋਤ ਨੂੰ ਛੱਡ ਕੇ ਭੱਜ ਜਾਂਦਾ ਹੈ। ਇਸ ਗੱਲ ਨੂੰ ਮੰਨ ਕੇ ਕੀ ਸ਼ਾਇਦ ਨਵਜੋਤ ਦੇ ਹੋਣ ਵਾਲੇ ਬੱਚੇ ਦਾ ਪਿਤਾ ਉਹ ਨਹੀਂ ਹੈ। ਕਿਤੇ ਨਾ ਕਿਤੇ ਉਹ ਇਸ ਗੱਲ ਨੂੰ ਨਾ ਮੰਨਦਾ ਹੋਇਆ ਵੀ ਮੰਨ ਜਾਂਦਾ ਹੈ ਕਿ ਉਹ ਬੱਚਾ ਉਸ ਦਾ ਹੀ ਹੈ ਪਰ ਜਾਹਨ ਕੀਥ ਨਾਲ ਉਸ ਦੀ ਪੁਰਾਣੀ ਦੋਸਤੀ ਦੇ ਕਾਰਨ ਉਸ ਦੇ ਮਨ ਵਿਚ ਸ਼ੱਕ ਘਰ ਕਰ ਜਾਂਦਾ ਹੈ ਜਿਸ ਕਾਰਨ ਉਹ ਉਸ ਨਾਲ ਰਿਸ਼ਤਾ ਤੋੜ ਕੇ ਹੋਰ ਔਰਤਾਂ ਦੇ ਪਿੱਛੇ ਘੁੰਮਦਾ ਹੈ। ਪਰ ਉਸ ਦੇ ਘਰ ਦੇ ਉਸ ਦੇ ਵਿਆਹ ਦੀ ਗੱਲ ਕਰਦੇ ਹਨ ਤੇ ਉਹ ਨਵਜੋਤ ਨੂੰ ਭੁਲਾਉਣ ਲਈ ਵਿਆਹ ਲਈ ਮੰਨ ਜਾਂਦਾ ਹੈ ਤੇ ਰਿਸ਼ਤਾ ਪੱਕਾ ਕਰ ਲੈਂਦਾ ਹੈ। ਨਵਜੋਤ ਨੂੰ ਛੱਡ ਕੇ ਉਹ ਵਿਆਹ ਕਰਾਉਣ ਲਈ ਮੰਨ ਜਾਂਦਾ ਹੈ। ਜਿਵੇਂ:- ਉਸ ਦਾ ਪਿਤਾ ਉਸ ਨੂੰ ਕਹਿੰਦਾ ਹੈ ਕਿ ਕੁੜਮ ਵਿਆਹ ਲਈ ਕਾਹਲੇ ਹਨ ਤਾਂ ਉਹ ਕਹਿੰਦਾ ਹੈ ਕਿ ਸੋਚ ਕੇ ਦੱਸਦਾ ਹਾਂ ਤਾਂ ਉਸ ਦਾ ਪਿਤਾ ਕਹਿੰਦਾ ਹੈ ਕਿ:-

"ਇਹਦੇ ਵਿਚ ਸੋਚਣ ਵਾਲੀ ਕਿਹੜੀ ਗੱਲ ਏ ਜਦ ਤੂੰ ਇਕ ਵਾਰੀ ਹਾਂ ਕਰ ਦਿੱਤੀ? ਢਿੱਲ ਮੱਠ ਕਰਨੀ ਚੰਗੀ ਨਹੀਂ ਹੁੰਦੀ, ਕਾਕਾ। ਏਦਾਂ ਕੋਈ ਵਿਗਾੜ ਵੀ ਪੈ ਸਕਦਾ!" ਬਾਪ ਬੋਲਿਆ।

"ਚਲੋ ਰੱਖ ਲਓ," ਤਲਵਿੰਦਰ ਦੇ ਮੂੰਹੋਂ ਮਸ਼ੀਨ ਵਾਂਗ ਨਿਕਲ ਗਿਆ।

"ਕਦ ਦਾ ਰੱਖ ਲਈਏ ਫੇਰ?" ਪੁੱਤ ਦੀ ਹਾਂ ਸੁਣ ਕੇ ਬਾਪ ਫੁੱਲ ਵਾਂਗ ਖਿੜ ਗਿਆ।

"ਜਦ ਦਾ ਤੁਹਾਡਾ ਸੂਤ ਏ!" ਫਿਰ ਰਤਾ ਸੰਭਲ ਕੇ ਕਹਿਣ ਲਗਾ, "ਅਪ੍ਰੈਲ ਦੇ ਪਹਿਲੇ ਹਫ਼ਤੇ ਦਾ ਰੱਖ ਲਓ। ਓਦੋਂ ਹਫ਼ਤੇ ਦੀਆਂ ਮੈਨੂੰ ਛੁੱਟੀਆਂ ਨੇ।"

ਤਲਵਿੰਦਰ ਨੇ ਸੁੱਖ ਦਾ ਸਾਹ ਲਿਆ ਜਿਵੇਂ ਇਹ ਕਹਿਣ ਨਾਲ ਦਿਲ 'ਤੋਂ ਬਹੁਤ ਵੱਡਾ ਭਾਰ ਲਹਿ ਗਿਆ ਹੋਵੇ।[9]

ਇਸੇ ਤਰ੍ਹਾਂ ਨਵਜੋਤ ਵੀ ਤਲਵਿੰਦਰ ਨੂੰ ਛੱਡ ਕੇ ਫਿਰ ਤੋਂ ਜਾਹਨ ਕੀਥ ਕੋਲ ਆ ਜਾਂਦੀ ਹੈ। ਜਾਹਨ ਕੀਥ ਹਰ ਹਾਲ ਵਿਚ ਉਸ ਦੀ ਮਦਦ ਕਰਦਾ ਹੈ। ਉਹ ਇਹ ਜਾਣਦਾ ਹੋਇਆ ਵੀ ਅਪਣਾਉਂਦਾ ਹੈ ਉਹ ਜਾਹਨ ਕੀਥ ਦੇ ਬੱਚੇ ਨੂੰ ਜਨਮ ਦੇਣ ਵਾਲੀ ਹੈ। ਉਹ ਉਸ ਨੂੰ ਉਸ ਬੱਚੇ ਦੇ ਨਾਲ ਵੀ ਅਪਣਾਉਣ ਨੂੰ ਤਿਆਰ ਉਸ ਨੂੰ ਸਿਰਫ਼ ਨਵਜੋਤ ਨਾਲ ਮਤਲਬ ਹੈ। ਉਹ ਉਸ ਨੂੰ ਦਿਲੋਂ ਪਿਆਰ ਕਰਦਾ ਹੈ। ਤੇ ਹਮੇਸ਼ਾ ਉਸ ਦੇ ਨਾਲ ਰਹਿਣਾ ਚਾਹੁੰਦਾ ਸੀ।ਜਿਵੇਂ

"ਜਦ ਮੈਂ ਇਕ ਵਾਰੀ ਕਹਿ ਦਿੱਤਾ ਏ ਕਿ ਮੈਂ ਸਾਰੀ ਉਮਰ ਤੇਰਾ ਰਹਾਂਗਾ। ਮੈਨੂੰ ਸਮਝ ਨਹੀਂ ਆਉਂਦੀ! ਫੇਰ ਤੇਰੇ ਦਿਮਾਗ਼ 'ਚ ਇਹ ਗੱਲ ਕਿਸ ਤਰ੍ਹਾਂ ਆ ਗਈ!" ਜਾਹਨ ਕੀਥ ਨੇ ਨਵਜੋਤ ਵੱਲ ਮੂੰਹ ਮੋੜ ਕੇ ਕਿਹਾ।[10]

ਜਾਹਨ ਕੀਥ ਦੀ ਮੌਤ ਕਾਰਨ ਉਸ ਦਾ ਰਿਸ਼ਤਾ ਜਾਹਨ ਕੀਥ ਨਾਲ ਵੀ ਟੁੱਟ ਜਾਂਦਾ ਹੈ। ਉਹ ਇੰਨੀ ਬੇਬਸ ਹੋ ਜਾਂਦੀ ਹੈ ਕਿ ਉਸ ਨੂੰ ਜਾਹਨ ਕੀਥ ਦੀ ਲਾਸ਼ ਵੀ ਨਹੀਂ ਮਿਲਦੀ ਉਹ ਇਸ ਲਈ ਕਿਉਂਕਿ ਉਹ ਕਾਨੂੰਨੀ ਤੋਰ ਤੇ ਉਸ ਕੋਲ ਕੁਛ ਨਹੀਂ ਸੀ ਸਾਬਤ ਕਰਨ ਲਈ ਕੀ ਉਨ੍ਹਾਂ ਦਾ ਆਪਸ ਵਿਚ ਕੀ ਰਿਸ਼ਤਾ ਹੈ। ਉਸ ਦੇ ਘਰ ਦਿਆਂ ਨੇ ਜਾਹਨ ਕੀਥ ਦੀ ਲਾਸ਼ ਲੈ ਲਈ ਤੇ ਉਹ ਤੜਫ਼ ਦੀ ਹੀ ਰਹਿ ਗਈ ਕਿ ਉਹ ਉਸ ਦਾ ਅੰਤਿਮ ਸੰਸਕਾਰ ਕਰੇ।

"ਜਿੰਨਾ ਚਿਰ ਤੂੰ ਇਹ ਗੱਲ ਸਾਬਤ ਨਹੀਂ ਸਕਦੀ ਕੀ ਤੇਰੀ ਉਸ ਨਾਲ ਇੰਨਗੈਜਮੈਂਟ ਹੋ ਚੁੱਕੀ ਏ, ਅਸੀ ਮਿਸਟਰ ਕੀਥ ਦੀ ਬੌਡੀ ਰੀਲੀਜ਼ ਨਹੀਂ ਕਰ ਸਕਦੇ?" ਕਹਿ ਕੇ ਉਸ ਵੱਲ ਇੰਜ ਦੇਖਿਆ ਜਿਵੇਂ ਕਿਹਾ ਹੋਵੇ, ਜੇ ਤੂੰ ਇੰਗਲਿਸ਼ ਹੁੰਦੀ ਤਾਂ ਗੱਲ ਵਿਚਾਰੀ ਜਾ ਸਕਦੀ ਸੀ ਪਰ ਤੂੰ ਇੰਡੀਅਨ ਏਂ।[11]

ਇਸੇ ਤਰ੍ਹਾਂ ਤੇਜ਼ੀ ਤੇ ਜੱਸੀ ਹਨ ਜੋ ਘਰ ਦਿਆਂ ਨਾਲੋਂ ਟੁੱਟ ਕੇ ਉਹ ਦੋਨੋਂ ਮਰਦਾਂ ਦੇ ਹੱਥਾਂ ਦੀਆਂ ਕਠਪੁਤਲੀਆਂ ਬਣ ਗਈਆਂ ਹਨ। ਉਹ ਕਾਲ ਗਰਲ ਬਣ ਗਈਆਂ ਹਨ ਉਸ ਕਦੇ ਕਿਸੇ ਮਰਦ ਨਾਲ ਤੇ ਕਿਸੇ ਮਰਦ ਨਾਲ ਸਬੰਧ ਜੋੜਦੀਆਂ ਹਨ ਤੇ ਫਿਰ ਸਬੰਧ ਤੋੜ ਕੇ ਦੂਜੇ ਨਾਲ ਜੋੜ ਲੈਂਦੀਆਂ ਹਨ। ਤੇ ਉਹ ਕਾਲ ਗਰਲ ਬਣ ਜਾਂਦੀਆਂ ਹਨ ਤੇ ਹੋਰਨਾਂ ਕੁੜੀਆਂ ਨੂੰ ਵੀ ਇਸ ਕੰਮ ਲਈ ਵਰਤਦੀਆਂ ਹਨ।

ਅੱਜ ਕੱਲ੍ਹ ਉਨ੍ਹਾਂ ਨੇ ਪੈਡਿੰਗਟਨ ਏਰੀਏ ਵਿਚ ਬੇਜ਼-ਵਾਟਰ ਦੇ ਪਿਛਲੇ ਪਾਸੇ ਇਕ ਕਰਾਏ ਦਾ ਫਲੈਟ ਲਿਆ ਹੈ।

.......................................... ਤੇ ਹੁਣ ਉਨ੍ਹਾਂ ਦੀ ਆਪਣੀ ਏਜੰਸੀ ਬਣ ਗਈ ਹੈ।- ਜੈਸੀ "ਜ਼ ਐਸਕੌਰਟ ਗਰਲਜ਼-।

ਉਨ੍ਹਾਂ ਦੀ ਅਖ਼ਬਾਰ ਵਿਚ ਦਿੱਤੀ ਐਡ ਨੂੰ ਦੇਖ ਪੜ੍ਹ ਕੇ ਹੀ ਗਾਹਕ ਫ਼ੋਨ ਕਰਦਾ ਹੈ। ਤੇ ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਕਰਦੀਆਂ ਹਨ। ਜਿਵੇਂ:-

ਅਖ਼ਬਾਰ ਪੜ੍ਹ ਕੇ ਲੋੜਵੰਦ ਗਾਹਕ ਫ਼ੋਨ ਕਰਦਾ ਹੈ। ਤੇ ਉਹ ਉਹਦਾ ਨੰਬਰ ਲੈ ਲੈਂਦੀਆਂ ਹਨ। ਫੇਰ ਆਪਣੇ ਫਲੈਟ ਵਿਚ ਬੈਠੀ ਕੁੜੀ ਨੂੰ ਫ਼ੋਨ ਕਰਦੀਆਂ ਹਨ। ਕੁੜੀ ਗਾਹਕ ਨੂੰ ਫ਼ੋਨ ਕਰਕੇ ਪਤਾ ਨੋਟ ਕਰਦੀ ਹੈ ਤੇ ਤੁਰ ਪੈਂਦੀ ਹੈ।

... ਤੇ ਹੁਣੇ ਇਕ ਫ਼ੋਨ ਆਇਆ ਹੈ

-ਹੈਲੋ... ਐਸਕੌਰਟਸ।-ਉਹਨੇ ਫ਼ੋਨ ਚੁੱਕ ਕੇ ਕਿਹਾ।

-ਹੈਵ ਯੂ ਗੌਟ ਐਨੀ ਗਰਲਜ਼ ਅਵੇਲੇਬਲ?- ਗਾਹਕ ਪੁੱਛਦਾ ਹੈ।

-ਹਓ ਮੈਨੀ?[12]

ਸਭ ਕੁਝ ਹੋਣ ਦੇ ਬਾਵਜੂਦ ਨਵਜੋਤ ਤੇ ਅਣੂ ਅੰਤ ਵਿਚ ਇਕੱਲੀਆਂ ਹੀ ਰਹਿ ਜਾਂਦੀਆਂ ਹਨ। ਕੋਈ ਵੀ ਮਰਦ ਕੋਈ ਵੀ ਘਰ ਦਾ ਉਨ੍ਹਾਂ ਦੇ ਨਾਲ ਅੰਤ ਤੱਕ ਨਹੀਂ ਸਾਥ ਨਿਭਾਉਂਦਾ। ਇਸ ਦਾ ਕਾਰਨ ਸਿਰਫ਼ ਇਹ ਹੀ ਉਹ ਦੋਨੋਂ ਹੀ ਲੜਕੀਆਂ ਘਰਦਿਆਂ ਵੱਲੋਂ ਦਿੱਤੀ ਆਜ਼ਾਦੀ ਦੀ ਦਾ ਗ਼ਲਤ ਮਤਲਬ ਕੱਢਦੀਆਂ ਹਨ। ਘਰਦਿਆਂ ਵੱਲੋਂ ਦਿੱਤੀ ਖੁੱਲ ਹੀ ਉਨ੍ਹਾਂ ਦੀ ਜ਼ਿੰਦਗੀ ਪੂਰੀ ਤਰ੍ਹਾਂ ਖ਼ਰਾਬ ਕਰ ਦਿੰਦੇ ਹਨ। ਇਸ ਲਈ ਬੱਚਿਆਂ ਨੂੰ ਹਮੇਸ਼ਾ ਓਨੀ ਹੀ ਖੁੱਲ ਦੇਣੀ ਚਾਹੀਦੀ ਹੈ ਜਿਨ੍ਹਾਂ ਕਿ ਬੱਚਿਆਂ ਨੂੰ ਆਜ਼ਾਦੀ ਤਾਂ ਮਿਲੇ ਪਰ ਉਨ੍ਹਾਂ ਦੀ ਜ਼ਿੰਦਗੀ ਖ਼ਰਾਬ ਨਾ ਹੋਵੇ।

ਨਵੀਂ ਸਮਾਜਕ ਆਰਥਕ ਬਣਤਰ ਵਿਚ ਔਰਤ ਪ੍ਰਤੀ ਲੋੜੀਂਦੇ ਨਵੇਂ ਸਮਾਜਕ ਰਵੱਈਆ ਦੀ ਪੇਸ਼ਕਾਰੀ:- ਸਮਾਜ ਦੀ ਬੁਨਿਆਦ ਵਿਆਹ ਹੈ ਤੇ ਇਹ ਹੀ ਸਮਾਜ ਦੀ ਨੀਂਹ ਵੀ ਹੈ ਇਹ ਇਕ ਦੂਜੇ ਤੋਂ ਬਿਨਾਂ ਸਾਕਾਰ ਰੂਪ ਵਿਚ ਨਹੀਂ ਹੋ ਸਕਦੇ। ਪਰ ਇਸ ਨੀਂਹ ਦੇ ਟੁੱਟਣ ਦਾ ਕਾਰਨ ਔਰਤ ਦੀ ਆਜ਼ਾਦੀ ਹੈ। ਉਸ ਦਾ ਆਪਣੇ ਪੈਰਾਂ ਤੇ ਖੜ੍ਹਨਾ ਹੈ। ਜਿਸ ਕਾਰਨ ਔਰਤ-ਮਰਦ ਦੀ ਈਗੋ ਦੀ ਸ਼ਿਕਾਰ ਹੋ ਰਹੀ ਹੈ। ਤੇ ਇਸ ਨਾਲ ਉਹ ਆਪਣੇ ਪਤੀ ਤੇ ਪਿਤਾ ਦੇ ਕਹਿਣੇ ਤੋਂ ਬਾਹਰ ਹੋ ਜਾਂਦੀ ਹੈ ਤੇ ਜਿਸ ਕਾਰਨ ਵਿਆਹ ਬਾਹਰੇ ਸਬੰਧ ਹੋਂਦ ਵਿਚ ਆਉਂਦੇ ਹਨ। ਪੱਛਮ ਵਿਚ ਕਾਮ ਪ੍ਰਵਿਰਤੀ ਨੂੰ ਜ਼ਿਆਦਾ ਮਾੜਾ ਨਹੀਂ ਮੰਨਿਆਂ ਜਾਂਦਾ ਪਰ ਪੰਜਾਬੀ ਸਭਿਆਚਾਰ ਇਨ੍ਹਾਂ ਰਿਸ਼ਤਿਆਂ ਭਾਵ ਕਿ ਵਿਆਹ ਬਾਹਰੇ ਸਬੰਧਾਂ ਨੂੰ ਗ੍ਰਹਿਣ ਨਹੀਂ ਕੀਤਾ ਜਾਂਦਾ ਭਾਵ ਕਿ ਇਨ੍ਹਾਂ ਰਿਸ਼ਤਿਆਂ ਨੂੰ ਪ੍ਰਵਾਨਗੀ ਨਹੀਂ ਮਿਲਦੀ। ਇਨ੍ਹਾਂ ਕਾਰਨ ਹੀ ਮਨੁੱਖ ਦਾ ਸਬਰ ਸੰਤੋਖ ਖ਼ਤਮ ਹੋ ਗਿਆ ਹੈ। ਇਸ ਨਾਲ ਉਹ ਇਕ ਦੂਜੇ ਦੇ ਪ੍ਰਭਾਵ ਵਿਚ ਆਉਣ ਨਾਲੋਂ ਕਿਸੇ ਤੀਸਰੇ ਨਾਲ ਰਿਸ਼ਤਾ ਬਣਾਉਣਾ ਜ਼ਿਆਦਾ ਵਧੀਆਂ ਮੰਨਦੇ ਹਨ।

ਆਧੁਨਿਕ ਔਰਤ ਨਾਰੀਵਾਦ ਦੇ ਪ੍ਰਭਾਵ ਕਾਰਨ ਮਰਦ ਨੂੰ ਟੱਕਰ ਦਿੰਦੀ ਹੈ। ਅੱਜ ਦੇ ਸਮੇਂ ਵਿਚ ਔਰਤ ਕਿਸੇ ਦੇ ਅਧੀਨ ਨਹੀਂ ਰਹਿ ਸਕਦੀ। ਇਕੱਲੀ ਰਹਿਣਾ ਉਸ ਨੂੰ ਜ਼ਿਆਦਾ ਵਧੀਆਂ ਲੱਗਦਾ ਹੈ। ਪਰ ਉਹ ਬਰਦਾਸ਼ਤ ਨਹੀਂ ਕਰਦੀ ਕੇ ਉਸ ਤੇ ਕੋਈ ਰੋਹਬ ਪਾਵੇ ਜਾਂ ਉਸ ਨੂੰ ਪੈਰ ਦੀ ਜੁੱਤੀ ਸਮਝਦਾ ਹੋਇਆ ਦੂਜੀ ਧਿਰ ਨਾ ਮੰਨੇ। ਉਸ ਨੂੰ ਭਾਵ ਔਰਤ ਨੂੰ ਸਿਰਫ਼ ਮਰਦ ਦੇ ਸਾਥ ਦੀ ਲੋੜ ਇਸ ਕਰਕੇ ਹੈ ਕਿ ਉਸ ਨੇ ਸਰੀਰਕ ਭੁੱਖ ਮਿਟਾਉਣੀ ਹੁੰਦੀ ਹੈ। ਪਰ ਇਸ ਲਈ ਵੀ ਉਸ ਨੂੰ ਕੋਈ ਬੰਦਿਸ਼ ਨਹੀਂ ਰਹਿ ਗਈ ਕੇ ਉਸ ਨੇ ਇਹ ਸਬੰਧ ਆਪਣੇ ਹੀ ਪਤੀ ਨਾਲ ਹੀ ਬਣਾਉਣੇ ਹਨ।

ਸਮਾਜ ਵਿਚ ਔਰਤ ਨੂੰ ਮਰਦ ਦੇ ਬਰਾਬਰ ਦਾ ਸਥਾਨ ਮਿਲਣ ਕਾਰਨ ਉਹ ਮਰਦ ਦੇ ਅਧੀਨ ਨਹੀਂ ਰਹਿੰਦੀ। ਉਸ ਦਾ ਰੁਤਬਾ ਹੁਣ ਉਹ ਨਹੀਂ ਰਹਿ ਗਿਆ ਜੋ ਅੱਜ ਤੋਂ ਕਈ ਸਾਲ ਪਹਿਲਾਂ ਸੀ। ਅੱਜ ਲੜਕੀ ਵੀ ਲੜਕੇ ਦੇ ਬਰਾਬਰ ਪੜ੍ਹਦੀ ਹੈ ਜਿਵੇਂ ਕਿ ਨਵਜੋਤ, ਅਣੂ ਅਤੇ ਡੋਰਥੀ ਹਨ ਉਹ ਆਪਣੇ ਆਪਣੇ ਭਰਾਵਾਂ ਨਾਲੋਂ ਜ਼ਿਆਦਾ ਪੜ੍ਹੀਆਂ ਹਨ ਤੇ ਉਨ੍ਹਾਂ ਨਾਲੋਂ ਵਧੀਆਂ ਨੌਕਰੀ ਕਰਦੀਆਂ ਹਨ। ਜਿਵੇਂ ਕੇ ਨਵਜੋਤ ਦੇ ਘਰ ਦੇ ਉਸ ਕੋਲੋਂ ਕੋਈ ਵੀ ਕੰਮ ਨਹੀਂ ਕਰਾਉਂਦੇ ਕਿ ਉਹ ਪੜ੍ਹ ਹੀ ਹੈ।

ਇਸੇ ਤਰ੍ਹਾਂ ਹੀ ਅਣੂ ਵੀ ਆਪਣੀ ਮਰਜ਼ੀ ਦੀ ਪੜਾਈ ਕਰਦੀ ਹੈ ਤੇ ਆਪਣੇ ਭਰਾ ਦੇ ਬਰਾਬਰ ਪੜ੍ਹਾਈ ਕਰਦੀ ਹੈ ਭਾਵੇਂ ਕੇ ਉਹ ਨਹੀਂ ਪੜ੍ਹਦੀ ਹੈ ਆਪਣੀ ਆਜ਼ਾਦੀ ਗ਼ਲਤ ਵਰਤੋਂ ਕਰਦੀ ਹੈ ਪਰ ਉਸ ਦੇ ਘਰ ਦੇ ਉਸ ਨੂੰ ਸਭ ਮੌਕੇ ਬਰਾਬਰ ਦਿੰਦੇ ਹਨ। ਪਰ ਉਸ ਦੇ ਬੈਗ ਵਿਚ ਕਿਤਾਬਾਂ ਨਹੀਂ ਸਗੋਂ ਮੇਕਅਪ ਦਾ ਸਮਾਨ, ਅਸ਼ਲੀਲ ਫ਼ੋਟੋਆਂ ਵਾਲੇ ਮੈਗਜ਼ੀਨ, ਸਿਗਰਟਾਂ ਆਦਿ ਉਸ ਦੇ ਬੈਗ ਵਿਚ ਮਿਲਦਾ ਹੈ। ਜਿਸ ਤੋਂ ਉਸ ਦੀ ਮਾਂ ਬਹੁਤ ਹੀ ਪ੍ਰੇਸ਼ਾਨ ਹੋ ਜਾਂਦੀ ਹੈ। ਤੇ ਉਹ ਉਸ ਨੂੰ ਬਹੁਤ ਬੁਰਾ ਭਲਾ ਕਹਿੰਦੀ ਹੈ। ਜਿਵੇਂ:-

ਸਮਾਜ ਵਿਚ ਬਰਾਬਰ ਤਾਂ ਆਉਣ ਨਾਲ ਔਰਤ-ਮਰਦ ਦੀਆਂ ਲੋੜਾਂ ਇੱਕੋ ਜਿਹੀਆਂ ਹੋ ਗਈਆਂ ਹਨ। ਅੱਜ ਦੇ ਆਧੁਨਿਕ ਸਮੇਂ ਵਿਚ ਔਰਤ-ਮਰਦ ਇਕ ਦੂਜੇ ਨੂੰ ਪੂਰੀ ਤਰ੍ਹਾਂ ਸਮਝਦੇ ਹਨ। ਉਹ ਦੋਨੋਂ ਇਕ ਦੂਜੇ ਦੀਆਂ ਸਰੀਰਕ, ਆਰਥਕ ਅਤੇ ਮਾਨਸਿਕ ਲੋੜਾਂ ਦੀ ਪੂਰਤੀ ਕਰਦੇ ਹਨ। ਜਿਵੇਂ ਕਿ:- ਨਵਜੋਤ ਜਾਹਨ ਕੀਥ ਤੇ ਤਲਵਿੰਦਰ ਨਾਲ ਕਰਦੀ ਹੈ ਤੇ ਉਹ ਦੋਨੋਂ ਨਵਜੋਤ ਦੀਆਂ ਇੱਛਾਵਾਂ ਦੀ ਪੂਰਤੀ ਕਰਦੇ ਹਨ। ਨਵਜੋਤ ਜਾਹਨ ਕੀਥ ਨਾਲ ਸਬੰਧ ਬਣਾਉਂਦੀ ਹੈ ਤੇ ਫਿਰ ਤਲਵਿੰਦਰ ਨਾਲ ਜਿਵੇਂ ਕਿ

ਮਰਦ ਔਰਤ ਨੂੰ ਦੋ ਤਰ੍ਹਾਂ ਨਾਲ ਦਬਾਉਂਦਾ ਇਕ ਤਰ੍ਹਾਂ ਕਿ ਉਹ ਬਰਦਾਸ਼ਤ ਨਹੀਂ ਕਰ ਸਕਦਾ ਕੀ ਉਸ ਦੀ ਧੀ, ਭੈਣ, ਪਤਨੀ, ਬੇਟੀ ਦੇ ਕਿਸੇ ਦੂਸਰੇ ਮਰਦ ਨਾਲ ਸਬੰਧ ਹੋਣ। ਜਿਵੇਂ ਕਿ ਤਲਵਿੰਦਰ ਹੋਵੇ ਜਾਂ ਜਾਹਨ ਕੀਥ ਉਹ ਨਹੀਂ ਚਾਹੁੰਦੇ ਕਿ ਨਵਜੋਤ ਕਿਸੇ ਹੋਰ ਨਾਲ ਸਬੰਧ ਬਣਾਏ।

ਇਸ ਤੋਂ ਇਲਾਵਾ ਡੋਰਥੀ ਤੇ ਸੰਸਾਰ ਭਾਵੇਂ ਕਿ ਪਤਾ ਨਹੀਂ ਕਿੰਨੇ ਲੋਕਾਂ ਨਾਲ ਸੌਂ ਚੁੱਕੇ ਹਨ ਪਰ ਦੋਨੋਂ ਹੀ ਇਹ

ਚਾਹੁੰਦੇ ਹਨ ਕਿ ਵਿਆਹ ਤੋਂ ਬਾਅਦ ਉਹ ਇਕ ਦੂਜੇ ਨਾਲ ਇਮਾਨਦਾਰ ਰਹਿਣ। ਤੇ ਇਸ ਦੀ ਪਾਲਣਾ ਡੋਰਥੀ ਕਰਦੀ ਵੀ ਹੈ ਕਿਉਂਕਿ ਉਹ ਆਪਣੇ ਆਪ ਨੂੰ ਸਮਾਜ ਦਾ ਹਿੱਸਾ ਮੰਨਦੀ ਹੋਈ ਇਹ ਸਭ ਪਾਪ ਮੰਨਦੀ ਹੈ।

ਅੱਜ ਦੀ ਔਰਤ ਆਰਥਕ ਤੋਰ ਤੇ ਬਹੁਤ ਤੇ ਮਰਦ ਨਾਲੋਂ ਉੱਚੀ ਥਾਂ ਤੇ ਹੈ। ਤੇ ਉਹ ਮਰਦ ਦੀ 'ਮੈਂ' ਦੀ ਸ਼ਿਕਾਰ ਨਹੀਂ ਹੁੰਦੀ ਉਹ ਆਪਣਾ ਕਮਾਉਂਦੀ ਹੈ ਅਤੇ ਆਪਣੀ ਜ਼ਿੰਦਗੀ ਦੀ ਆਪ ਮਾਲਕਣ ਹੈ। ਉਹ ਆਪਣੀ ਕਮਾਈ ਨੂੰ ਜਿਵੇਂ ਚਾਹੇ ਵਰਤ ਸਕਦੀ ਹੈ। ਇਸੇ ਲਈ ਹੀ ਉਹ ਆਪਣੇ ਘਰਦਿਆਂ ਨੂੰ ਕੁਝ ਨਹੀਂ ਸਮਝਦੀਆਂ ਕਿਉਂਕਿ ਉਹ ਆਰਥਕ ਤੋਰ ਤੇ ਕਿਸੇ ਤੇ ਵੀ ਨਿਰਭਰ ਨਹੀਂ ਹਨ। ਨਵਜੋਤ ਦਾ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਅਤੇ ਆਜ਼ਾਦੀ ਨਾਲ ਜਿਉਂ ਦਾ ਕਾਰਨ ਹੀ ਇਹ ਹੈ ਕਿ ਉਹ ਆਰਥਕ ਤੋਰ ਤੇ ਕਿਸੇ ਘਰ ਦੇ ਜਾਂ ਕਿਸੇ ਹੋਰ ਤੇ ਨਿਰਭਰ ਨਹੀਂ ਹੈ। ਉਹ ਆਪਣਾ ਕਮਾਉਂਦੀ ਹੈ ਤੇ ਐਸ਼ ਕਰਦੀ ਹੈ।

ਡੋਰਥੀ ਤੇ ਅਣੂ ਵੀ ਇਸੇ ਲਈ ਸੰਸਾਰ ਅਤੇ ਹੋਰਨਾਂ ਮਰਦਾਂ ਨਾਲ ਬਗ਼ਾਵਤ ਕਰਦੀਆਂ ਹਨ ਕਿ ਉਹ ਆਪ ਕਮਾਉਂਦੀਆਂ ਹਨ ਤੇ ਆਪਣੀ ਜ਼ਿੰਦਗੀ ਦੀਆਂ ਆਪ ਖ਼ੁਦ ਮਾਲਕਣਾਂ ਹਨ।

ਪਰਵਾਸੀ ਪੰਜਾਬੀ ਨਾਵਲ ਵਿਚ ਉੱਭਰਦੇ ਰਿਸ਼ਤਿਆਂ ਦੇ ਨਵੀਨ ਝੁਕਾਅ

ਪਾਰਟਨਰਸ਼ਿਪ ਦੇ ਰੂਪ ਵਿਚ ਉੱਭਰਦੇ ਰਿਸ਼ਤੇ:- ਅੱਜ ਦੇ ਆਧੁਨਿਕ ਸਮੇਂ ਵਿਚ ਪਾਰਟਨਰਸ਼ਿਪ ਕਾਰਨ ਬਹੁਤ ਸਾਰੇ ਨਵੇਂ ਰਿਸ਼ਤੇ ਬਣੇ ਗਏ ਹਨ। ਅਤੇ ਪੁਰਾਣੇ ਰਿਸ਼ਤੇ ਖ਼ਤਮ ਹੋ ਗਏ ਹਨ। ਇਨ੍ਹਾਂ ਨਾਵਲਾਂ ਵਿਚ ਵੀ ਇਸ ਰਿਸ਼ਤੇ ਨੂੰ ਪੂਰੀ ਵਿਸਥਾਰ ਨਾਲ ਬਿਆਨ ਕੀਤਾ ਗਿਆ ਹੈ। ਨਵਜੋਤ, ਅਣੂ ਅਤੇ ਡੋਰਥੀ ਸਾਰੀਆਂ ਹੀ ਇਸ ਨਵੇਂ ਪੈਦਾ ਹੋ ਰਹੇ ਰਿਸ਼ਤਿਆਂ ਨੂੰ ਅਪਣਾ ਰਹੀਆਂ ਸਨ। ਨਵਜੋਤ ਪਹਿਲਾ ਜਾਹਨ ਕੀਥ ਅਤੇ ਫਿਰ ਤਲਵਿੰਦਰ ਨਾਲ ਰਹਿੰਦੀ ਹੈ ਤੇ ਉਹ ਵਿਆਹ ਕਰਾਉਣ ਤੋਂ ਤਾਂ ਇਨਕਾਰ ਕਰ ਹੀ ਦਿੰਦੀ ਹੈ ਪਰ ਪਹਿਲਾਂ ਤਲਵਿੰਦਰ ਨਾਲ ਦੋਸਤੀ ਕਰਦੀ ਹੈ ਤੇ ਉਸ ਨਾਲ ਰਹਿਣ ਲਈ ਮੰਨ ਜਾਂਦੀ ਹੈ। ਜਿਵੇਂ:-

"ਜੇ ਤੂੰ ਵਿਆਹ ਕਰਾਉਣਾ, ਨਾ ਸਹੀ। ਆਪਾਂ ਫਰੈਂਡਜ਼ ਤਾਂ ਰਹਿ ਸਕਦੇ ਹਾਂ?" ਤਲਵਿੰਦਰ ਦੀ ਲਾਲਸਾ ਬੋਲੀ।

"ਜ਼ਰੂਰ ਰਹਿ ਸਕਦੇ ਆਂ ਪਰ ਓਨਲੀ ਫਰੈਂਡਜ਼। ਹੈ ਮਨਜ਼ੂਰ?" ਨਵਜੋਤ ਨੇ ਤਲਵਿੰਦਰ ਵਲ ਭਰਪੂਰ ਮੁਸਕਾਨ ਦਾ ਛਿੱਟਾ ਮਾਰਿਆ।

"ਹਾਂ!" ਤਲਵਿੰਦਰ ਬੜੀ ਦੂਰ ਦੇਖ ਰਿਹਾ ਸੀ।

ਦੋਹਾਂ ਨੇ ਹੱਥ ਮਿਲਾਏ। ਆਪਣੇ ਆਪਣੇ ਦਫ਼ਤਰ ਦੇ ਟੈਲੀਫ਼ੋਨ ਨੰਬਰ ਦਿੱਤੇ ਲਏ ਤੇ ਉੱਠ ਕੇ ਸਿਟਿੰਗ-ਰੂਮ ਵਿਚ ਆ ਗਏ।[13]

ਇਸੇ ਤਰ੍ਹਾਂ ਅਣੂ ਕਦੀ ਕਿਸੇ ਕੋਲ ਤੇ ਕਦੀ ਕਿਸੇ ਕੋਲ ਜਾਂਦੀ ਹੈ ਰਹਿੰਦੀ ਹੈ ਤੇ ਆਪਣਾ ਆਪ ਤਬਾਹ ਕਰਦੀ ਹੈ।

ਡੋਰਥੀ ਪਹਿਲਾਂ ਕਿਸੇ ਕਿਸੇ ਟੋਮ ਨਾਮ ਦੇ ਮੁੰਡੇ ਨਾਲ ਰਹੀ ਉਸ ਤੋਂ ਬਾਅਦ ਉਹ ਸੰਸਾਰ ਨੂੰ ਮਿਲਦੀ ਹੈ ਤੇ ਉਸ ਨਾਲ ਵਿਆਹ ਵੀ ਕਰਾਉਂਦੀ ਹੈ ਪਰ ਉਸ ਦਾ ਤਲਾਕ ਹੋ ਜਾਂਦਾ ਹੈ ਤੇ ਫਿਰ ਤੋਂ ਭਟਕਣ ਲੱਗ ਜਾਂਦੀ ਹੈ। ਸੰਸਾਰ ਉਸ ਨੂੰ ਬਹੁਤ ਜ਼ੋਰ ਲਾਉਂਦਾ ਹੈ ਕਿ ਉਹ ਤਲਾਕ ਨਾ ਕਰੇ ਕਿਉਂਕਿ ਉਨ੍ਹਾਂ ਦੀ ਬੱਚੀ ਦੀ ਜ਼ਿੰਦਗੀ ਖ਼ਰਾਬ ਹੋ ਜਾਣੀ ਹੈ ਪਰ ਉਹ ਨਹੀਂ ਮੰਨਦੀ ਤੇ ਥਾਂ ਥਾਂ ਤੇ ਭਟਕਦੀ ਹੈ।

ਉਸ ਦੀ ਅਜਿਹੀ ਹਾਲਤ ਵਿਚ ਭਾਰਤ ਜਾਂ ਕੇ ਵਿਆਹ ਕਰਾ ਆਉਂਦਾ ਹੈ ਤੇ ਆਪਣੀ ਪਤਨੀ ਦੇ ਲਈ ਸਾਰੇ ਪੁਰਾਣੇ ਸਬੰਧ ਖ਼ਤਮ ਕਰ ਦਿੰਦਾ ਹੈ।

ਇਸੇ ਤਰ੍ਹਾਂ ਦੀ ਜੱਸੀ ਵੀ ਬਿੱਲ ਨਾਲ ਪਾਰਟਨਰਸ਼ਿਪ ਕਰਦੀ ਹੈ ਪਰ ਉਹ ਉਸ ਨੂੰ ਨਰਕ ਵਿਚ ਧੱਕ ਦਿੰਦਾ ਹੈ ਤੇ ਉਸ ਨੂੰ ਕਾਲ ਗਰਲ ਬਣਾ ਦਿੰਦਾ ਹੈ।

ਮਾਤਾ ਪਿਤਾ ਨਾਲ ਖੋਖਲੇ ਪਿਆਰ ਦਾ ਰਿਸ਼ਤਾ:- ਅੱਜ ਕੱਲ੍ਹ ਦੀ ਆਧੁਨਿਕ ਪੀੜ੍ਹੀ ਕੋਲ ਆਪਣੇ ਮਾਤਾ ਪਿਤਾ ਕੋਲ ਰਹਿਣ ਦਾ ਸਮਾਂ ਨਹੀਂ ਹੈ। ਉਹ ਉਨ੍ਹਾਂ ਲਈ ਪਿਆਰ ਦਾ ਦਿਖਾਵਾ ਕਰਦੇ ਹਨ। ਭਾਰਤੀ ਪਰੰਪਰਾ ਵਿਚ ਮਾਂ ਬਾਪ ਬੱਚੇ ਦੀ ਦੇਖ ਰੇਖ ਕਰਦੇ ਹਨ। ਪਰ ਪੱਛਮ ਵਿਚ ਮਾਂ ਬਾਪ ਆਪਣੇ ਬੱਚਿਆਂ ਦੀ ਦੇਖ ਭਾਲ ਨਹੀਂ ਕਰਦੇ। ਇੱਧਰੋਂ ਗਏ ਪਰਿਵਾਰ ਵੀ ਉੱਥੋਂ ਦੇ ਰੰਗ ਵਿਚ ਹੀ ਰੰਗ ਜਾਂਦੇ ਹਨ ਤੇ ਬੱਚੇ ਆਪਣੇ ਘਰਦਿਆਂ ਨਾਲ ਨਾ ਰਹਿ ਕੇ ਅਲੱਗ ਰਹਿੰਦੇ ਹਨ। ਨਵਜੋਤ ਵੀ ਆਪਣੇ ਘਰਦਿਆਂ ਨਾਲ ਨਾ ਰਹਿ ਕੇ ਇਕੱਲੀ ਹੋਰ ਸ਼ਹਿਰ ਵਿਚ ਤੇ ਕਿਸੇ ਨਾ ਕਿਸੇ ਮੁੰਡੇ ਨਾਲ ਰਹਿੰਦੀ ਹੈ ਤੇ ਆਪਣਾ ਖ਼ਰਚਾ ਆਪ ਕਰਦੀ ਹੈ। ਇਸੇ ਤਰ੍ਹਾਂ ਹੀ ਇਕ ਦਿਨ ਨਵਜੋਤ ਤਲਵਿੰਦਰ ਨੂੰ ਕਹਿੰਦੀ ਹੈ ਕਿ ਉਸ ਨੂੰ ਘਰਦਿਆਂ ਦੀ ਯਾਰ ਆਉਂਦੀ ਹੈ ਤਾਂ ਤਲਵਿੰਦਰ ਉਸ ਨੂੰ ਤਾਹਨਾ ਮਰਦਾ ਹੈ ਕਿ:-

"ਕੋਈ ਗੱਲ ਜ਼ਰੂਰ ਏ? ਜੇ ਨਹੀਂ ਦੱਸਣੀ ਤਾਂ ਮੈਨੂੰ ਕੰਮ ਤੋਂ ਸਿੱਧਾ ਤੇਰੇ ਕੋਲ ਆਉਣਾ ਪੈਣਾ ਏ।"

"ਐਸੀ ਕੋਈ ਗੱਲ ਨਹੀਂ। ਐਵੀਂ ਘਰਦਿਆਂ ਦੀ ਯਾਦ ਆ ਗਈ ਸੀ!" ਨਵਜੋਤ ਨੇ ਹਉਕਾ ਲਿਆ।

"ਏਦਾਂ ਅਚਾਨਕ ਯਾਦ ਆਉਣ ਦਾ ਕੀ ਕਾਰਨ ਏ?" ਤਲਵਿੰਦਰ ਦੀ ਬਾਣੀ ਵਿਚ ਚਿੰਤਾ ਨਾਲ ਡੱਬ ਖੜੱਬੀ ਸੀ।

"ਰਿਸ਼ਤੇ ਵੀ ਕਾਰਨਾਂ ਕਰ ਕੇ ਚੇਤੇ ਆਉਂਦੇ ਨੇ, ਤਲਵਿੰਦਰ? ਨਵਜੋਤ ਨੇ ਫਿਰ ਹਉਕਾ ਲਿਆ।[14]

ਚਾਹੇ ਉਹ ਜਾਹਨ ਕੀਥ ਨਾਲ ਰਹਿੰਦੀ ਹੈ ਤੇ ਚਾਹੇ ਤਲਵਿੰਦਰ ਨਾਲ। ਉਹ ਉਨ੍ਹਾਂ ਨਾਲ ਆਰਥਕ ਸਥਿਤੀ ਕਰਕੇ ਨਹੀਂ ਸਗੋਂ ਆਪਣੀ ਕਾਮ ਪੂਰਤੀ ਦੇ ਕਾਰਨ ਜੁੜਦੀ ਹੈ ਤੇ ਮਾਂ ਦੇ ਕਹਿਣ ਤੇ ਵੀ ਉਨ੍ਹਾਂ ਕੋਲ ਨਹੀਂ ਰਹਿੰਦੀ।

ਜਦ ਮਾਂ ਨੇ ਪੁੱਛਿਆ ਕਿ ਹੁਣ ਹਰ ਵੀਕ-ਐਂਡ ਤੇ ਘਰ ਕਾਹਤੋਂ ਨਹੀਂ ਆਉਂਦੀ ਤਾਂ ਮਲਕ ਦੇਣੀ ਕਹਿ ਦਿੱਤਾ, ਕੰਮ ਹੀ ਸਾਹ ਨਹੀਂ ਲੈਣ ਦਿੰਦਾ। ਕਿੱਦਾਂ ਆਵਾਂ, ਮੰਮ।"

"ਤੂੰ ਵੀਕ-ਐਂਡ ਤੇ ਬੀ ਕੰਮ ਤੇ ਜਾਂਦੀ ਆਂ?"

"ਵੀਕ ਐਂਡ ਤੇ ਤਾਂ ਨਹੀਂ ਜਾਂਦੀ।"

"ਫੇਰ ਟੈਮ ਕਾਹਤੋਂ ਨਹੀਂ ਲੱਗਦਾ?"

"ਘਰ ਆ ਕੇ ਕੰਮ ਕਰਨਾ ਪੈਂਦਾ।"

"ਘਰ ਕੀ ਕਰਦੀ ਆਂ?"

"ਸਾਰੇ ਵੀਕ ਦੀਆਂ ਸੀਟਾਂ ਘਰ ਬਣਾਉਣੀਆਂ ਪੈਂਦੀਆਂ, ਮੰਮ।" ਨਵਜੋਤ ਢਿੱਡ ਵਿਚ ਹੱਸੀ।[15]

ਡੋਰਥੀ ਵੀ ਆਪਣੇ ਮਾਤਾ ਪਿਤਾ ਨਾਲ ਨਹੀਂ ਸਗੋਂ ਉਨ੍ਹਾਂ ਤੋਂ ਦੂਰ ਕਦੀ ਟੋਮ ਤੇ ਸੰਸਾਰ ਤੇ ਕਦੀ ਕਿਸੇ ਨਾਲ ਰਹਿੰਦੀ ਹੈ। ਇਸੇ ਤਰ੍ਹਾਂ ਹੀ ਡੋਰਥੀ ਦਾ ਭਰਾ ਵੀ ਆਪਣੇ ਘਰਦਿਆਂ ਤੋਂ ਦੂਰ ਆਪਣੀ ਪਤਨੀ ਦੇ ਨਾਲ ਰਹਿੰਦਾ ਹੈ। ਉਹਨੂੰ ਵੀ ਆਪਣੇ ਮਾਂ ਪਿਓ ਦੀ ਕੋਈ ਪ੍ਰਵਾਹ ਨਹੀਂ ਹੈ। ਇਸੇ ਤਰ੍ਹਾਂ ਹੀ ਅਣੂ ਬਿਨਾਂ ਕਿਸੇ ਕਾਰਨ ਦੇ ਹੀ ਘਰੋਂ ਭੱਜ ਜਾਂਦੀ ਹੈ ਤੇ ਇਕੱਲੀ ਰਹਿੰਦੀ ਹੋਈ। ਵੱਖ ਵੱਖ ਮਰਦਾਂ ਦੇ ਸੰਪਰਕ ਵਿਚ ਆਉਂਦੀ ਹੈ ਤੇ ਘਰਦਿਆਂ ਦੇ ਲੈ ਕੇ ਜਾਣ ਦੇ ਬਾਵਜੂਦ ਵੀ ਉਹ ਘਰੋਂ ਭੱਜ ਜਾਂਦੀ ਹੈ।

**ਵਿਦੇਸ਼ ਵਿਚ ਬੱਚੇ ਦੇ ਬਾਲਗ ਹੋਣ ਤੇ ਘਰੋਂ ਬਾਹਰ ਕੱਢਣ ਦਾ ਰਿਵਾਜ**:- ਵਿਦੇਸ਼ ਵਿਚ ਮਾਤਾ ਪਿਤਾ ਆਪਣੇ ਬੱਚਿਆਂ ਦੀ ਦੇਖਭਾਲ ਉਦੋਂ ਤੱਕ ਹੀ ਕਰਦੇ ਹਨ ਜਦੋਂ ਤੱਕ ਉਹ ਨੌਕਰੀ ਕਰਨ ਨਾ ਲੱਗ ਜਾਣ ਪਰ ਭਾਰਤੀ ਸਭਿਅਤਾ ਦੇ ਅਨੁਸਾਰ ਬੱਚਿਆਂ ਨੂੰ ਸਾਰੀ ਉਮਰ ਆਪਣੇ ਨਾਲ ਰੱਖਦੇ ਹਨ। ਪਰ ਨਾਵਲ ਵਿਚ ਕਿਸੇ ਵੀ ਪਾਤਰ ਨੂੰ ਆਪਣੇ ਘਰਦਿਆਂ ਨਾਲ ਨਾ ਹੀ ਮੋਹ ਹੈ ਤੇ ਨਾ ਹੀ ਉਹ ਉਨ੍ਹਾਂ ਨਾਲ ਰਹਿ ਕੇ ਖ਼ੁਸ਼ ਹਨ।

**ਔਰਤ-ਮਰਦ ਦਾ ਵਿਆਹ ਨਿਭਣ ਦਾ ਪਹਿਲਾਂ ਹੀ ਸਮਾਂ ਨਿਸ਼ਚਿਤ ਕਰਨਾ**:- ਅੱਜ ਤੋਂ ਬਹੁਤ ਸਮਾਂ ਪਹਿਲਾਂ ਈਸ਼ਵਰ ਚੰਦਰ ਨੰਦਾ ਨੇ 'ਵਰ ਘਰ' ਇਕਾਂਗੀ ਲਿਖੀ ਸੀ ਜਿਸ ਵਿਚ ਉਸ ਨੇ ਉਸ ਦੀ ਮੁੱਖ ਪਾਤਰ ਲਿੱਲੀ ਦਾ ਵਿਆਹ ਉਸ ਤੋਂ ਬਹੁਤ ਵੱਡੀ ਉਮਰ ਦੇ ਆਦਮੀ ਨਾਲ ਹੋਣ ਬਾਰੇ ਉਸ ਨੇ ਦਿਖਾਇਆ ਸੀ ਇਸ ਤੋਂ ਵੀ ਬਹੁਤ ਵੱਡੀ ਗੱਲ ਉਸ ਨੇ ਇਹ ਦਿਖਾਈ ਸੀ ਕਿ ਉਹ ਵਰ ਇੰਗਲੈਂਡ ਤੋਂ ਤਾਂ ਆਇਆ ਹੀ ਸੀ ਤੇ ਉਸ ਨੇ ਇਹ ਸ਼ਰਤ ਰੱਖੀ ਸੀ ਕੀ ਉਹ ਪਹਿਲਾਂ ਇਕ ਸਾਲ ਲਈ ਹੀ ਵਿਆਹ ਕਰਾਵੇ ਗਾ ਅਗਰ ਉਸਦੀ ਉਸ ਨਾਲ ਨਿਭ ਜਾਵੇਗੀ ਤਾਂ ਉਹ ਸੋਚੇਗਾ ਕਿ ਉਸ ਨੇ ਉਸ ਨਾਲ ਹੋਰ ਸਮਾਂ ਰਹਿਣਾ ਹੈ ਜਾਂ ਨਹੀਂ ਇਸ ਗੱਲ ਨੇ ਪੂਰੀ ਤਰਥੱਲੀ ਮਚਾਈ ਸੀ ਕਿ ਉਸ ਨੇ ਅਜਿਹਾ ਕਿਉਂ ਕਿਹਾ ਹੈ ਉਸ ਦੀ ਕਹੀ ਹੋਈ ਗੱਲ ਅੱਜ ਪੂਰੀ ਹੋ ਰਹੀ ਹੈ। ਅੱਜ ਕੱਲ੍ਹ ਕਿਸੇ ਵੀ ਵਿਆਹ ਦੀ ਕੋਈ ਵੀ ਉਮਰ ਨਿਸ਼ਚਿਤ ਨਹੀਂ ਹੈ ਕੋਈ ਵੀ ਵਿਆਹ ਜ਼ਿਆਦਾ ਦੇਰ ਨਹੀਂ ਟਿਕਦਾ। ਜਿਵੇਂ ਕਿ ਡੋਰਥੀ ਦਾ ਵਿਆਹ ਬੱਚਾ ਹੋਣ ਤੋਂ ਬਾਅਦ ਵੀ ਟੁੱਟ ਜਾਂਦਾ ਹੈ।

---

[1] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-350
[2] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ ਨੰ.18
[3] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ-3
[4] ਨਕਸ਼ਦੀਪ ਪੰਜਕੋਹਾ, ਗਿਰਵੀ ਹੋਏ ਮਨ, ਪੰਨਾ ਨੰ.135
[5] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-171

[6] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-176
[7] ਸਵਰਨ ਚੰਦਨ, ਕੰਜਕਾਂ, ਪੰਨਾ-416
[8] ਸਵਰਨ ਚੰਦਨ, ਕੰਜਕਾਂ, ਪੰਨਾ ਨੰ.416
[9] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-325
[10] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-334
[11] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-383
[12] ਸਵਰਨ ਚੰਦਨ, ਸਿਰਜਣਾ ਤੇ ਸਿਮਰਨ, ਪੰਨਾ-46
[13] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-138
[14] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-248
[15] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-25

# ਅਧਿਆਇ- ਪੰਜਵਾਂ

# ਗਿਰਵੀ ਹੋਏ ਮਨ, ਕੰਜਕਾਂ ਅਤੇ ਪੈੜਾਂ ਦੇ ਆਰ ਪਾਰ

# ਨਾਵਲਾਂ ਦਾ ਮਨੋਵਿਗਿਆਨਕ ਅਧਿਐਨ

ਵੀਹਵੀਂ ਸਦੀ ਦੀਆਂ ਜਿੰਨਾ ਆਲੋਚਨਾਤਮਿਕ ਪ੍ਰਣਾਲੀਆਂ ਨੇ ਸਾਹਿਤ ਅਧਿਐਨ ਦੇ ਖੇਤਰ ਵਿਚ ਨਵੀਆਂ ਅੰਤਰ-ਦ੍ਰਿਸ਼ਟੀਆਂ ਖੋਲ੍ਹੀਆਂ, ਉਨ੍ਹਾਂ ਵਿਚ ਮਨੋਵਿਗਿਆਨਕ ਜਾਂ ਮਨੋਵਿਸ਼ਲੇਸ਼ਣਾਤਮਕ ਪ੍ਰਣਾਲੀ ਵੀ ਕਾਫ਼ੀ ਮਹੱਤਵਪੂਰਨ ਹੈ। ਕਲਾ ਅਤੇ ਸਾਹਿਤ ਅਧਿਐਨ ਦੇ ਪਰਿਪੇਖ ਵਿਚ ਮਨੋਵਿਸ਼ਲੇਸ਼ਨਵਾਦ ਤੋਂ ਭਾਵ ਸਾਹਿਤ ਅਧਿਐਨ ਦੀ ਉਸ ਵਿਧੀ ਤੋਂ ਹੈ ਜਿਸ ਦਾ ਆਧਾਰ ਫਰਾਇਡ, ਯੁੰਗ, ਐਡਲਰ ਅਤੇ ਇਹਨਾਂ ਤੋਂ ਮਗਰਲੇ ਵਿਦਵਾਨਾਂ ਦੀਆਂ ਮਨੁੱਖ, ਮਨ ਅਤੇ ਲਿੰਗ ਵਿੱਚੋਂ ਉਪਜੇ ਵਿਵਹਾਰ ਸੰਬੰਧੀ ਕੀਤੀਆਂ ਖੋਜਾਂ ਹਨ। ਸਾਹਿਤ ਅਧਿਐਨ ਦੀ ਇਸ ਵਿਧੀ ਵਿਚ ਲੇਖਕ ਦੀ ਮਾਨਸਿਕਤਾ ਅਤੇ ਪਾਤਰਾਂ ਦੀਆਂ ਪ੍ਰਸਥਿਤੀਆਂ ਵਿੱਚੋਂ ਉਨ੍ਹਾਂ ਦੇ ਵਿਵਹਾਰ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਹ ਅਧਿਐਨ ਪ੍ਰਣਾਲੀ ਤਾਂ ਆਲੋਚਕ ਦੇ ਮਨੋਵਿਗਿਆਨ ਨੂੰ ਵੀ ਅਧਿਐਨ ਦਾ ਵਿਸ਼ਾ ਬਣਾਉਂਦੀ ਹੈ। ਇਸ ਪ੍ਰਣਾਲੀ ਦਾ ਸੂਤਰਪਾਤ ਤਾਂ ਉੱਨ੍ਹੀਵੀਂ ਸਦੀ ਦੇ ਆਰੰਭ ਵਿਚ ਹੀ ਹੋ ਗਿਆ ਸੀ;1827 ਵਿਚ ਥਾਮਸ ਕਾਰਲਾਈਲ ਨੇ ਸਾਹਿਤ-ਆਲੋਚਨਾ ਦਾ ਬੁਨਿਆਦੀ ਕੰਮ ਲਿਖਤ ਵਿਚ ਕਿਸੇ ਲੇਖਕ ਦੀ ਵਿਸ਼ੇਸ਼ ਮਨੋਸਥਿਤੀ ਨੂੰ ਪਹਿਚਾਨਣਾ ਮੰਨਿਆ ਸੀ। 20ਵੀਂ ਸਦੀ ਵਿਚ ਇਹ ਪ੍ਰਣਾਲੀ ਕਾਫ਼ੀ ਮਜ਼ਬੂਤ ਹੋ ਜਾਂਦੀ ਹੈ।

ਮਨੋਵਿਸ਼ਲੇਸ਼ਣੀ ਅਧਿਐਨ ਵਿਧੀ ਦਾ ਆਧਾਰ ਮਨੋਵਿਗਿਆਨ ਹੈ। ਇਸ ਲਈ ਪਹਿਲਾਂ ਮਨੋਵਿਗਿਆਨ ਅਤੇ ਸਾਹਿਤ ਨੂੰ ਸਮਝਣ ਵਿਚ ਸਹਾਈ, ਇਸ ਦੇ ਸੰਕਲਪ ਦਾ ਅਧਿਐਨ ਕਰਨਾ ਜ਼ਰੂਰੀ ਹੈ।

ਮਨੋਵਿਗਿਆਨ, ਉਹ ਵਿਗਿਆਨ ਹੈ ਜੋ ਮਨੁੱਖੀ ਮਨ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਦੀ ਹੋਂਦ ਸਰੀਰ ਵਿਚ ਹੀ ਸੰਭਵ ਹੈ। ਇਸ ਲਈ ਇਸਦਾ ਅਧਿਐਨ ਖੇਤਰ ਮਨੁੱਖੀ ਸਰੀਰ ਅਤੇ ਮਨ ਨਾਲ ਹੈ। ਪਰ ਮਨੁੱਖੀ ਸਰੀਰ ਵਿਚ ਮਨ ਨਾਮ ਦਾ ਕੋਈ ਅੰਗ ਨਹੀਂ। ਮਨ ਤੋਂ ਭਾਵ ਮਾਨਸਿਕਤਾ ਹੈ। ਮਨੁੱਖੀ ਦਿਮਾਗ਼ ਦਾ ਕੋਈ ਹਿੱਸਾ ਸੁਚੇਤ, ਅਰਧ-ਸੁਚੇਤ ਜਾਂ ਅਵਚੇਤਨ ਜਦੋਂ ਕਿਸੇ ਵਿਸ਼ੇਸ਼ ਦਿਸ਼ਾ ਵੱਲ ਯਾਤਰਾ ਕਰਦਾ ਹੈ ਤਾਂ ਉਸ ਵਿੱਚੋਂ ਉਪਜੀਆਂ ਬਿਰਤੀਆਂ ਨੂੰ ਮਾਨਸਿਕਤਾ ਕਿਹਾ ਜਾਂਦਾ ਹੈ। ਮਨੋਵਿਗਿਆਨ, ਮਨੁੱਖ ਦੇ ਵਿਵਹਾਰ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਬਹੁਤ ਗੁੰਝਲਦਾਰ ਸ਼ੈਅ ਹੈ। ਗੁੰਝਲਦਾਰ ਮਨ ਗੁੰਝਲਦਾਰ ਵਿਵਹਾਰ ਦਾ ਕਾਰਨ ਬਣਦਾ ਹੈ। ਮਨੁੱਖੀ ਮਨ ਵਿਚ ਸਭ ਤੋਂ ਵੱਧ ਉਲਝਣਾਂ ਉਹ ਅਨੁਭਵ ਉਪਜਾਉਂਦੇ ਹਨ। ਜਿੰਨ੍ਹਾ ਨੂੰ ਦੂਜਿਆਂ ਨਾਲ ਸਾਂਝਾ ਕਰਨ ਤੋਂ ਸਭ ਤੋਂ ਵੱਧ ਝਿਜਕ ਹੁੰਦੀ ਹੈ।

ਮਨੋਵਿਗਿਆਨ ਅਤੇ ਮਨੋਵਿਸ਼ਲੇਸ਼ਣ ਦਾ ਮੋਢੀ ਸਿਗਮੰਡ ਫ਼ਰਾਇਡ ਹੈ। ਇਸ ਪਿੱਛੋਂ ਯੁੰਗ ਅਤੇ ਐਡਲਰ ਨੇ ਇਸ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ। ਫਰਾਇਡ ਅਨੁਸਾਰ ਮਨੁੱਖੀ ਸਰੀਰ ਵਾਂਗ ਮਨੁੱਖੀ ਮਨ ਵੀ ਰੋਗੀ ਹੋ ਜਾਂਦਾ ਹੈ। ਬਿਮਾਰ ਮਨ ਬਿਮਾਰ ਮਾਨਸਿਕਤਾ ਦੀ ਸਿਰਜਣਾ ਕਰਦਾ ਹੈ। ਮਨੁੱਖ ਦੀਆਂ ਖ਼ਾਹਿਸ਼ਾਂ ਅਤੇ ਬਾਹਰੀ ਸਮਾਜ ਦੇ ਵਿਚਕਾਰ ਵਿਰੋਧ ਹੈ। ਸਮਾਜ ਦੇ ਵਿਰੋਧ ਦੇ ਬਾਵਜੂਦ ਵੀ ਇਹ ਦੱਬੀਆਂ ਘੁੱਟੀਆਂ ਖ਼ਾਹਿਸ਼ਾਂ ਕਦੀ-ਕਦੀ ਜਦੋਂ ਪੂਰਤੀ ਲਈ ਸਿਰ ਚੁੱਕਦੀਆਂ ਹਨ ਤਾਂ ਮਾਨਸਿਕ ਤਣਾਅ ਜਾਂ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਇਹਨਾਂ ਉਲਝਣਾਂ ਨੂੰ ਸੁਲਝਾਉਣ ਲਈ ਫਰਾਇਡ ਨੇ ਜਿਹੜੀ ਵਿਧੀ ਅਪਣਾਈ, ਉਸ ਨੂੰ ਮਨੋਵਿਸ਼ਲੇਸ਼ਣੀ ਵਿਧੀ ਕਿਹਾ ਜਾਂਦਾ ਹੈ।

ਫ਼ਰਾਇਡ ਆਪਣੀ ਰਚਨਾ Introduction to Psychoanalysis ਵਿਚ ਲਿਖਦਾ ਹੈ-

"ਸਾਹਿਤ ਅਤੇ ਹੋਰ ਕਲਾਵਾਂ, ਸੁਪਨਿਆਂ ਅਤੇ ਪਾਗਲਪਣ ਦੇ ਲੱਛਣਾਂ ਵਾਂਗ ਉਨ੍ਹਾਂ ਇੱਛਾਵਾਂ ਦੀ ਕਲਪਨਾਤਮਿਕ ਸੰਤੁਸ਼ਟੀ ਨਾਲ ਸੰਬੰਧ ਰੱਖਦੀਆਂ ਹਨ ਜਿਹੜੀਆਂ ਕਿ ਨੈਤਿਕਤਾ ਉਚਿੱਤਤਾ ਦੇ ਪ੍ਰਵਾਨਿਤ ਪੈਮਾਨਿਆਂ ਦੁਆਰਾ ਅਣਵਾਂਛਿਤ ਅਤੇ ਅਪਵਿੱਤਰ ਮੰਨੀਆਂ ਜਾਂਦੀਆਂ ਹਨ।"

ਫ਼ਰਾਇਡ ਦੇ ਮਨੋਵਿਸ਼ਲੇਸ਼ਣ ਸੰਕਲਪ ਨੂੰ ਤਿੰਨ ਅਰਥਾਂ ਵਿਚ ਵਰਤਿਆ ਗਿਆ ਹੈ-

1. ਮਨੋਵਿਸ਼ਲੇਸ਼ਣ, ਮਾਨਸਿਕ ਰੋਗਾਂ ਦੇ ਇਲਾਜ ਦੀ ਇੱਕ ਵਿਧੀ ਹੈ।

2. ਮਨੋਵਿਸ਼ਲੇਸ਼ਣ, ਮਨੁੱਖੀ ਵਿਵਹਾਰ ਦਾ ਵਿਗਿਆਨ ਹੈ।

3. ਮਨੋਵਿਸ਼ਲੇਸ਼ਣ ਵਿਧੀ ਮਨੁੱਖੀ ਵਿਵਹਾਰ ਵਿਚ ਸਵੈ ਵਿਰੋਧੀ ਇੱਛਾਵਾਂ ਦੀ ਆਪਸੀ ਟੱਕਰ ਨੂੰ ਖ਼ਤਮ ਕਰਕੇ ਵਿਅਕਤੀ ਵਿਚ ਸੰਤੁਲਨ ਲਿਆਉਣ ਵਾਲੀ ਵਿਧੀ ਹੈ।

ਫ਼ਰਾਇਡ ਦਾ ਮਨੋਵਿਸ਼ਲੇਸ਼ਣਵਾਦੀ ਸਿਧਾਂਤ ਦੋ ਭਾਗਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਮਨੁੱਖ ਦੇ ਉਸ ਵਿਵਹਾਰ ਦਾ ਅਧਿਐਨ ਕੀਤਾ ਜਾਂਦਾ ਹੈ ਜੋ ਮੁੱਢਲੀਆਂ ਪ੍ਰਵਿਰਤੀਆਂ ਕਰਕੇ ਉਪਜਦਾ ਹੈ। ਦੂਸਰੇ ਭਾਗ ਵਿਚ ਮਾਨਸਿਕ ਪ੍ਰਕਿਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ।

ਪ੍ਰਵਿਰਤੀਆਂ ਉਹ ਸ਼ਕਤੀਆਂ ਹਨ ਜਿਹੜੀਆਂ ਮਨੁੱਖ ਨੂੰ ਕੁਝ ਕਰਨ ਲਈ ਬੇਬਸ ਕਰਦੀਆਂ ਹਨ। ਜਿਵੇਂ ਭੁੱਖ ਅਤੇ ਕਾਮ। ਮਨੋਵਿਗਿਆਨ ਦੇ ਖੇਤਰ ਵਿਚ ਕਾਮ ਨੂੰ ਬੜੇ ਵਿਸਤਰਿਤ ਅਰਥਾਂ ਵਿਚ ਵਰਤਿਆ ਜਾਂਦਾ ਹੈ। ਕਾਮ ਦਾ ਅਰਥ ਹਰ ਉਸ ਸਰੀਰਕ ਪ੍ਰਕ੍ਰਿਆ ਤੋਂ ਹੈ ਜਿਸ ਤੋਂ ਅਨੰਦ ਪੈਦਾ ਹੋਵੇ। ਮਨੁੱਖੀ ਵਿਵਹਾਰ ਵਿਚ ਉਪਜਣ ਵਾਲੇ ਦੁੱਖ, ਸੁੱਖ, ਅਸ਼ਾਂਤੀ ਜਾਂ ਬੇਚੈਨੀ ਆਦਿ ਦਾ ਆਧਾਰ ਇਹੋ ਪ੍ਰਵਿਰਤੀ ਹੈ। ਦੂਸਰੀ ਕਿਸਮ ਦੀਆਂ ਪ੍ਰਵਿਰਤੀਆਂ ਆਕਰਮਣਕਾਰੀ ਹਨ। ਆਤਮਘਾਤ, ਕਿਸੇ ਨੂੰ ਨੁਕਸਾਨ ਪਹੁੰਚਾਉਣਾ ਜਾਂ ਜਾਨੋਂ ਮਾਰਨ ਦੀ ਇੱਛਾ ਰੱਖਣਾ ਹਮਲਾਵਰ ਪ੍ਰਵਿਰਤੀ ਹੈ।

ਕਾਮ ਨਾਲ ਸੰਬੰਧਿਤ ਪ੍ਰਵਿਰਤੀ ਦਾ ਬਹੁਤ ਮਹੱਤਵ ਹੈ। ਮਨੁੱਖੀ ਵਿਵਹਾਰ ਵਿੱਚ ਉਪਜਣ ਵਾਲੇ ਦੁੱਖ, ਸੁੱਖ, ਅਸ਼ਾਂਤੀ ਜਾਂ ਸ਼ਾਂਤੀ ਆਦਿ ਦਾ ਆਧਾਰ ਇਹੋ ਪ੍ਰਵਿਰਤੀ ਹੈ।

ਫ਼ਰਾਇਡ ਅਨੁਸਾਰ ---ਮਨੁੱਖੀ ਵਿਵਹਾਰ ਨੂੰ ਸਮਝਣ ਲਈ ਉਸ ਦੇ ਮਨ ਨੂੰ ਸਮਝਣਾ ਅਤਿ ਜ਼ਰੂਰੀ ਹੈ। ਫ਼ਰਾਇਡ ਨੇ ਮਨੁੱਖੀ ਮਨ ਨੂੰ ਤਿੰਨ ਭਾਗਾਂ ਵਿਚ ਵੰਡਿਆਂ ਹੈ-

1 ਸੁਚੇਤ----ਮਨ ਦੀ ਜਾਗਰਿਤ ਅਵਸਥਾ ਹੈ।

2 ਅਵਚੇਤਨ ਜਾਂ ਅਚੇਤ ----- ਮਨ ਦਾ ਅਰਥ ਉਨ੍ਹਾਂ ਅਨੁਭਵਾਂ ਤੋਂ ਹੈ ਜਿੰਨਾ ਨੂੰ ਯਾਦ ਕਰਨਾ ਸੌਖਾ ਨਹੀਂ ਹੁੰਦਾ।

3 ਅਰਧ-ਸੁਚੇਤ-ਮਨ ਦੀ ਉਹ ਅਵਸਥਾ ਹੈ ਜਿਸ ਵਿਚ ਅਨੁਭਵਾਂ ਨੂੰ ਯਤਨ ਕਰਕੇ ਚੇਤੇ ਕੀਤਾ ਜਾ ਸਕਦਾ ਹੈ ਪਰ ਇਸ ਸੰਬੰਧੀ ਮਨੁੱਖ ਪਹਿਲਾਂ ਸੁਚੇਤ ਨਹੀਂ ਹੁੰਦਾ।

ਫ਼ਰਾਇਡ ਨੇ ਮਨੁੱਖੀ ਮਨ ਦੇ ਮਾਡਲ ਨੂੰ ਤਿੰਨ ਤਰਾਂ ਦੇ ਪ੍ਰਯੋਜਨਾਂ ਵਿਚ ਵਿਭਾਜਿਤ ਕੀਤਾ। ਭਾਵ ਮਨੁੱਖੀ ਮਨ ਦੀਆਂ ਪ੍ਰਕਿਰਿਆਵਾਂ ਨੂੰ ਵੀ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਤੋਂ ਤਿੰਨ ਭਾਗਾਂ ਵਿਚ ਵੰਡਿਆਂ ਗਿਆ ਹੈ-

1.ਇਡ-Id- ਜੋ ਲਿੰਗਕ ਅਤੇ ਹੋਰ ਇੱਛਾਵਾਂ ਦਾ ਭੰਡਾਰ ਹੈ।

2. ਉਚੇਰੀ ਅਵਸਥਾ -Superego ਜੋ ਨੈਤਿਕਤਾ ਅਤੇ ਉਚਿੱਤਤਾ ਦੇ ਪੈਮਾਨਿਆਂ ਨੂੰ ਧਾਰਨ ਕਰਦੀ ਹੈ।

3. ਹਉਮੈ EGO-ਜੋ ਇਡ ਦੀਆਂ ਅਤ੍ਰਿਪਤ ਇੱਛਾਵਾਂ ਅਤੇ ਉਚੇਰੀ ਹਉਮੈ ਦੀ ਕੱਟੜ ਸੈਂਸਰਸ਼ਿਪ ਵਿਚ ਟਕਰਾਉ ਦੀ ਸੰਭਾਵਨਾ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਰਹਿੰਦੀ ਹੈ।

**ਫ਼ਰਾਇਡ ਤੋਂ ਬਾਅਦ ਉਸ ਦੇ ਉੱਤਰਾਧਿਕਾਰੀਆਂ ਨੇ ਮਨੋਵਿਗਿਆਨਕ ਆਲੋਚਨਾ ਪ੍ਰਣਾਲੀ ਵਿਚ ਹੋਰ ਨਵੇਂ ਧਰਾਤਲ ਪੇਸ਼ ਕੀਤੇ। ਜਿਸ ਵਿੱਚੋਂ ਯੁੰਗ Carl G. Jung** ਦਾ ਨਾਮ ਲਿਆ ਜਾ ਸਕਦਾ ਹੈ। ਪਰੰਤੂ ਯੁੰਗ ਵਿਅਕਤੀਗਤ ਅਵਚੇਤਨ ਦੀ ਬਜਾਇ ਸਮੂਹਿਕ ਅਵਚੇਤਨ Collective Unconsciousness ਉੱਪਰ ਬਲ ਦਿੰਦਾ ਹੈ। ਉਹ ਫ਼ਰਾਇਡ ਵਾਂਗ ਕਲਾ ਨੂੰ 'ਲਿੰਗਕ-ਇੱਛਾ-ਤ੍ਰਿਪਤੀ' ਨਹੀਂ ਮੰਨਦਾ ਜੋ ਕਿ ਇਕ ਮਾਨਸਿਕ ਰੋਗੀ ਦੀਆਂ ਕਲਪਨਾਵਾਂ ਦੇ ਸਮਾਨੰਤਰ ਹੁੰਦੀ ਹੈ। ਉਸ ਅਨੁਸਾਰ ਇਕ ਲੇਖਕ ਕਿਸੇ ਜਾਤੀ ਦੀ ਸਿਮ੍ਰਿਤੀ ਵਿਚ ਦੱਬੇ ਹੋਏ ਆਦਿ-ਰੂਪ ਬਿੰਬਾਂ (ਆਰਕਿਟਾਈਪਸ) ਨੂੰ ਆਪਣੇ ਪਾਠਕਾਂ ਦੇ ਸਨਮੁੱਖ ਪੇਸ਼ ਕਰਦਾ ਹੈ ਅਤੇ ਇਸ ਤਰਾਂ ਉਹ ਵਿਅਕਤੀ ਦੇ ਸਵੈ-ਸੰਗਠਨ ਅਤੇ ਮਾਨਵ ਜਾਤੀ ਦੀ ਮਾਨਸਿਕ ਅਤੇ ਜਜ਼ਬਾਤਾਂ ਨਾਲ ਸੰਬੰਧਿਤ ਪੱਖਾਂ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਂਦਾ ਹੈ।

ਮਨੋਵਿਗਿਆਨਕ ਆਲੋਚਨਾ ਦੇ ਸੰਬੰਧ ਵਿਚ ਇਕ ਹੋਰ ਮਹੱਤਵਪੂਰਨ ਚਿੰਤਕ ਜੈਕ ਲਾਕਾਂ ਹੈ। ਉਸ ਨੇ ਭਾਸ਼ਾ ਵਿਗਿਆਨੀ ਸੌਸਿਉਰ ਦੇ ਸਿਧਾਂਤਾਂ ਨੂੰ ਫ਼ਰਾਇਡ ਦੇ ਮਨੋਵਿਸ਼ਲੇਸ਼ਣ ਸੰਕਲਪਾਂ ਨਾਲ ਜੋੜ ਕੇ ਉਸ ਨੇ ਸਿਗਨੀਫ਼ੀਕੇਸ਼ਨ ਦੀ ਪ੍ਰਕ੍ਰਿਆ ਉੱਪਰ ਲਾਗੂ ਕੀਤਾ। ਲਾਕਾਂ ਦਾ ਇਹ ਸੂਤਰ ਬੜਾ ਪ੍ਰਸਿੱਧ ਹੋਇਆ ਕਿ ਅਵਚੇਤਨ ਦੀ ਸੰਰਚਨਾ ਭਾਸ਼ਾ ਵਾਂਗ ਹੁੰਦੀ ਹੈ। ਜਿਵੇਂ ਬੱਚੇ ਦੀ ਪੂਰਵ ਭਾਸ਼ਾਈ ਸਟੇਜ ਨੂੰ 'ਕਲਪਨਾਤਮਿਕ' ਅਤੇ ਉੱਪਰ ਭਾਸ਼ਾਈ ਸਟੇਜ ਨੂੰ 'ਪ੍ਰਤੀਕਾਤਮਿਕ' ਕਹਿਣਾ ਚਾਹੀਦਾ ਹੈ। 'ਕਲਪਨਾਤਮਿਕ' ਸਟੇਜ ਤੇ ਆਪਣੇ ਅਤੇ ਦੂਸਰੇ ਦੇ ਦਰਮਿਆਨ ਬੱਚਾ ਕੋਈ ਨਿਖੇੜਾ ਨਹੀਂ ਕਰ ਸਕਦਾ। ਪਰ ਜਦੋਂ ਉਹ 'ਪ੍ਰਤੀਕਾਤਮਿਕ' ਸਟੇਜ ਤੇ ਪਹੁੰਚ ਜਾਂਦਾ ਹੈ ਤਾਂ ਉਹ ਭਾਸ਼ਾਈ ਵਿਰੋਧਾਂ ਵਿਚ ਮਿਲੇ ਸਿਸਟਮ ਨੂੰ ਸਮਝ ਕੇ ਪੁਲਿੰਗ/ਇਸਤ੍ਰੀਲਿੰਗ, ਪਿਤਾ/ਪੁੱਤਰ ਅਤੇ ਮਾਂ /ਧੀ ਦੇ ਵਿਰੋਧ ਨੂੰ ਸਮਝਣ ਲੱਗ ਪੈਂਦਾ ਹੈ। ਲਾਕਾਂ ਅਨੁਸਾਰ ਇਸ ਭਾਸ਼ਾਈ ਖੇਤਰ ਵਿਚ ਪਿਤਾ ਦਾ ਕਨੂੰਨ ਸਰਵ-ਉੱਚ ਹੈ ਕਿਉਂਕਿ ਇਸ ਵਿਚ 'ਲਿੰਗ' ਸਭ ਤੋਂ ਪ੍ਰਮੁੱਖ ਚਿਹਨਕ ਹੈ। ਇਹੀ ਹੋਰ ਸਾਰੇ ਚਿਹਨਕਾਂ ਨੂੰ ਅਰਥ ਪ੍ਰਦਾਨ ਕਰਦਾ ਹੈ।

ਲਾਕਾਂ ਚਿਹਨਕ ਨਾਲੋਂ ਚਿਹਨਤ ਤੇ ਬਲ ਦਿੰਦਾ ਹੈ। ਕੋਈ ਵੀ ਮਨੋਵਿਗਿਆਨਕ ਛਾਪ ਹੁੰਦੀ ਹੈ ਤਾਂ ਹੀ ਚਿਹਨਕ ਹੋਂਦ ਵਿਚ ਆਉਂਦਾ ਹੈ। ਲਾਕਾਂ ਦਾ ਇਹ ਕਹਿਣਾ ਕਿ ਅਵਚੇਤਨ ਭਾਸ਼ਾ ਦੇ ਸਮਾਨ ਸੰਰਚਿਤ ਹੈ, ਭਾਵ ਕਿ ਜੇ ਅਵਚੇਤਨ ਭਾਸ਼ਾ ਦੇ ਸਮਾਨ ਪੜ੍ਹਿਆਂ ਜਾ ਸਕਦਾ ਹੈ ਸਾਹਿਤ ਨੂੰ ਵੀ ਅਵਚੇਤਨ ਵਾਂਗ ਪੜ੍ਹਿਆ ਜਾਂ ਸਕਦਾ ਹੈ। ਦੂਸਰੇ ਸ਼ਬਦਾਂ ਵਿਚ ਭਾਸ਼ਾਈ ਸੰਕੇਤ ਕਿਉਂਕਿ ਕਿਸੇ ਨਾ ਕਿਸੇ 'ਘਾਟ' ਅਥਵਾ ਗੈਰ ਹਾਜ਼ਰੀ ਦਾ ਲਖਾਇਕ ਹੈ, ਸਾਹਿਤ ਮਨੋਵਿਸ਼ਲੇਸ਼ਣ ਦਾ ਅਵਚੇਤਨ ਹੈ: 'Literature is the unconscious of psychoanalysis'.

ਲਾਕਾਂ ਦਾ ਸਭ ਤੋਂ ਵੱਡਾ ਕਾਰਨਾਮਾ ਇਹ ਹੈ ਕਿ ਫ਼ਰਾਇਡ ਹੀ ਨੂੰ ਹੀ ਆਧਾਰ ਬਣਾ ਕੇ ਉਸ ਨੇ ਫ਼ਰਾਇਡਵਾਦ ਨੂੰ ਬਦਲ ਦਿੱਤਾ ਅਤੇ ਉਸਦੀ ਨਵੀਂ ਸਾਰਥਿਕਤਾ ਤੇ ਬਲ ਦਿੱਤਾ ਕਿ ਮਨੁੱਖ ਕੋਈ ਖ਼ੁਦ ਮੁਖਤਾਰ ਹੋਂਦ ਨਹੀਂ, ਸਗੋਂ ਇੱਕ ਪ੍ਰਕਿਰਿਆ ਹੈ, ਹਰੇਕ ਪਲ ਨਿਰਮਾਣ ਅਧੀਨ, ਅੰਤਰ ਵਿਰੋਧ ਉੱਤੇ ਆਧਾਰਿਤ ਤੇ ਪਰਿਵਰਤਨ ਮੁਖੀ।

ਮਨੋਵਿਗਿਆਨਕ ਆਲੋਚਨਾ ਦੇ ਕਈ ਧਰਾਤਲ ਹੁੰਦੇ ਹਨ। ਪਹਿਲਾਂ ਤਾਂ ਇਹ ਕਿ ਸਾਹਿਤ ਦੀ ਸਿਰਜਣਾ ਕਰਨ ਵਾਲੇ ਲੇਖਕ ਆਪਣੇ ਪਾਤਰਾਂ ਦੀਆਂ ਕ੍ਰਿਆਵਾਂ-ਪ੍ਰਤੀਕ੍ਰਿਆਵਾਂ ਨੂੰ ਮਨੋਵਿਗਿਆਨਕ ਵਿਧੀ ਦੁਆਰਾ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ। ਆਲੋਚਕਾਂ ਨੇ ਇਸ ਵਿਧੀ ਦੀ ਵਿਆਖਿਆ ਕਰਨੀ ਹੁੰਦੀ ਹੈ। ਦੂਜਾ ਧਰਾਤਲ ਸਿਰਜਨਾਤਮਕ ਲੇਖਕਾਂ ਦੇ ਆਪਣੇ ਮਨ ਨਾਲ ਸੰਬੰਧਿਤ ਰੱਖਦਾ ਹੈ। ਆਲੋਚਕਾਂ ਨੇ ਇਹ ਦੇਖਣਾ ਹੁੰਦਾ ਹੈ ਕਿ ਲੇਖਕ ਦੇ ਮਨ ਵਿਚ ਕੋਈ ਘਟਨਾ ਆਈ ਤਾਂ ਕਿਵੇਂ ਆਈ। ਬਚਪਨ ਤੇ ਕਿਸ਼ੋਰ ਅਵਸਥਾ ਵਿਚ ਲੇਖਕਾਂ ਦਾ ਮਨ ਜੀਵਨ ਦੀਆਂ ਬਹੁਤ ਸਾਰੀਆਂ ਵਿਸੰਗਤੀਆਂ ਤੇ ਵਚਿੱਤਰਤਾਵਾਂ ਨੂੰ ਅਨੁਭਵ ਕਰਦਾ ਹੈ। ਇਹ ਸਾਰੀ ਸਮਗਰੀ ਉਸ ਦੇ ਅਵਚੇਤਨ ਵਿਚ ਜਮਾਂ ਹੋ ਜਾਂਦੀ ਹੈ। ਇਸ ਅਵਚੇਤਨ ਵਿਚ ਉਸ ਦਾ ਸਮੂਹਿਕ ਅਵਚੇਤਨ ਵੀ ਭਰਪੂਰ ਯੋਗਦਾਨ ਪਾਉਂਦਾ ਹੈ। ਕਲਾਕਾਰ ਜਾਂ ਲੇਖਕ ਅਚੇਤ ਮਨ ਦੀਆਂ ਇੱਛਾਵਾਂ ਨੂੰ ਵਿਰੂਪਿਤ ਕਰਕੇ, ਕਲਪਨਾ ਦੁਆਰਾ ਸੰਤੁਸ਼ਟੀ ਪ੍ਰਾਪਤ ਕਰ ਲੈਂਦੇ ਹਨ ਪਰੰਤੂ ਸੁਚੇਤ ਮਨ ਤੋਂ ਇਹਨਾਂ ਦੇ ਵਾਸਤਵਿਕ ਪ੍ਰਯੋਜਨ ਅਤੇ ਮੰਤਵ ਛਿਪੇ ਰਹਿੰਦੇ ਹਨ। ਅਚੇਤ-ਇੱਛਾਵਾਂ ਨੂੰ ਸੁਚੇਤ ਮਨ ਤੋਂ

ਬਚਾਉਣ ਵਾਸਤੇ ਜਿੰਨ੍ਹਾਂ ਜੁਗਤਾਂ ਦਾ ਪ੍ਰਯੋਗ ਹੁੰਦਾ ਹੈ, ਉਨ੍ਹਾਂ ਵਿਚ ਸੰਘਣਾਪਣ Condensation, ਅਦਲਾ-ਬਦਲੀ ਯੋਜਨਾ ਆਦਿ ਮੁੱਖ ਹਨ। ਮਨੋਵਿਸ਼ਲੇਸ਼ਣਵਾਦ ਅਨੁਸਾਰ ਕਲਾ, ਕਲਾਕਾਰ ਦੁਆਰਾ ਦੈਨਿਕ ਜੀਵਨ ਵਿਚ ਵੇਖੇ ਸੁਪਨਿਆਂ ਵਾਂਗਰ ਹੈ (Art as Day Dreaming) ਇਸ ਤਰਾਂ ਅਸੀ ਦੇਖਦੇ ਹਾਂ ਕਿ ਫ਼ਰਾਇਡ ਦੀ ਮਨੋਵਿਸ਼ਲੇਸ਼ਣਵਾਦੀ ਵਿਧੀ ਨੇ ਸਾਹਿਤ ਸਿਰਜਣਾ ਅਤੇ ਸਾਹਿਤ ਅਧਿਐਨ ਦੋਹਾਂ ਖੇਤਰਾਂ ਵਿਚ ਵਿਸ਼ੇਸ਼ ਯੋਗਦਾਨ ਦਿੱਤਾ। ਇਹ ਆਲੋਚਨਾ ਸਾਹਿਤਕਾਰ ਦੇ ਮਨ ਦਾ ਅਤੇ ਪਾਤਰਾਂ ਦੇ ਵਿਵਹਾਰ ਨੂੰ ਅਧਿਐਨ ਦਾ ਵਿਸ਼ਾ ਬਣਾਉਂਦੀ, ਆਲੋਚਕ ਦੀ ਮਾਨਸਿਕਤਾ ਨੂੰ ਸਾਹਮਣੇ ਰੱਖ ਕੇ ਚਲਦੀ ਹੈ।

### ਮਨੋਵਿਸ਼ਲੇਸ਼ਣਵਾਦ ਦੀਆਂ ਸੀਮਾਵਾਂ-

ਇਹ ਅਧਿਐਨ ਵਿਧੀ ਕਿਸੇ ਸਾਹਿੱਤਿਕ ਕਿਰਤ ਦੇ ਕਲਾ ਪੱਖ ਜਾਂ ਸੁਹਜਾਤਮਿਕ ਸੁਹਜ ਦੇ ਮਹੱਤਵ ਨੂੰ ਨਹੀਂ ਪਛਾਣ ਦੀ। ਕਿਸੇ ਰਚਨਾ ਦੇ ਕਲਾਤਮਕ ਗੁਣਾਂ ਨੂੰ ਵਿਚਾਰਨ ਪੱਖੋਂ ਇਹ ਵਿਧੀ ਯੋਗ ਨਹੀਂ।

ਇਸ ਵਿਧੀ ਵਿਚ ਇਹ ਵੀ ਦੋਸ਼ ਵੀ ਹੈ ਕਿ ਇਸ ਦੀ ਵਰਤੋਂ ਕਰਨ ਵਾਲੇ ਜਾਂ ਤਾਂ ਸਾਹਿੱਤਿਕ ਖੇਤਰ ਵਿਚ ਮਾਹਿਰ ਹੁੰਦੇ ਹਨ ਜਾਂ ਫਿਰ ਮਨੋਵਿਸ਼ਲੇਸ਼ਣਵਾਦ ਦੇ। ਉਹ ਇਕ ਖੇਤਰ ਦੇ ਪਰਿਣਾਮ ਦੂਜੇ ਖੇਤਰ ਉੱਤੇ ਬੜੇ ਹਾਸੋ-ਹੀਣੇ ਢੰਗ ਨਾਲ ਲਾਗੂ ਕਰਦੇ ਹਨ। ਲੋੜ ਇਸ ਕਿਸਮ ਦੇ ਆਲੋਚਕਾਂ ਦੀ ਹੈ ਜੋ ਸਾਹਿੱਤਿਕ ਖੇਤਰ ਅਤੇ ਮਨੋਵਿਗਿਆਨਕ ਖੇਤਰ ਦੋਹਾਂ ਵਿਚ ਮੁਹਾਰਤ ਰੱਖਦੇ ਹੋਣ।

ਮਨੋਵਿਸ਼ਲੇਸ਼ਣਵਾਦੀ ਸਮੀਖਿਆ ਸਾਹਿਤ ਆਲੋਚਨਾ ਦੀ ਬਜਾਇ ਸਾਹਿਤ ਸਿਰਜਣਾ ਵਿਚ ਵਧੇਰੇ ਸਹਾਈ ਹੈ।

ਪਰ ਇਸ ਦੇ ਬਾਵਜੂਦ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਵਿਚ ਅਜੇ ਇਸ ਅਧਿਐਨ ਵਿਧੀ ਦਾ ਸੁਨਿਸ਼ਚਿਤ ਨਿਰਮਾਣ ਹੋਣਾ ਜ਼ਰੂਰੀ ਹੈ।

ਮਨੋਵਿਸ਼ਲੇਸ਼ਣਵਾਦ ਆਲੋਚਨਾ ਦੇ ਖੇਤਰ ਵਿਚ ਫ਼ਰੈਡਰਿਕ ਜੇ. ਹੌਫ਼ਮੈਨ Frederick j. Hoffman, ਨਾਰਮਨ ਕੇ ਹੌਲੈਂਡ Norman k. Holland, ਐਡਮੰਡ ਵਿਲਸਨ Edmond Wilson, ਲਾਇਓਨੇਲ ਟਰਿਲਿੰਗ Lionel Trillingਅਤੇ ਫ਼ਰੈਡਰਿਕ ਸੀ. ਕਰਿਊਜ਼ Fredrick c. Crewsਨੇ ਮਹੱਤਵਪੂਰਨ ਕੰਮ ਕੀਤਾ।

ਉਪਰੋਕਤ ਵਿਧੀ ਨੂੰ ਇਸ ਖੋਜ ਦਾ ਆਧਾਰ ਬਣਾ ਕੇ ਪੇਸ਼ ਕੀਤਾ ਹੈ ਕਿਉਂਕਿ ਇਸ ਖੋਜ ਵਿਚ ਹੋ ਰਹੀਆਂ ਘਟਨਾਵਾਂ ਨੂੰ ਬਿਆਨ ਕਰਨ ਲਈ ਇਹ ਵਿਧੀ ਬਹੁਤ ਹੀ ਜ਼ਿਆਦਾ ਢੁਕਵੀਂ ਹੈ ਕਿਉਂਕਿ ਇਹ ਖੋਜ ਅਧੀਨ ਤਿੰਨ ਨਾਵਲ ਲਏ ਗਏ ਹਨ ਤੇ ਇਹ ਤਿੰਨ ਨਾਵਲ ਅਲੱਗ ਅਲੱਗ ਦੇਸ਼ਾਂ ਰਚੇ ਹੋਣ ਦੇ ਕਾਰਨ ਵੀ ਪਾਰਟਨਰਸ਼ਿਪ ਰਾਹੀ ਬਿਆਨ ਹੋਏ ਰਿਸ਼ਤਿਆਂ ਨੂੰ ਦਰਸਾਉਂਦਾ ਹੈ। ਕੋਈ ਕਿਸੇ ਨਾਲ ਰਿਸ਼ਤਾ ਜੁੜਨ ਦਾ ਕਾਰਨ ਮਨੁੱਖੀ ਮਨ ਹੀ ਹੈ। ਮਨ ਹੀ ਸਾਰੀਆਂ ਗੁੰਝਲਾਂ ਦਾ ਕਾਰਨ ਹੈ ਇਹ ਹੀ ਮਨੁੱਖ ਨੂੰ ਗੁੰਝਲ ਵਿਚ ਫਸਾਉਂਦਾ ਹੈ ਤੇ ਇਹ ਹੀ ਇਕ ਸਮੇਂ ਵਿਚ ਉਸ ਨੂੰ ਬਾਹਰ

ਕੱਢਣ ਦਾ ਰਾਹ ਦਿਖਾਉਂਦਾ ਹੈ ਤਾਂ ਜੋ ਮਨੁੱਖ ਆਪਣੇ ਆਪ ਨੂੰ ਸ਼ਾਂਤ ਕਰ ਸਕੇ। ਇਸ ਖੋਜ ਅਧੀਨ ਜਿਹੜੇ ਨਾਵਲ ਲਏ ਹਨ ਉਹ ਹਨ। ਦਰਸ਼ਨ ਸਿੰਘ ਧੀਰ ਦਾ ਨਾਵਲ ਪੈੜਾਂ ਦੇ ਆਰ ਪਾਰ, ਸਵਰਨ ਚੰਦਨ ਦਾ ਨਾਵਲ ਕੰਜਕਾਂ ਅਤੇ ਗ.ਸ. ਨਕਸ਼ਦੀਪ ਪੰਜਕੋਹਾ ਦਾ ਨਾਵਲ ਗਿਰਵੀ ਹੋਏ ਮਨ ਨੂੰ ਆਧਾਰ ਬਣਾਇਆ ਹੈ। ਇਨ੍ਹਾਂ ਨਾਵਲਾਂ ਰਾਹੀ ਬਿਆਨ ਕੀਤੀ ਗਈ ਮਨੁੱਖ ਦੀ ਅਵਸਥਾ ਇਸ ਤਰ੍ਹਾਂ ਹੈ।

## ਨਾਵਲ ਪੈੜਾਂ ਦੇ ਆਰ ਪਾਰ ਪਾਤਰਾਂ ਦਾ ਮਨੋਵਿਸ਼ਲੇਸ਼ਣ

ਇਹ ਨਾਵਲ ਮਨੋਵਿਗਿਆਨ ਦੀ ਵਿਧੀ ਨਾਲ ਲਿਖਿਆ ਪ੍ਰਤੀਤ ਹੁੰਦਾ ਹੈ। ਇਸ ਨਾਵਲ ਵਿਚ ਨਵਜੋਤ, ਜਾਹਨ ਕੀਥ, ਤਲਵਿੰਦਰ, ਸੁਖਵਿੰਦਰ, ਮਨਜੀਤ ਆਦਿ ਸਾਰੇ ਪਾਤਰ ਹੀ ਕਿਸੇ ਨਾ ਕਿਸੇ ਮਾਨਸਿਕ ਸ਼ਾਂਤੀ ਅਤੇ ਮਜਬੂਰੀ ਵਿਚ ਬੱਝੇ ਹੋਏ ਹਨ। ਹਰ ਇਕ ਪਾਤਰ ਦੂਜੇ ਪਾਤਰ ਦੀ ਲੋੜ ਪੂਰੀ ਕਰਦਾ ਹੈ। ਇਸ ਲਈ ਉਹ ਇਕ ਦੂਜੇ ਨਾਲ ਬੱਝ ਜਾਂਦੇ ਹਨ ਤੇ ਸਾਰੀ ਜ਼ਿੰਦਗੀ ਉਹ ਰਿਸ਼ਤਾ ਨਿਭਾਉਂਦੇ ਹਨ। ਇਹ ਸਾਰੇ ਮਾਨਸਿਕ ਤੋਰ ਤੇ ਜੁੜੇ ਹੋਣ ਕਾਰਨ ਜਦੋਂ ਇਕ ਦੂਜੇ ਤੋਂ ਵੱਖ ਹੁੰਦੇ ਹਨ ਤਾਂ ਬਹੁਤ ਦੁਖੀ ਹੁੰਦੇ ਹਨ।

ਇਸ ਨਾਵਲ ਵਿਚ ਕਾਫ਼ੀ ਪਾਤਰ ਹਨ। ਸਭ ਤੋਂ ਇਸ ਨਾਵਲ ਵਿਚ ਨਵਜੋਤ ਤੇ ਜਾਹਨ ਕੀਥ ਆਉਂਦੇ ਹਨ ਤੇ ਉਹ ਮਾਨਸਿਕ ਤੋਰ ਤੇ ਜੁੜੇ ਹੋਏ ਹਨ। ਉਹ ਇਕ ਦੂਜੇ ਨੂੰ ਬਹੁਤ ਪਿਆਰ ਕਰਦੇ ਹਨ। ਉਹ ਇਕੱਠੇ ਰਹਿੰਦੇ ਹਨ। ਉਨ੍ਹਾਂ ਵਿਚ ਪਾਰਟਨਰਸ਼ਿਪ ਦਾ ਰਿਸ਼ਤਾ ਵੀ ਬਣਿਆ ਹੋਇਆ ਹੈ। ਜਿਸ ਕਾਰਨ ਉਹ ਇਕੱਠੇ ਤਾਂ ਹਨ ਪਰ ਵਿਆਹ ਵਿਚ ਨਹੀਂ ਬੱਝ ਸਕਦੇ ਕਿਉਂਕਿ ਉਹ ਆਜ਼ਾਦ ਰਹਿਣ ਦੇ ਆਦੀ ਹੋ ਚੁੱਕੇ ਹਨ ਤੇ ਬਿਨਾਂ ਕਿਸੇ ਰਿਸ਼ਤੇ ਵਿਚ ਬੱਝੇ ਹੋਏ ਵੀ ਇਕੱਠੇ ਰਹਿੰਦੇ ਹਨ। ਉਹ ਇਕ ਦੂਜੇ ਨਾਲ ਸਮਾ ਬਤੀਤ ਕਰਕੇ ਬਹੁਤ ਖ਼ੁਸ਼ ਹੁੰਦੇ ਹਨ ਤੇ ਹਮੇਸ਼ਾ ਹੀ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਬਹਿਸ ਕਰਦੇ ਰਹਿੰਦੇ ਹਨ ਤੇ ਆਪਸ ਵਿਚ ਕਲੋਲਾਂ ਕਰਦੇ ਹਨ ਅਤੇ ਇਕ ਦੂਜੇ ਵਿਚ ਖੋ ਜਾਂਦੇ ਜਿਵੇਂ:-

ਡੇਢ ਵਜੇ ਤਕ ਉਹ ਮੱਛੀਆਂ ਫੜਦੇ ਰਹੇ। ਨਵਜੋਤ ਆਪਣੀ ਵੱਖ ਰੱਖੀ ਗਈ ਤੇ ਜਾਹਨ ਕੀਥ ਆਪਣੀਆਂ। ਡੇਢ ਵਜੇ ਫੜੀਆਂ ਮੱਛੀਆਂ ਗਿਣੀਆਂ ਗਈਆਂ। ਜਾਹਨ ਕੀਥ ਦੀਆਂ ਅਠਤਾਲ਼ੀ ਸਨ ਤੇ ਨਵਜੋਤ ਦੀਆਂ ਸਤਾਈ। ਜਾਹਨ ਕੀਥ ਨੇ ਜੇਤੂ ਅੰਦਾਜ਼ ਵਿਚ ਨਵਜੋਤ ਵੱਲ ਦੇਖਿਆ ਨਵਜੋਤ ਨੇ ਚਿੜਾਉਣ ਲਈ ਉਹਦੇ ਵੱਲ ਜੀਭ ਤੇ ਇਕ ਪਾਸੇ ਦੌੜ ਗਈ। ਜਾਹਨ ਕੀਥ ਨੇ ਦੌੜ ਕੇ ਉਸ ਨੂੰ ਫੜਿਆ ਤੇ ਕਲਾਵੇ ਵਿਚ ਲੈ ਕੇ ਚੁੰਮਣ ਲੱਗ ਪਿਆ। ਨਵਜੋਤ ਕਿਹੜੀ ਘਟ ਸੀ। ਉਹ ਜਾਹਨ ਕੀਥ ਦਾ ਵੀ ਉਤਲਾ ਪੱਤ ਸੀ। ਕੁਝ ਚਿਰ ਖ਼ਰਮਸਤੀ ਕਰਦੇ ਰਹੇ। ਫਿਰ ਨਾਲ ਲਿਆਂਦਾ ਦੁਪਹਿਰ ਦਾ ਖਾਣਾ ਖਾਣ ਲੱਗ ਪਏ।ਖਾਣਾ ਖਾਧਾ। ਜੂਸ ਪੀਤਾ। ਕੁਝ ਚਿਰ ਆਰਾਮ ਕੀਤਾ ਤੇ ਫਿਰ ਨਦੀ ਕੰਢੇ ਹੁੱਕਾ ਫੜ ਕੇ ਬਹਿ ਗਏ।[1]

ਨਵਜੋਤ ਮਾਨਸਿਕ ਤੋਰ ਤੇ ਬਿਮਾਰ ਆ। ਕਿਉਂਕਿ ਉਸ ਦੇ ਘਰ ਦੇ ਜਦੋਂ ਵੀ ਉਸ ਨਾਲ ਉਸ ਦੇ ਵਿਆਹ ਦੀ ਗੱਲ ਕਰਦੇ ਹਨ ਤਾਂ ਉਹ ਹਮੇਸ਼ਾ ਆਪਣੀ ਨਿੱਜੀ ਆਜ਼ਾਦੀ ਨੂੰ ਜ਼ਿਆਦਾ ਅਹਿਮ ਮੰਨਦੀ ਹੈ। ਇਸ ਦੇ ਨਾਲ ਉਹ ਹਰੇਕ

ਮੁੰਡੇ ਤੇ ਸ਼ੱਕ ਵੀ ਕਰਦੀ ਹੈ ਕਿ ਉਸ ਨਾਲ ਵਿਆਹ ਕਰਾਉਣ ਵਾਲਾ ਮੁੰਡਾ ਪਤਾ ਨਹੀਂ ਕਿਸ ਤਰ੍ਹਾਂ ਦਾ ਹੋਵੇ ਗਾ ਤੇ ਜਿਸ ਕਾਰਨ ਇਹ ਹੀ ਵਹਿਮ ਉਸ ਦੀ ਜ਼ਿੰਦਗੀ ਬਦਲ ਦਿੰਦਾ ਹੈ ਤੇ ਉਹ ਹਮੇਸ਼ਾ ਲਈ ਵਿਆਹ ਨਾ ਕਰਾਉਣ ਦਾ ਪੱਕਾ ਫ਼ੈਸਲਾ ਕਰ ਲੈਂਦੀ ਹੈ। ਕਿਉਂਕਿ ਉਸ ਨੂੰ ਲੱਗਦਾ ਹੈ ਕਿ ਕੁਝ ਕੁ ਮਿੰਟਾਂ ਦੀ ਮੁਲਾਕਾਤ ਨਾਲ ਕਿਸੇ ਦੀ ਆਦਤ ਤੇ ਸੁਭਾਅ ਬਾਰੇ ਅੰਦਾਜ਼ਾ ਨਹੀਂ ਲਾਇਆ ਜਾਂ ਸਕਦਾ। ਇਸ ਲਈ ਉਹ ਆਪਣੇ ਭਰਾ ਭਰਜਾਈ ਨਾਲ ਸਵਾਲ  ਜਵਾਬ ਵੀ ਕਰਦੀ ਹੈ:-

"ਕੁਛ ਕੁ ਮਿੰਟਾਂ ਦੀ ਮਿਲਣੀ ਵਿਚ ਕਿਸੇ ਇਨਸਾਨ ਦਾ ਕੀ ਪਤਾ ਲੱਗ ਸਕਦਾ ਕਿ ਉਹ ਕਿਹੋ ਜਿਹਾ ਏ? ਉਹਦਾ ਸੁਭਾ ਕਿਹੋ ਜਿਹਾ ਏ।ਕਿ ਦਾ ਦੀਆਂ ਆਦਤਾਂ ਨੇ ਤੇ ਕਿਹੋ ਜਿਹੇ ਖ਼ਿਆਲ ਨੇ, ਉਹਦੇ? ਇਹ ਗੱਲਾਂ ਜਾਣਨ ਲਈ ਤਾਂ ਬੰਦੇ ਦੀ ਉਮਰ ਲੱਗ ਜਾਂਦੀ ਏ? ਕਈ ਵਾਰ ਤਾਂ ਸਾਰੀ ਉਮਰ ਨਾਲ ਰਿਹਾਂ ਵੀ ਬੰਦੇ ਦਾ ਪਤਾ ਨਹੀਂ ਲੱਗਦਾ ਕਿ ਉਹ ਕਿਹੋ ਜਿਹੇ ਸੁਭਾ ਦਾ ਏ, ਨਹੀਂ?"[2]

ਇਸੇ ਲਈ ਨਵਜੋਤ ਵਿਆਹ ਨੂੰ ਨਰਕ ਮੰਨ ਦੀ ਹੈ ਤੇ ਕਹਿੰਦੀ ਹੈ ਕਿ:-

ਭੈਣ ਨੂੰ ਚੁੱਪ ਹੋਈ ਦੇਖ ਕੇ ਸੁਖਵਿੰਦਰ ਫੇਰ ਕਹਿਣ ਲੱਗਾ, "ਤੇਰਾ ਮਤਲਬ ਏ, ਨਾ ਕਿਸੇ ਬੰਦੇ ਨੂੰ ਦੂਜੇ ਬੰਦੇ ਦੀਆਂ ਆਦਤਾਂ, ਸੁਭਾ ਤੇ ਵਿਚਾਰਾਂ ਦਾ ਪਤਾ ਲੱਗੇ ਤੇ ਨਾ ਹੀ ਵਿਆਹ ਕਰਾਏ?"

"ਨਰਕ ਭੋਗਣ ਨਾਲੋਂ ਤਾਂ ਚੰਗਾ ਏ, ਨਾ ਕਰਾਇਆ ਜਾਵੇ।"

"ਇਹ ਵੀ ਬੰਦੇ ਨੂੰ ਵਹਿਮ ਆਂ ਕਿ ਸਾਥੀ ਦਾ ਸੁਭਾ, ਆਦਤਾਂ ਤੇ ਖ਼ਿਆਲਾਂ ਦੇ ਜਾਣਨ ਨਾਲ ਮੈਰਿਡ ਲਾਈਫ਼ ਚੰਗੀ ਲੱਗ ਜਾਂਦੀ ਏ।"

"ਹੋਰ ਕਿੱਦਾਂ ਲੰਘ ਸਕਦੀ ਏ?"[3]

ਜਦੋਂ ਉਹ ਘਰ ਆਏ ਹਰ ਮੁੰਡੇ ਨੂੰ ਉਹ ਨਾ ਕਰ ਦਿੰਦੀ ਤਾਂ ਉਸ ਦੇ ਘਰ ਦੇ ਬਹੁਤ ਦੁਖੀ ਹੁੰਦੇ ਇਕ ਵਾਰ ਤਾਂ ਗੱਲ ਇੰਨੀ ਵੱਧ ਗਈ ਕਿ ਉਸ ਦੇ ਘਰ ਦਿਆਂ ਨੇ ਉਸ ਨੂੰ ਘਰੋਂ ਬਾਹਰ ਜਾਣ ਲਈ ਵੀ ਕਹਿਣ ਸੰਕੋਚ ਨਹੀਂ ਕਰਦੇ ਜਿਵੇਂ:-

"ਤੈਨੂੰ ਤਾਂ ਨਹੀਂ ਕੋਈ ਸ਼ਰਮ ਹਿਆ। ਤੇਰੇ ਭਾ ਦੀ ਤਾਂ ਇਹ ਖੇਲ੍ਹ ਆ ਜਿਹੜੀ ਖੇਡੀ ਜਾਂਦੀ ਏ ਪਰ ਸਾਨੂੰ ਤਾਂ ਸ਼ਰਮ ਆਉਂਦੀ ਆ। ਅਸੀਂ ਤਾਂ ਲੋਕਾਂ ਵਿਚ ਰਹਿਣਾ ਏ। ਅਸੀਂ ਕੀ ਉੱਤਰ ਦਈਏ ਉਨ੍ਹਾਂ ਨੂੰ"? ਸੁਖਵਿੰਦਰ ਨੂੰ ਵੀ ਕਰੋਧ ਆ ਗਿਆ।

"!!!"

"ਅੱਜ ਤੋਂ ਸਾਡੇ ਭਾ ਦੀ ਤੂੰ ਮਰ ਗਈ ਤੇ ਅਸੀਂ ਤੇਰੇ ਭਾ ਦੇ ਮਰ ਗਏ। ਮੁੜ ਕੇ ਇਸ ਘਰ ਅਲ ਕਲਮੂਹੀਏਂ ਮੂੰਹ ਨਾ ਕਰੀਂ।" ਮਾਂ ਨੇ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝਦਿਆਂ ਧੀ ਵਲ ਜ਼ਹਿਰ ਭਰੀਆਂ ਅੱਖਾਂ ਨਾਲ ਦੇਖਿਆ। ਉ ਵੇਲੇ ਉਸ ਦਾ ਦਿਲ ਕਰਦਾ ਸੀ ਕਿ ਉੱਠ ਕੇ ਧੀ ਦਾ ਗਲ਼ ਘੁੱਟ ਦੇਵੇ.................................

"ਜਾਹ ਨਿਕਲ ਜਾ, ਸਾਡੇ ਘਰੋਂ। ਦਫ਼ਾ ਹੋ ਜਿੱਥੇ ਤੇਰਾ ਜੀਅ ਕਰਦਾ," ਬਾਪ ਸਿਰ ਤੋਂ ਪੈਰਾਂ ਤਕ ਗ਼ੁੱਸੇ ਨਾਲ ਕੰਬ ਰਿਹਾ ਸੀ।[4]

ਉਸ ਦੇ ਇਸ ਵਿਵਹਾਰ ਦਾ ਕਾਰਨ ਇਹ ਸੀ ਕਿ ਉਸ ਨੂੰ ਸਿਰਫ਼ ਮਰਦ ਦੇ ਸਾਥ ਦੀ ਲੋੜ ਸੀ ਨਾ ਕਿ ਵਿਆਹ ਕਰਾਉਣ ਦਾ। ਉਸ ਨੂੰ ਮਰਦ ਦਾ ਸਾਥ ਜਾਹਨ ਕੀਥ ਦੇ ਰੂਪ ਵਿਚ ਮਿਲ ਰਿਹਾ ਸੀ ਤੇ ਉਹ ਵਿਆਹ ਨਾ ਕਰਾਉਣ ਲਈ ਬਹਾਨੇ ਮਾਰ ਰਹੀ ਸੀ। ਜਿਸ ਦਾ ਸ਼ੱਕ ਘਰਦਿਆਂ ਸ਼ਾਇਦ ਨਹੀਂ ਸੀ। ਪਰ ਇਕ ਥਾਂ ਜਾਂ ਕੇ ਉਸ ਦਾ ਸਾਥ ਵੀ ਬਦਲ ਜਾਂਦਾ ਹੈ ਜਦੋਂ ਤਲਵਿੰਦਰ ਨਾਲ ਇਕ ਮਿਕ ਹੋਣਾ ਸ਼ੁਰੂ ਹੋ ਜਾਂਦੀ ਹੈ ਤਾਂ ਉਸ ਦੀ ਜਾਹਨ ਕੀਥ ਨਾਲ ਦੂਰੀ ਵਧਣ ਲੱਗ ਜਾਂਦੀ ਹੈ ਤੇ ਤਲਵਿੰਦਰ ਨਾਲ ਘਟਣ। ਜਾਹਨ ਕੀਥ ਨਾਲ ਪੈਦਾ ਹੋਈ ਦੂਰੀ ਨੂੰ ਉਹ ਮਹਿਸੂਸ ਤਾਂ ਕਰਦਾ ਸੀ ਪਰ ਇਸ ਕਾਰਨ ਕੁਝ ਕਹਿੰਦਾ ਨਹੀਂ ਕਿ ਕਿਤੇ ਨਵਜੋਤ ਉਸ ਨਾਲ ਗ਼ੁੱਸੇ ਨਾ ਹੋ ਜਾਵੇ। ਜਿਵੇਂ:-

ਫਿਰ ਜਿਸ ਹਫ਼ਤਾ-ਅੰਤ ਤਲਵਿੰਦਰ ਨੇ ਆਉਣਾ ਹੁੰਦਾ, ਨਵਜੋਤ ਜਾਹਨ ਕੀਥ ਨੂੰ ਕਹਿ ਦਿੰਦੀ ਕਿ ਇਸ ਵੀਕ-ਐਂਡ ਤੇ ਮੈਂ ਘਰ ਜਾ ਰਹੀ ਹਾਂ। ਉਹ ਨੱਕ ਬੁੱਲ੍ਹ ਤਾਂ ਜ਼ਰੂਰ ਚੜ੍ਹਾਉਂਦਾ ਪਰ ਜ਼ੋਰ ਪਾ ਕੇ ਨਾ ਜਾਣ ਲਈ ਕਹਿਣ ਦੀ ਹਿੰਮਤ ਨਾ ਜੁਟਾ ਸਕਦਾ। ਇਕ ਤਾਂ ਉਹ ਨਵਜੋਤ ਦੇ ਸੁਭਾ ਨੂੰ ਜਾਣਦਾ ਸੀ ਤੇ ਦੂਜਾ ਇਹ ਵੀ ਸੋਚਦਾ ਸੀ ਕਿ ਹੋ ਸਕਦਾ ਏ, ਘਰਦਿਆਂ ਨੇ ਸੱਚੀ ਆਉਣ ਲਈ ਜ਼ੋਰ ਪਾਇਆ ਹੋਵੇ। ਉਹਨੂੰ ਮਜਬੂਰੀ ਵੱਸ ਜਾਣਾ ਪੈ ਰਿਹਾ ਹੋਵੇ।[5]

ਜਾਹਨ ਕੀਥ ਉਸ ਨਾਲ ਮਨੋਂ ਜੁੜਿਆਂ ਹੋਇਆ ਸੀ ਤੇ ਜਿਸ ਕਾਰਨ ਉਹ ਇਹ ਨਹੀਂ ਚਾਹੁੰਦਾ ਕਿ ਉਸ ਨਾਲ ਕੋਈ ਹੋਰ ਮੁੰਡਾ ਰਿਸ਼ਤਾ ਜੋੜੇ। ਇਹ ਖ਼ਿਆਲ ਉਹ ਨੂੰ ਧੁਰ ਅੰਦਰ ਤੱਕ ਹਿਲਾ ਦਿੰਦਾ ਸੀ ਕੀ ਨਵਜੋਤ ਉਸ ਨੂੰ ਧੋਖਾ ਦੇ ਰਹੀ। ਉਸ ਨੂੰ ਆਪਣੀ ਜ਼ਿੰਦਗੀ ਘੁੰਮਦੀ ਨਜ਼ਰ ਆਉਂਦੀ ਕੇ ਜੇ ਉਹ ਉਸ ਨੂੰ ਛੱਡ ਕੇ ਚਲੀ ਜਾਵੇਗੀ ਤਾਂ ਉਹ ਬਿਲਕੁਲ ਇਕੱਲਾ ਰਹਿ ਜਾਵੇਗਾ। ਜਿਵੇਂ:-

ਇਸ ਅਹਿਸਾਸ ਨਾਲ ਉਹ ਸਿਰ ਤੋਂ ਪੈਰਾਂ ਤੱਕ ਕੰਬ ਗਿਆ। ਦਿਲ ਨੱਕਾ ਜਿਹਾ ਹੋ ਗਿਆ। ਉਹ ਆਪਣੇ ਆਪ ਨੂੰ ਵਾਧੂ ਵਾਧੂ ਮਹਿਸੂਸਣ ਲੱਗਾ, ਦੁਨੀਆ ਤੋਂ ਕੱਟਿਆ ਤੇ ਇਕੱਲਾ ਇਕੱਲਾ। ਜਾਪਦਾ ਇਹ ਭਰੀ ਭਕੁੰਨੀ ਦੁਨੀਆ ਵਿਚ ਉਹਦਾ ਆਪਣਾ ਕੋਈ ਨਾ ਰਿਹਾ ਹੋਵੇ। ਜਿਵੇਂ ਨਵਜੋਤ ਹੀ ਉਹਦੀ ਜ਼ਿੰਦਗੀ ਦਾ ਆਧਾਰ ਹੋਵੇ। ਉਹਦੇ ਸੁਪਨਿਆਂ ਦੀ ਉਡਾਣ। ਉਹ ਸੋਚਦਾ, ਜੇ ਉਹ ਧੋਖਾ ਦੇ ਗਈ ਤਾਂ ਮੈਂ ਕੀਹਦੇ ਆਸਰੇ ਜੀਵਨ ਬਤੀਤ ਕਰਾਂਗਾ?[6]

ਉਸ ਦਾ ਸ਼ੱਕ ਉਸ ਸਮੇਂ ਸੱਚ ਹੋ ਗਿਆ ਜਦੋਂ ਉਸ ਦੀ ਇਕ ਪੁਰਾਣੀ ਦੋਸਤ ਨੇ ਉਸ ਨੂੰ ਨਵਜੋਤ ਬਾਰੇ ਦੱਸਿਆ ਤੇ ਉਹ ਹੈਰਾਨ ਰਹਿ ਗਿਆ।

ਹੈਲੋ ਹੈਲੋ ਮਗਰੋਂ ਉਹ ਕਹਿਣ ਲੱਗੀ, "ਜਾਹਨ! ਇਕੱਲਾਂ ਏਂ?

"ਹਾਂ।"

"ਨਵਜੋਤ ਨਹੀਂ ਆਈ?"

"ਨਹੀਂ।"

"ਕਿਉਂ? ਕੀ ਗੱਲ ਹੋਈ।"

"ਉਹ ਕਾਵੈਂਟਰੀ ਨੂੰ ਗਈ ਹੋਈ ਏ, ਆਪਣੇ ਘਰ।"

"ਕਦ ਦੀ?"

"ਸ਼ੁੱਕਰਵਾਰ ਸ਼ਾਮ ਦੀ।"

"ਮੈਨੂੰ ਉਹ ਅੱਜ ਤਿੰਨ ਵਜੇ ਰੀਗਲ ਸਿਨਮੇ ਵਿਚ ਫ਼ਿਲਮ ਦੇਖਣ ਆਈ ਮਿਲੀ ਸੀ ਤੇ ਤੂੰ ਕਹਿ ਰਿਹਾ ਹੈ ਏਂ ਕਿ ਘਰ ਨੂੰ ਗਈ ਹੋਈ ਏ!"

"ਕੱਲੀ ਸੀ?" ਉਹਦਾ ਸ਼ੱਕ ਸਿਰ ਚੁੱਕਣ ਲੱਗਾ।

"ਨਹੀਂ, ਇਕ ਇੰਡੀਅਨ ਮੁੰਡਾ ਸੀ ਨਾਲ।"

"ਸ਼ੁੱਕਰਵਾਰ ਸ਼ਾਮੀਂ ਗਈ ਸੀ। ਹੋ ਸਕਦਾ ਏ ਕਿ ਅੱਜ ਦੁਪਹਿਰ ਮੁੜ ਆਈ ਹੋਵੇ," ਜਾਹਨ ਕੀਥ ਨੇ ਪੜਦਾ ਪਾਉਣ ਦਾ ਯਤਨ ਕੀਤਾ।[7]

ਨਵਜੋਤ ਉਸਨੂੰ ਛੱਡ ਕੇ ਤਲਵਿੰਦਰ ਕੋਲ ਚਲੀ ਜਾਂਦੀ ਹੈ ਤਾਂ ਉਹ ਬਹੁਤ ਦੁਖੀ ਹੁੰਦਾ ਹੈ। ਪਰ ਤਲਵਿੰਦਰ ਦੇ ਧੋਖਾ ਦੇਣ ਤੋਂ ਬਾਅਦ ਉਹ ਉਸ ਨੂੰ ਦੋਬਾਰਾ ਅਪਣਾ ਲੈਂਦਾ ਹੈ ਤੇ ਉਸ ਦੀ ਬਹੁਤ ਫ਼ਿਕਰ ਕਰਦਾ ਹੈ। ਜਦੋਂ ਉਸ ਦਾ ਗਰਭਪਾਤ ਹੁੰਦਾ ਹੈ ਤਾਂ ਉਹ ਇੰਨਾ ਡਰ ਜਾਂਦਾ ਹੈ ਕਿ ਉਸ ਨੂੰ ਕੁਝ ਨਹੀਂ ਸਮਝ ਲੱਗਦਾ ਕੀ ਉਹ ਕੀ ਕਰੇ। ਉਹ ਉਸ ਦੀ ਉਸ ਸਮੇਂ ਮਦਦ ਕਰਦਾ ਹੈ ਜਦੋਂ ਸਾਰੇ ਉਸ ਦਾ ਸਾਥ ਛੱਡ ਜਾਂਦੇ ਹਨ।

ਉਹ ਦੁੱਧ ਗਰਮ ਕਰਕੇ ਕਹਿਣ ਲੱਗਾ, "ਲੈ ਗਰਮ ਗਰਮ ਦੁੱਧ ਦਾ ਘੁੱਟ ਪੀ, ਡਾਰਲਿੰਗ!"

" ਮੈਂ ਨਹੀਂ ਪੀਣਾ, ਜਾਹਨ।"

"ਪੀ ਲੈ। ਤੇਰੇ ਲਈ ਠੀਕ ਰਹੇਗਾ। ਐਂਬੂਲੈਂਸ ਦੇ ਆਉਣ ਵਿਚ ਦੇਰ ਲੱਗ ਜਾਣੀ ਏ," ਜਾਹਨ ਕੀਥ ਨੇ ਤਰਲਾ ਕੀਤਾ।

"ਉਹ ਨੋ! ਨੋ!! ਉਹ ਮਾਈ ਗੋਡ!!!" ਨਵਜੋਤ ਦਰਦ ਨਾਲ ਮੱਛੀ ਵਾਂਗ ਤੜਫ਼ ਜਾ ਰਹੀ ਸੀ।[8]

ਇਸ ਘਟਨਾ ਦਾ ਉਸ ਦੇ ਦਿਲ ਦਿਮਾਗ਼ ਤੇ ਬਹੁਤ ਗਹਿਰਾ ਅਸਰ ਹੋਇਆ ਤੇ ਦੋਬਾਰਾ ਉਸ ਨਾਲ ਜੁੜ ਗਈ ਤੇ ਉਸ ਦੀ ਮੌਤ ਤੋਂ ਬਾਅਦ ਵੀ ਉਸ ਦੀ ਬੱਚੀ ਨੂੰ ਜਨਮ ਦਿੰਦੀ ਹੈ ਤੇ ਸਾਰੀ ਉਮਰ ਉਸ ਦੀ ਬੱਚੀ ਲਈ ਲਾਤੀ।

ਨਵਜੋਤ ਇੰਨੀ ਭਾਵੁਕ, ਕਮਜ਼ੋਰ ਦਿਲ ਵਾਲੀ ਤੇ ਮਾਨਸਿਕ ਤੋਰ ਤੇ ਪ੍ਰੇਸ਼ਾਨ ਕੁੜੀ ਹੈ ਕਿ ਉਹ ਇਕੱਲੀ ਰਹਿੰਦੀ ਹੋਈ ਵੀ ਇਕੱਲੀ ਨਹੀਂ ਰਹਿ ਸਕਦੀ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਉਹ ਮਰਦ ਦੇ ਬਿਨਾਂ ਨਹੀਂ ਰਹਿ ਸਕਦੀ ਭਾਵ ਕਿ ਉਹ ਮਾਨਸਿਕ ਤੋਰ ਤੇ ਕਿਸੇ ਨਾਲ ਜੁੜੇ ਜਾਂ ਨਾ ਜੁੜੇ ਪਰ ਸਰੀਰਕ ਸਬੰਧ ਬਣਾਏ ਬਿਨਾਂ ਨਹੀਂ ਰਹਿ ਸਕਦੀ। ਇਸੇ ਲਈ ਉਸ ਨੇ ਜਾਹਨ ਕੀਥ ਤੇ ਤਲਵਿੰਦਰ ਨਾਲ ਸੰਬੰਧ ਬਣਾਏ ਤੇ ਆਪਣੀ ਜ਼ਿੰਦਗੀ ਨੂੰ ਬਰਬਾਦ ਕਰ ਲਿਆ। ਉਹ ਤਲਵਿੰਦਰ ਨਾਲ ਪੂਰੀ ਤਰ੍ਹਾਂ ਤਨੋ ਮਨੋ ਜੁੜੀ ਸੀ ਕਿਉਂਕਿ ਉਸ ਨੂੰ ਤਲਵਿੰਦਰ ਜਾਹਨ ਕੀਥ ਨਾਲੋਂ ਜ਼ਿਆਦਾ ਚੰਗਾ।

ਤਲਵਿੰਦਰ ਨਾਲ ਹੋਈ ਉਸ ਦੀ ਪਹਿਲੀ ਮੁਲਾਕਾਤ ਬੇਸ਼ੱਕ ਉਸ ਦੇ ਘਰ ਦਿਆਂ ਦੁਆਰਾ ਹੀ ਹੋਈ ਸੀ। ਉਸ ਦੇ ਘਰ ਦੇ ਉਸ ਦਾ ਵਿਆਹ ਤਲਵਿੰਦਰ ਨਾਲ ਕਰਾਉਣਾ ਚਾਹੁੰਦੇ ਸਨ ਪਰ ਉਹ ਉਸ ਨਾਲ ਸਿਰਫ਼ ਪਾਰਟਨਰਸ਼ਿਪ ਵਿਚ ਰਹਿਣਾ ਚਾਹੁੰਦੀ ਸੀ ਨਾ ਕਿ ਸਾਰੀ ਉਮਰ ਉਸ ਨਾਲ ਵਿਆਹ ਬੰਧਨ ਵਿਚ ਬੰਨ੍ਹ ਕੇ ਜ਼ਿੰਦਗੀ ਇੱਕੋ ਦਿਸ਼ਾ ਵਿਚ ਚਲਾਉਣ ਲਈ ਇਕ ਆਦਮੀ ਨਾਲ ਨਹੀਂ ਰਹਿਣਾ ਚਾਹੁੰਦੀ ਸੀ।

"ਜੇ ਤੂੰ ਵਿਆਹ ਕਰਾਉਣਾ, ਨਾ ਸਹੀ। ਆਪਾਂ ਫਰੈਂਡਜ਼ ਤਾਂ ਰਹਿ ਸਕਦੇ ਹਾਂ?" ਤਲਵਿੰਦਰ ਦੀ ਲਾਲਸਾ ਬੋਲੀ।

"ਜ਼ਰੂਰ ਰਹਿ ਸਕਦੇ ਆਂ ਪਰ ਓਨਲੀ ਫਰੈਂਡਜ਼। ਹੈ ਮਨਜ਼ੂਰ?" ਨਵਜੋਤ ਨੇ ਤਲਵਿੰਦਰ ਵਲ ਭਰਪੂਰ ਮੁਸਕਾਨ ਦਾ ਛਿੱਟਾ ਮਾਰਿਆ।

"ਹਾਂ!" ਤਲਵਿੰਦਰ ਬੜੀ ਦੂਰ ਦੇਖ ਰਿਹਾ ਸੀ।

ਦੋਹਾਂ ਨੇ ਹੱਥ ਮਿਲਾਏ। ਆਪਣੇ ਆਪਣੇ ਦਫ਼ਤਰ ਦੇ ਟੈਲੀਫ਼ੋਨ ਨੰਬਰ ਦਿੱਤੇ ਲਏ ਤੇ ਉੱਠ ਕੇ ਸਿਟਿੰਗ-ਰੂਮ ਵਿਚ ਆ ਗਏ।[9]

ਇਸ ਲਈ ਉਹ ਜਾਹਨ ਕੀਥ ਨੂੰ ਛੱਡ ਕੇ ਤਲਵਿੰਦਰ ਕੋਲ ਚਲੀ ਜਾਂਦੀ ਹੈ ਤੇ ਭਾਵ ਕਿ ਪਹਿਲਾਂ ਸਿਰਫ਼ ਉਹ ਫ਼ੋਨ ਤੇ ਹੀ ਗੱਲ ਕਰਦੇ ਸਨ ਪਰ ਜਦੋਂ ਤਲਵਿੰਦਰ ਉਹ ਕੋਲ ਆਉਣ ਲਈ ਕਹਿੰਦਾ ਹੈ ਤਾਂ ਉਹ ਉਸ ਨੂੰ ਮਨਾ ਨਹੀਂ ਕਰਦੀ ਸਗੋਂ ਉਸ ਨੂੰ ਆਉਣ ਲਈ ਉਕਸਾਉਂਦੀ ਵੀ ਹੈ ਜਿਸ ਕਾਰਨ ਉਹ ਇਕ ਰਾਤ ਵਿਚ ਹੀ ਇਕ ਦੂਜੇ ਦੇ ਇੰਨੇ ਨੇੜੇ ਆ

ਜਾਂਦੇ ਹਨ ਕਿ ਉਨ੍ਹਾਂ ਦੀ ਦੂਰੀ ਖ਼ਤਮ ਹੋ ਜਾਂਦੀ ਹੈ ਕਿਉਂਕਿ ਉਹ ਦੋਨੋਂ ਹੀ ਸਰੀਰਕ ਸਬੰਧ ਬਣਾਉਣ ਲਈ ਤਿਆਰ ਹੁੰਦੇ ਹਨ। ਉਨ੍ਹਾਂ ਦਾ ਆਪਾਂ ਉਨ੍ਹਾਂ ਦੇ ਬੱਸੋਂ ਬਾਹਰ ਹੋਣ ਕਾਰਨ ਉਹ ਇਕ ਮਿਕ ਹੋ ਜਾਂਦੇ ਹਨ।

ਇਸ ਤੋਂ ਬਾਅਦ ਉਨ੍ਹਾਂ ਦਾ ਮਿਲਣਾ ਆਮ ਹੋ ਗਿਆ ਕਦੇ ਉਹ ਉਸ ਕੋਲ ਆ ਜਾਂਦਾ ਕਦੀ ਉਹ ਉਸ ਕੋਲ ਚਲੀ ਜਾਂਦੀ ਹੈ। ਇਸ  ਮਿਲਣ ਦਾ ਨਤੀਜਾ ਇਹ ਹੋਇਆ ਕਿ ਉਹ ਇਕ ਦੂਜੇ ਨਾਲ ਸਰੀਰੋਂ ਹੀ ਨਹੀਂ ਸਗੋਂ ਮਨੋਂ ਵੀ ਪੂਰੀ ਤਰ੍ਹਾਂ ਜੁੜ ਚੁੱਕੇ ਸਨ ਅਤੇ ਉਨ੍ਹਾਂ ਦਾ ਰਿਸ਼ਤਾ ਅਜਿਹਾ ਹੋ ਗਿਆ ਸੀ ਕਿ ਸ਼ਾਇਦ ਉਹ ਵਿਆਹ ਹੀ ਕਰਵਾ ਲੈਣ ਪਰ ਅਹਿਮ ਮੌਕੇ ਤੇ ਜਾਹਨ ਕੀਥ ਦਾ ਨਵਜੋਤ ਨੂੰ ਮਿਲਣਾ ਹੀ ਉਨ੍ਹਾਂ ਦੇ ਰਿਸ਼ਤੇ ਨੂੰ ਖ਼ਤਮ ਕਰ ਦਿੰਦਾ ਹੈ। ਤਲਵਿੰਦਰ ਵੱਲੋਂ ਕੀਤਾ ਨਵਜੋਤ ਤੇ ਸ਼ੱਕ ਹੀ ਉਸ ਨੂੰ ਮਾਨਸਿਕ ਅਤੇ ਸਰੀਰਕ ਕਸ਼ਟ ਦਿੰਦਾ ਹੈ। ਉਹ ਉਸ ਤੇ ਸ਼ੱਕ ਕਰਨ ਲੱਗ ਜਾਂਦਾ ਹੈ ਜਿਸ ਕਾਰਨ ਉਸ ਦੀ ਨਵਜੋਤ ਨਾਲ ਦੂਰੀ ਬਣਨੀ ਸ਼ੁਰੂ ਹੋ ਜਾਂਦੀ ਹੈ ਤੇ ਉਹ ਚਾਹ ਕੇ ਵੀ ਜਦੋਂ ਉਸ ਤੋਂ ਦੂਰ ਨਹੀਂ ਰਹਿ ਸਕਦਾ ਤਾਂ ਇਕ ਦਿਨ ਉਸ ਨੇ ਪੱਕਾ ਮਨ ਬਣਾ ਕੇ ਨਵਜੋਤ ਨਾਲ ਗੱਲ ਕੀਤੀ ਕਿ ਉਹ ਹੁਣ ਉਸ ਨਾਲ ਕਦੀ ਵੀ ਗੱਲ ਨਹੀਂ ਕਰ ਸਕੇ ਗਾ ਤੇ ਨਵਜੋਤ ਵੱਲੋਂ ਉਸ ਨੂੰ ਅਜਿਹੀ ਖ਼ਬਰ ਦਿੰਦੀ ਹੈ ਕਿ ਉਸ ਦੇ ਪੈਰਾ ਹੇਠੋਂ ਜ਼ਮੀਨ ਨਿਕਲ ਜਾਂਦੀ ਹੈ ਉਸ ਦਾ ਦਿਮਾਗ਼ ਘੁੰਮ ਜਾਂਦਾ ਹੈ।

..................

ਇਸ ਘਟਨਾ ਦਾ ਉਸ ਦੇ ਦਿਮਾਗ ਤੇ ਬਹੁਤ ਗਹਿਰਾ ਅਸਰ ਹੁੰਦਾ ਹੈ ਤੇ ਉਹ ਇਸ ਵਿਚੋਂ ਨਿਕਲਣ ਲਈ ਆਪਣੇ ਘਰ ਦਿਆਂ ਦੀ ਗੱਲ ਮੰਨ ਕੇ ਵਿਆਹ ਕਰਾਉਣ ਲਈ ਮੰਨ ਜਾਂਦਾ ਹੈ, ਪਰ ਉਹ ਚਾਹੁੰਦੇ ਹੋਏ ਵੀ ਨਵਜੋਤ ਨਾਲੋਂ ਅਲੱਗ ਨਹੀਂ ਹੋ ਸਕਿਆ ਕਿਉਂਕਿ ਉਹ ਉਸਨੂੰ ਪਿਆਰ ਕਰਦਾ ਸੀ ਤੇ ਨਵਜੋਤ ਦੇ ਹੋਣ ਵਾਲ ਵਾਲਾ ਬੱਚਾ ਉਸਦਾ ਹੈ ਕਿ ਨਹੀਂ ਉਹ ਇਸ ਬਾਰੇ ਵੀ ਬਹੁਤ ਚਿੰਤਤ ਸੀ।

" ਜੇ ਘਰ ਨੂੰ ਜਾਣਾ ਸੀ, ਦੱਸ ਤਾਂ ਜਾਂਦਾ। ਮੈਂ ਕਿਹੜਾ ਰੋਕਣ ਲੱਗੀ ਸੀ?"

"ਖ਼ਿਆਲ ਈ ਨਹੀਂ ਰਿਹਾ।"

" ਹੁਣ ਧਿਆਨ ਕਿਸੇ ਹੋਰ ਪਾਸੇ ਰਹਿਣ ਲੱਗ ਪਿਆ?"

"......"

"ਚੁੱਪ ਕਾਹਤੋਂ ਹੋ ਗਿਆ ਏਂ?"

" ਹੁਣ ਮੈਨੂੰ ਫ਼ੋਨ ਨਾ ਕਰਿਆ ਕਰ।"

"ਮੈਥੋਂ ਕੋਈ ਬਲੰਡਰ ਹੋ ਗਈ ਏ?"

"ਗ਼ਲਤੀ ਤਾਂ ਨਹੀਂ।"

"ਫੇਰ?"

"ਮੇਰੀ ਕੁੜਮਾਈ ਹੋ ਗਈ ਏ।"

"ਤੇ ਜਿਹਦੇ ਨਾਲ ਹੁਣ ਤੱਕ ਸੌਂਦਾ ਰਿਹਾ ਏ?"

"......"

"ਉਹ ਪਰੋਸਟੀਚਿਊਟ ਸੀ?" ਨਵਜੋਤ ਦਹਾੜੀ।

"......"

"ਠੀਕ ਏ। ਮੇਰਾ ਤੇਰਾ ਹੁਣ ਕੋਈ ਸਬੰਧ ਨਹੀਂ ਰਿਹਾ ਤੇ ਨਾ ਹੀ ਮੈਂ ਰੱਖਣਾ ਚਾਹੁੰਦੀ ਹਾਂ, ਏਦਾਂ ਦੇ ਬੰਦੇ ਨਾਲ। ਪਰ ਜਿਹੜਾ ਮੇਰੇ ਪੇਟ ਚ ਤੇਰਾ ਬੱਚਾ ਪਲ ਰਿਹਾ ਏ? ਉਹਦਾ ਕੀ ਕਰਾਂ?"[10]

ਉਹ ਨਵਜੋਤ ਨਾਲ ਸਿਰਫ਼ ਆਪਣੇ ਸਰੀਰਕ ਸੁੱਖ ਮਾਣਨ ਲਈ ਸੀ ਨਾ ਕਿ ਉਸ ਨੂੰ ਔਖੇ ਸਮੇਂ ਵਿਚ ਸਹਾਰਾ ਦੇਣ ਲਈ। ਉਸ ਕੋਲ ਇੰਨੀ ਹਿੰਮਤ ਨਹੀਂ ਕਿ ਉਹ ਆਪਣੇ ਬੱਚੇ ਨੂੰ ਅਪਣਾਵੇ ਪਰ ਇਸ ਦੇ ਮੁਕਾਬਲੇ ਜਾਹਨ ਕੀਥ ਉਸ ਦੇ ਬੱਚੇ ਨੂੰ ਅਪਣਾਉਂਦਾ ਹੈ ਤੇ ਸਿਰਫ਼ ਨਵਜੋਤ ਨੂੰ ਚਾਹੁੰਦਾ ਹੈ।

ਇਸ ਤੋਂ ਇਲਾਵਾ ਸੁਖਵਿੰਦਰ ਤੇ ਮਨਜੀਤ ਵੀ ਮਾਨਸਿਕ ਤੋਰ ਤੇ ਜੁੜੇ ਹੋਏ ਹਨ। ਉਨ੍ਹਾਂ ਤੇ ਵੀ ਕਿਤੇ ਕਿਤੇ ਈਡ ਭਾਰੀ ਲੱਗਦੀ ਹੈ ਕਿਉਂਕਿ ਮਰਦ ਔਰਤ ਨੂੰ ਸਿਰਫ਼ ਭੋਗਣ ਦੀ ਵਸਤੂ ਹੀ ਮੰਨ ਦਾ ਹੈ ਤੇ ਇਹ ਚੀਜ਼ ਉਨ੍ਹਾਂ ਰਿਸ਼ਤੇ ਵਿਚ ਕਈ ਥਾਵਾਂ ਤੇ ਦਿਸਦੀ ਵੀ। ਮਨਜੀਤ ਚਾਹੁੰਦੀ ਹੋਈ ਵੀ ਉਸ ਕੋਲ ਨਹੀਂ ਜਾਂਦੀ ਕਿਉਂਕਿ ਕੰਮ ਕਾਰਨ ਉਹ ਥੱਕੀ ਹੈ ਪਰ ਉਸ ਦਾ ਪਤੀ ਉਸਦੀ ਪ੍ਰੇਸ਼ਾਨੀ ਨਹੀਂ ਸਮਝਦਾ।

ਜਦ ਵੀ ਸੁਖਵਿੰਦਰ ਮਨਜੀਤ ਨੂੰ ਛੋਹਣ ਲੱਗਦਾ, ਉਹ ਤੜਫ਼ ਕੇ ਪਰ੍ਹਾਂ ਹੋ ਜਾਂਦੀ ਜਿਵੇਂ ਉਹਦੇ ਹੱਥ ਪਿਆਰ ਦੇ ਪ੍ਰੇਰਕ ਹੋਣ ਦੀ ਥਾਂ ਦੁੱਖ ਦਾ ਸਬੱਬ ਬਣ ਗਏ ਹੋਣ। ਉਨ੍ਹਾਂ ਵਿਚ ਪਿਆਰ ਜਾਂ ਸਹਾਨਭੂਤੀ ਦੀ ਕੋਮਲ ਭਾਵਨਾ ਦੀ ਥਾਂ ਕੋਈ ਸੁਆਰਥੀ ਸੰਕੇਤ ਹੋਵੇ। ਪਤਨੀ ਦੇ ਇਸ ਪ੍ਰਤੀਕਰਮ ਨਾਲ ਸੁਖਵਿੰਦਰ ਦੀ ਮਰਦ ਹਉਮੈ ਫੱਟੜ ਹੋ ਜਾਂਦੀ, ਰੂਹ ਲੀਰੋ ਲੀਰ।

ਪਤੀ ਦੇ ਚਿਹਰੇ ਤੇ ਪੀੜ ਦੀਆਂ ਰੇਖਾਵਾਂ ਉੱਘੜੀਆਂ ਦੇਖ ਕੇ ਮਨਜੀਤ ਦਾ ਦਿਲ ਛੋਟਾ ਜਿਹਾ ਹੋ ਜਾਂਦਾ। ਉਹ ਤੜਫ਼ ਕੇ ਰਹਿ ਜਾਂਦੀ। ਦਿਲ ਕਰਦਾ ਕਿ ਦੌੜ ਕੇ ਉਹਨੂੰ ਗਲਵੱਕੜੀ ਜਾ ਪਾਵੇ। ਪਰ ਚਾਹੁੰਦੀ ਹੋਈ ਵੀ ਆਪਣੀ ਇੱਛਾ ਤੇ ਅਮਲ ਨਾ ਕਰ ਸਕਦੀ। ਤਨ ਵਿਚ ਇੰਨੀ ਸਮਰੱਥਾ ਹੀ ਨਹੀਂ ਸੀ ਹੁੰਦੀ। ਸ਼ਕਤੀ ਨਾਲੋਂ ਵੀ ਇਸ ਗੱਲ ਦਾ ਵਧ ਡਰ ਹੁੰਦਾ ਕਿ ਕਿਤੇ ਉਸ ਦੇ ਸਰੀਰ ਦੀਆਂ ਰਗੜਾਂ-ਸੱਟਾਂ ਦੇਖ ਨਾ ਲਵੇ।[11]

ਪਰ ਉਹ ਆਪ ਵੀ ਉਸ ਨਾਲ ਸੌਣਾ ਚਾਹੁੰਦੀ ਸੀ ਕਿਉਂਕਿ ਉਹ ਵੀ ਆਪਣੇ ਪਤੀ ਨੂੰ ਖ਼ੁਸ਼ ਦੇਖਣਾ ਚਾਹੁੰਦੀ ਸੀ ਪਰ ਉਹ ਆਪਣੇ ਸਰੀਰ ਤੇ ਕੰਮ ਦੌਰਾਨ ਲੱਗੀਆਂ ਸੱਟਾਂ ਤੋਂ ਵੀ ਡਰ ਦੀ ਸੀ ਕਿ ਉਹ ਇਹ ਦੇਖ ਕੇ ਕਿਤੇ ਕੁਝ ਗ਼ਲਤ ਹੀ ਨਾਂ ਸਮਝ ਲਵੇ:-

ਇਕ ਪਾਸੇ ਉਹ ਆਪਣੇ ਸਾਥੀ ਦੀ ਲੋੜ ਮਹਿਸੂਸਦੀ ਸੀ। ਉਹਦੇ ਆਪਣੇ ਤਨ ਦੀ ਭੁੱਖ ਵੀ ਹੁੰਦੀ ਸੀ। ਪਰ ਦੂਜੇ ਪਾਸੇ ਇਹ ਡਰ ਵੀ ਸੀ ਕਿ ਪੱਛਿਆ ਤਨ ਪਤੀ ਨੂੰ ਸੁੱਖ ਦੇਣ ਦੀ ਥਾਂ ਕਿਧਰੇ ਦੁੱਖ ਦਾ ਕਾਰਨ ਨਾ ਬਣ ਜਾਵੇ। ਤੇ ਗ਼ੁੱਸੇ ਵਿਚ ਉਹ ਕੋਈ ਐਸੀ ਵੈਸੀ ਹਰਕਤ ਨਾ ਕਰ ਦੇਵੇ।[12]

ਇਕ ਸਨਿਚਰਵਾਰ ਰਾਤੀ ਸੁਖਵਿੰਦਰ ਬਹੁਤ ਹੀ ਖਹਿੜੇ ਪੇ ਗਿਆ। ਉਹ ਟਾਲਣ ਲਈ ਕਹਿਣ ਲੱਗੀ, "ਜੀ ਮੇਰੀ ਤਬੀਅਤ ਠੀਕ ਨਹੀਂ।"

"ਕੀ ਹੋਇਆ, ਤੇਰੀ ਤਬੀਅਤ ਨੂੰ?

"ਮੈਂ ਦੱਸ ਨਹੀਂ ਸਕਦੀ।"

"ਚੰਗਾ ਨਾ ਦੱਸ," ਸੁਖਵਿੰਦਰ ਗ਼ੁੱਸੇ ਵਿਚ ਦੂਜੇ ਪਾਸੇ ਮੂੰਹ ਕਰਕੇ ਪੈ ਗਿਆ। ਮਨਜੀਤ ਤੜਫ਼ ਕੇ ਰਹਿ ਗਈ। ਦਿਲ ਨੇ........................................................ ਤੇ ਕੰਧ ਨੂੰ ਘੂਰਨ ਲੱਗ ਪਈ।[13]

ਇਸ ਨਾਵਲ ਤੋਂ ਇਲਾਵਾ ਕੰਜਕਾਂ ਨਾਵਲ ਵਿਚ ਇਹ ਸਰੀਰਕ ਸਬੰਧ ਬਹੁਤ ਹੀ ਵਿਸਥਾਰ ਨਾਲ ਬਿਆਨ ਕੀਤੇ ਹਨ ਕਿਉਂਕਿ ਸਵਰਨ ਚੰਦਨ ਦੀ ਗਲਪ ਚੇਤਨਾ ਇੰਨੀ ਵਿਸ਼ਾਲ ਹੈ ਕਿ ਉਹ ਇਸ ਨਾਵਲ ਰਾਹੀ ਉਸ ਨੇ ਅਜਿਹੇ ਰਿਸ਼ਤੇ ਬਿਆਨ ਕੀਤੇ ਹਨ ਜੋ ਸਿਰਫ਼ ਸੈਕਸ ਜਾਂ ਫਿਰ ਸਰੀਰਕ ਸੰਬੰਧਾਂ ਦੇ ਕਾਰਨ ਹੀ ਜੁੜੇ ਹਨ ਜਦੋਂ ਤੱਕ ਉਨ੍ਹਾਂ ਦੀ ਇਹ ਲੋੜ ਪੂਰੀ ਹੁੰਦੀ ਰਹਿੰਦੀ ਤਾਂ ਇਕ ਦੂਜੇ ਨਾਲ ਜੁੜੇ ਰਹਿੰਦੇ ਹਨ ਪਰ ਜਿੱਦਾਂ ਹੀ ਉਨ੍ਹਾਂ ਦਾ ਮਤਲਬ ਪੂਰਾ ਹੋ ਜਾਂਦਾ ਹੈ ਉਹ ਇੱਕ ਦੂਜੇ ਨੂੰ ਛੱਡ ਕੇ ਕਿਸੇ ਦੂਜੇ ਦੀ ਭਾਲ ਵਿਚ ਲੱਗ ਜਾਂਦੇ ਹਨ।

ਇਸ ਨਾਵਲ ਦੀ ਮੁੱਖ ਪਾਤਰ ਅਣੂ ਇਸ ਤਰ੍ਹਾਂ ਦੇ ਰਿਸ਼ਤਿਆਂ ਵਿਚ ਇਸ ਤਰ੍ਹਾਂ ਫਸਦੀ ਹੈ ਕਿ ਪੂਰੀ ਜ਼ਿੰਦਗੀ ਬਰਬਾਦ ਕਰ ਲੈਂਦੀ ਉਸ ਨੂੰ ਬਿਲਕੁਲ ਵੀ ਅਹਿਸਾਸ ਨਹੀਂ ਕਿ ਉਹ ਕਿਸੇ ਪਾਸੇ ਜਾਂ ਰਹੀ ਹੈ ਤੇ ਆਪਣੀ ਜ਼ਿੰਦਗੀ ਆਪਣੇ ਹੱਥ ਆਪ ਹੀ ਬਰਬਾਦ ਕਰੀ ਜਾਂ ਰਹੀ ਸੀ। ਉਹ ਘਰ ਦਿਆਂ ਤੋਂ ਦੂਰ ਰਹਿਣ ਵਿਚ ਹੀ ਆਪਣੀ ਆਜ਼ਾਦੀ ਸਮਝ ਰਹੀ ਸੀ ਇਸ ਲਈ ਉਹ ਆਪਣੇ ਘਰ ਦਿਆਂ ਨੂੰ ਬਹੁਤ ਬੁਰਾ ਬੋਲਦੀ ਹੈ ਤੇ ਬੁਰਾ ਵਿਵਹਾਰ ਵੀ ਕਰਦੀ ਹੈ ਤੇ ਜਿਨ੍ਹਾਂ ਉਹ ਆਪਣੇ ਘਰ ਦਿਆਂ ਨੂੰ ਪਿਆਰ ਕਰਦੀ ਸੀ ਉਨ੍ਹਾਂ ਹੀ ਉਹ ਉਨ੍ਹਾਂ ਤੋਂ ਦੂਰ ਚਲੀ ਜਾਂਦੀ ਹੈ। ਜਿਸ ਦੇ ਨਾਲ ਇਹ ਹੋਇਆ ਕਿ ਉਹ ਨਰਕ ਦੀ ਦਲਦਲ ਵਿਚ ਆਪਣੇ ਨੂੰ ਪੂਰੀ ਤਰ੍ਹਾਂ ਦਬਾਅ ਲੈਂਦੀ ਹੈ। ਉਸ ਨੂੰ ਇਹ ਵੀ ਨਹੀਂ ਪਤਾ ਕਿ ਉਹ ਕੀ ਕਰ ਰਹੀ ਹੈ।

ਉਹ ਸ਼ਰਾਬ ਪੀਂਦੀ, ਸਿਗਰਟ ਪੀਂਦੀ ਹੈ ਤੇ ਗੰਦੀਆਂ ਗਾਲ੍ਹਾਂ ਵੀ ਬਹੁਤ ਕੱਢ ਦੀ ਹੈ ਤੇ ਉਹ ਘਰ ਦਿਆਂ ਦੇ ਕੰਟਰੋਲ ਤੋਂ ਬਿਲਕੁਲ ਬਾਹਰ ਹੋ ਗਈ ਹੈ।

ਉਹ ਵੱਖ ਵੱਖ ਨਸਲਾਂ ਦੇ ਮੁੰਡਿਆਂ ਨਾਲ ਸੰਬੰਧ ਬਣਾਉਂਦੀ ਹੈ ਤੇ ਇਕ ਵਾਰ ਗਰਭਵਤੀ ਵੀ ਹੋ ਜਾਂਦੀ ਹੈ ਤੇ ਉਸ ਦੇ ਘਰ ਦੇ ਉਸ ਨੂੰ ਜ਼ਬਰਦਸਤੀ ਘਰ ਲਿਆ ਕੇ ਉਸ ਦਾ ਗਰਭਪਾਤ ਕਰਵਾ ਦਿੰਦੇ ਹਨ।

ਤੀਜੇ ਦਿਨ ਦੀਪੂ ਅਣੂ ਨੂੰ ਕਲੀਨਿਕ ਛੱਡ ਆਇਆ। ਨੌਂ ਵਜੇ। ਤੇ ਦੁਪਹਿਰ ਤੋਂ ਪਿੱਛੋਂ ਗਰਭਪਾਤ ਹੋਣ ਪਿੱਛੋਂ ਘਰ ਲੈ ਆਇਆ। ਭਿੰਦਰ ਲਾਇਬ੍ਰੇਰੀ ਗਈ ਹੋਈ ਸੀ। ਸੁਜਾਨ ਦੀ ਛੁੱਟੀ ਸੀ। ਅਣੂ ਕੋਲੋਂ ਠੀਕ ਤਰ੍ਹਾਂ ਤੁਰ ਵੀ ਨਹੀਂ ਸੀ ਹੋ ਰਿਹਾ। ਦੀਪੂ ਨੇ ਹੌਲੀ ਹੌਲੀ ਤੋਰ ਕੇ ਉਹਨੂੰ ਅੰਦਰ ਲਿਆਂਦਾ। ਉਹ ਸੋਫ਼ੇ ਤੇ ਬੈਠ ਗਈ।

-ਠੀਕ ਹੋ ਗਿਆ ਸਭ ਕੁਸ਼?- ਸੁਜਾਨ ਨੇ ਦੀਪੂ ਤੋਂ ਪੁੱਛਿਆ।

-ਹਾਂ ਜੀ।- ਉਹਨੇ ਦੱਸਿਆ ਤੇ ਫੇਰ ਪੌੜੀਆਂ ਚੜ੍ਹ ਗਿਆ।[14]

ਪਰ ਉਹ ਫਿਰ ਇਸ ਤਰ੍ਹਾਂ ਦਾ ਵਿਵਹਾਰ ਕਰਦੀ ਹੈ ਕਿ ਉਹ ਬਿਲਕੁਲ ਬਦਲ ਗਈ ਹੈ। ਉਹ ਘਰ ਦੇ ਕੰਮਾਂ ਵਿਚ ਰੁਚੀ ਲੈਣ ਲੱਗਦੀ ਹੈ ਪਰ ਇਕ ਦਿਨ ਅਚਾਨਕ ਉਹ ਘਰੋਂ ਸਬਜ਼ੀ ਲੈਣ ਦੇ ਬਹਾਨੇ ਘਰੋਂ ਭੱਜ ਗਈ। ਇਸ ਹਰਕਤ ਨੇ ਉਸ ਦੇ ਘਰ ਦਿਆਂ ਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ ਸੀ। ਉਹ ਫਿਰ ਉਸੇ ਨਰਕ ਵਿਚ ਦੋਬਾਰਾ ਪੈ ਗਈ ਸੀ ਤੇ ਆਪਣੇ ਆਪ ਨੂੰ ਘਰ ਦਿਆਂ ਤੋਂ ਦੂਰ ਕਰ ਲਿਆ ਸੀ ਤੇ ਇਕ ਮੁੰਡੇ ਨਾਲ ਦੋਬਾਰਾ ਉਸੇ ਨਰਕ ਵਿਚ ਚਲੀ ਜਾਂਦੀ ਹੈ ਪਰ ਜਦੋਂ ਉਹ ਉਸ ਮੁੰਡੇ ਦੀ ਇੱਛਾ ਦੀ ਪੂਰਤੀ ਨਹੀਂ ਕਰਦੀ ਤਾਂ ਉਹ ਮੁੰਡਾ ਉਸ ਦੇ ਤਰਲੇ ਮਿੰਨਤਾਂ ਕਰਦਾ ਹੋਇਆ ਉਸ ਨੂੰ ਸਰੀਰਕ ਸੰਬੰਧ ਬਣਾਉਣ ਲਈ ਕਹਿੰਦਾ ਹੈ ਪਰ ਉਸ ਦੇ ਮਨ੍ਹਾ ਕਰਨ ਤੇ ਉਸ ਨੂੰ ਆਪਣੀ ਹਠੀ ਲੱਗਦੀ ਹੈ ਤਾਂ ਉਹ ਉਸ ਨੂੰ ਛੱਡ ਜਾਂਦਾ ਹੈ। ਇਸ ਤੋਂ ਬਾਅਦ ਵੀ ਉਹ ਟਲਦੀ ਨਹੀਂ ਤੇ ਪਤਾ ਨਹੀਂ ਕਿਹੜੀ ਕਿਹੜੀ ਨਸਲ ਦੇ ਮਰਦਾਂ ਦੁਆਰਾ ਵਰਤੀ ਜਾਂਦੀ ਹੈ। ਇਸ ਗੱਲ ਦਾ ਉਸ ਦੇ ਮਾਂ-ਪਿਓ ਨੂੰ ਬਹੁਤ ਦੁੱਖ ਹੁੰਦਾ ਹੈ ਤੇ ਅਤੇ ਤੱਕ ਇਸੇ ਦੁੱਖ

ਵਿਚ ਰਹਿੰਦੇ ਹਨ ਕਿ ਕੀ ਉਨ੍ਹਾਂ ਦੀ ਲੜਕੀ ਕਦੀ ਬਦਲੇਗੀ। ਉਨ੍ਹਾਂ ਦੁਆਰਾ ਦਿੱਤੀ ਆਪਣੀ ਲੜਕੀ ਨੂੰ ਆਜ਼ਾਦੀ ਹੀ ਉਨ੍ਹਾਂ ਦੀ ਤੇ ਉਨ੍ਹਾਂ ਦੇ ਲੜਕੀ ਲਈ ਦੁਸ਼ਮਣ ਬਣ ਜਾਂਦੀ ਹੈ।

ਇਸ ਤੋਂ ਬਿਨਾਂ ਇਸ ਨਾਵਲ ਦੀਆਂ ਦੋ ਹੋਰ ਅਜਿਹੀਆਂ ਪਾਤਰਾਂ ਹਨ ਜੋ ਇਸ ਕਾਮ ਵਾਸ਼ਨਾਵਾਂ ਵਿਚ ਅੰਨ੍ਹੀਆਂ ਹੋ ਕੇ ਇਸ ਨਰਕ ਵਿਚ ਖੁੱਭ ਜਾਂਦੀਆਂ ਹਨ। ਤੇਜ਼ੀ ਤੇ ਜੱਸੀ ਦੋ ਭੈਣਾਂ ਹਨ ਜੋ ਕਾਮ ਵਾਸ਼ਨਾਵਾਂ ਵਿਚ ਵਹਿ ਤੁਰ ਦੀਆਂ ਹਨ ਤੇ ਆਪਣੀ ਜ਼ਿੰਦਗੀ ਬਹੁਤ ਨਰਕ ਭਰੀ ਕਰ ਲੈਂਦੀਆਂ ਹਨ। ਪਹਿਲਾਂ ਉਹ ਦੋਵੇਂ ਏਜੰਟਾਂ (ਬਿੱਲੀ ਤੇ ਸਟੈਲਾ) ਦੇ ਹੱਥੀ ਚੜ ਜਾਂਦੀਆਂ ਹਨ। ਨੌਕਰੀ ਦੀ ਤਲਾਸ਼ ਵਿਚ ਉਹ ਇਸ ਤਰ੍ਹਾਂ ਦੇ ਚੱਕਰਾਂ ਵਿਚ ਫਸ ਜਾਂਦੀਆਂ ਹਨ। ਤੇ ਗ਼ੁੱਸੇ ਵਿਚ ਆ ਕੇ ਇਕ ਦਿਨ ਜੱਸੀ ਬਿੱਲੀ ਨੂੰ ਕਹਿੰਦਾ ਹੈ ਕਿ:-

-ਆਈ ਐਮ ਗੋਇੰਗ ਟੂ ਰਿਪੋਰਟ ਟੂ ਦਾ ਪੁਲੀਸ ਦੈਟ ਯੂ ਆਰ ਐਕਸਪਲਾਇਟਿੰਗ ਮੀ। -ਉਹਨੇ ਕਿਹਾ।

-ਇਜ਼ ਇੱਟ?-ਬਿੱਲੀ ਬੜੇ ਵਿਅੰਗ ਨਾਲ ਬੋਲਿਆ ਸੀ।

-ਯੈੱਸ।-ਤੇ ਉਹ ਫ਼ੋਨ ਵੱਲ ਵਧਣ ਲੱਗੀ ਸੀ। ਬਿੱਲੀ ਦੇ ਕਮਰੇ ਵਿਚ ਹੀ।

-ਬਿਫ਼ੋਰ ਯੂ ਡੂ ਦੈਟ, ਔਲ ਯੂਅਰ ਪਿਕਚਰਜ਼ ਵਿੱਲ ਅਪੀਅਰ ਇਨ ਵੇਰੀਅਸ ਮੈਗਜ਼ੀਨ ਐਂਡ ਪੇਪਰਜ਼... ਯੂਅਰ ਇੰਡੀਅਨ ਪੇਪਰਜ਼ ਐਜ਼ ਵੈੱਲ।- ਉਹ ਮੁਸਕਰਾਉਂਦਾ ਹੋਇਆ ਬੋਲਿਆ ਸੀ। ਤਲੀ ਤੇ ਤਲੀ ਘਸਾਉਂਦਾ ਹੋਇਆ ਤੇ ਉਹਦੀ ਗੱਲ ਸੁਣ ਕੇ ਡਰ ਗਈ।[15]

ਉਨ੍ਹਾਂ ਏਜੰਟਾਂ ਦੁਆਰਾ ਬਣਾਈਆਂ ਉਨ੍ਹਾਂ ਦੋਹਾਂ ਦੀਆਂ ਬਲਿਊ ਫਿਲਮਜ਼ ਉਨ੍ਹਾਂ ਨੂੰ ਇਸ ਨਰਕ ਵਿਚ ਪੂਰੀ ਤਰ੍ਹਾਂ ਖਿੱਚ ਲੈਂਦੀਆਂ ਹਨ। ਉਨ੍ਹਾਂ ਦੁਆਰਾ ਹੋਏ ਬਲੈਕਮੇਲ ਕਾਰਨ ਦੋਨੋਂ ਭੈਣਾਂ ਦੀ ਜ਼ਿੰਦਗੀ ਉਜਾੜ ਜਾਂਦੀ ਹੈ। ਬਿੱਲੀ ਉਸ ਦਾ ਬੁਆਏ ਫਰੈਂਡ ਬਿੱਲੀ ਉਸ ਨੂੰ ਖ਼ੁਦ ਗਾਹਕ ਕੋਲ ਛੱਡ ਕੇ ਆਉਂਦਾ ਹੈ ਤੇ ਪੈਸੇ ਅੱਧੇ ਅੱਧੇ ਕਰ ਲੈਂਦਾ ਹੈ।

ਉਨ੍ਹਾਂ ਦੋਹਾਂ ਨੂੰ ਇਕ ਮੌਕਾ ਮਿਲਦਾ ਵੀ ਹੈ ਕਿ ਉਹ ਇਸ ਨਰਕ ਵਿਚੋਂ ਨਿਕਲ ਜਾਣ ਪਰ ਪੈਸੇ ਤੇ ਸਰੀਰ ਦੀ ਵਧਦੀ ਹੋਈ ਭੁੱਖ ਉਨ੍ਹਾਂ ਨੂੰ ਇਸ ਦਲਦਲ ਵਿਚੋਂ ਨਿਕਲਣ ਨਹੀਂ ਦਿੰਦੀ। ਸਮਾ ਪਾ ਕੇ ਉਹ ਦੋਵੇਂ ਵੀ ਇਸ ਕੰਮ ਦੀਆਂ ਏਜੰਟਾਂ ਬਣ ਜਾਂਦੀਆਂ ਹਨ ਤੇ ਖ਼ੁਦ ਦੀ ਏਜੰਸੀ ਖੋਲ੍ਹ ਲੈਂਦੀਆਂ ਹਨ ਤੇ ਲੜਕੀਆਂ ਸਪਲਾਈ ਕਰਨ ਲੱਗ ਜਾਂਦੀਆਂ ਹਨ ਤੇ ਗਾਹਕ ਕੋਲੋਂ ਲਏ ਗਏ ਪੈਸਿਆਂ ਨੂੰ ਅੱਧਾ ਅੱਧਾ ਕਰ ਲੈਂਦੀਆਂ ਹਨ।

ਅੱਜ ਕੱਲ੍ਹ ਉਨ੍ਹਾਂ ਨੇ ਪੈਡਿੰਗਟਨ ਏਰੀਏ ਵਿਚ ਬੇਜ਼-ਵਾਟਰ ਦੇ ਪਿਛਲੇ ਪਾਸੇ ਇਕ ਕਰਾਏ ਦਾ ਫਲੈਟ ਲਿਆ ਹੈ।

........................................ ਤੇ ਹੁਣ ਉਨ੍ਹਾਂ ਦੀ ਆਪਣੀ ਏਜੰਸੀ ਬਣ ਗਈ ਹੈ।- ਜੈਸੀ "ਜ਼ ਐਸਕੌਰਟ ਗਰਲਜ਼-।

ਉਨ੍ਹਾਂ ਦੀ ਅਖ਼ਬਾਰ ਵਿਚ ਦਿੱਤੀ ਐਡ ਨੂੰ ਦੇਖ ਪੜ੍ਹ ਕੇ ਹੀ ਗਾਹਕ ਫ਼ੋਨ ਕਰਦਾ ਹੈ। ਤੇ ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਕਰਦੀਆਂ ਹਨ। ਜਿਵੇਂ:-

ਅਖ਼ਬਾਰ ਪੜ੍ਹ ਕੇ ਲੋੜਵੰਦ ਗਾਹਕ ਫ਼ੋਨ ਕਰਦਾ ਹੈ। ਤੇ ਉਹ ਉਹਦਾ ਨੰਬਰ ਲੈ ਲੈਂਦੀਆਂ ਹਨ। ਫੇਰ ਆਪਣੇ ਫਲੈਟ ਵਿਚ ਬੈਠੀ ਕੁੜੀ ਨੂੰ ਫ਼ੋਨ ਕਰਦੀਆਂ ਹਨ। ਕੁੜੀ ਗਾਹਕ ਨੂੰ ਫ਼ੋਨ ਕਰਕੇ ਪਤਾ ਨੋਟ ਕਰਦੀ ਹੈ ਤੇ ਤੁਰ ਪੈਂਦੀ ਹੈ।

... ਤੇ ਹੁਣੇ ਇਕ ਫ਼ੋਨ ਆਇਆ ਹੈ

-ਹੈਲੋ... ਐਸਕੌਰਟਸ।-ਉਹਨੇ ਫ਼ੋਨ ਚੁੱਕ ਕੇ ਕਿਹਾ।

-ਹੈਵ ਯੂ ਗੌਟ ਐਨੀ ਗਰਲਜ਼ ਅਵੇਲੇਬਲ?- ਗਾਹਕ ਪੁੱਛਦਾ ਹੈ।

-ਹਓ ਮੈਨੀ?[16]

ਉਹ ਦੋਵਾਂ ਤੇ ਪੂਰੀ ਤਰ੍ਹਾਂ ਈਡ ਭਾਰੂ ਹੋਈ ਸੀ ਜਿਸ ਕਾਰਨ ਉਹ ਦਿਨ-ਬ-ਦਿਨ ਇਸ ਨਰਕ ਵਿਚ ਖੁੱਭ ਜਾਂਦੀਆਂ ਹਨ। ਜਿਵੇਂ

ਤੇਜ਼ੀ ਸ਼ਾਮ ਦੀ ਗਰੀ ਹੋਈ ਹੈ। ਉਹ ਅਜੇ ਨਹੀਂ ਆਈ। ਫਾਈਵ-ਸਟਾਰ ਹੋਟਲ ਦੇ ਮੈਨੇਜਰ ਦਾ ਫ਼ੋਨ ਸੀ। ਅਰਬ ਦੀ ਕੋਈ ਪਾਰਟੀ ਸੀ। ਪੈਸੇ ਦੀ ਕੋਈ ਸਮੱਸਿਆ ਹੀ ਨਹੀਂ। ਤੇ ਜਦੋਂ ਜੱਸੀ ਆਪ ਜਾਂਦੀ ਹੈ ਤਾਂ ਫ਼ੋਨ ਤੇ ਤੇਜ਼ੀ ਬੈਠਦੀ ਹੈ। ... ਉਹ ਦੋਵੇਂ ਏਥੇ ਲਾਗੇ-ਚਾਗੇ ਕੋਈ ਹੋਟਲ ਜਾਂ ਰੈਸਟੋਰੈਂਟ ਖ਼ਰੀਦਣਾ ਚਾਹੁੰਦੀਆਂ ਹਨ। ਅਜੇ ਤਾਂ ਸ਼ੁਰੂਆਤ ਹੈ। ਸ਼ਾਇਦ ਕੁਝ ਸਾਲਾਂ ਵਿਚ ਇਹ ਕੰਮ ਹੋ ਜਾਵੇ। ਫੇਰ ਆਰਾਮ ਕਰਨਗੀਆਂ ਉਹ ਦੋਵੇਂ ਸੋਚਦੀਆਂ ਹਨ। ਪਰ ਵੈਸਟ-ਐਂਡ 'ਚੋਂ ਬਾਹਰ ਨਿਕਲਣਾ ਹੁਣ ਮੁਸ਼ਕਿਲ ਹੈ। ਮੁਸ਼ਕਿਲ ਹੀ ਨਹੀਂ, ਬਲਕਿ-ਇਮਪੌਸੀਬਲ।[17]

ਇਸੇ ਤਰ੍ਹਾਂ ਇਕ ਪ੍ਰੇਮੀ ਜੋੜਾ ਭਗਤ ਤੇ ਉਸ ਦੀ ਪ੍ਰੇਮਿਕਾ ਹੈ ਜੋ ਘਰ ਦਿਆਂ ਦੀ ਮਰਜ਼ੀ ਤੋਂ ਬਿਨਾਂ ਹੀ ਭੱਜ ਕੇ ਵਿਆਹ ਕਰਾ ਲੈਂਦੇ ਹਨ। ਇਨ੍ਹਾਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਕਾਮ ਹੀ ਹੈ। ਜਿਸ ਵਿਚ ਫਸ ਕੇ ਘਰ ਦਿਆਂ ਤੋਂ ਬਗ਼ਾਵਤ ਹੋ ਜਾਂਦੀ ਹੈ।

ਨਕਸ਼ਦੀਪ ਪੰਜਕੋਹਾ ਦਾ ਨਾਵਲ ਗਿਰਵੀ ਹੋਏ ਮਨ ਵਿਚ ਵੀ ਉਸ ਨੇ ਇਸ ਲੋੜ ਬਹੁਤ ਵਿਸਥਾਰ ਨਾਲ ਬਿਆਨ ਕੀਤਾ ਹੈ। ਉਸ ਦਾ ਇਹ ਨਾਵਲ ਦੂਜੇ ਦੋਹਾਂ ਨਾਲੋਂ ਅਲੱਗ ਹੈ। ਇਸ ਦਾ ਮੁੱਖ ਪਾਤਰ ਇਸ ਤਰ੍ਹਾਂ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਉਹ ਮਾਨਸਿਕ ਤੋਰ ਤੇ ਪ੍ਰੇਸ਼ਾਨ ਹੋ ਕੇ ਹੀ ਵਿਦੇਸ਼ ਵਿਚ ਜਾਂ ਕੇ ਨੌਕਰੀ ਕਰਦਾ ਹੈ। ਉਹ ਆਪਣੀ ਪੈਸਿਆਂ ਦੀ ਪ੍ਰੇਸ਼ਾਨੀ ਤਾਂ ਦੂਰ ਕਰ ਲੈਂਦਾ ਹੈ ਪਰ ਉਸ ਦੀ ਸਰੀਰਕ ਭੁੱਖ ਬਹੁਤ ਜ਼ਿਆਦਾ ਵਧੀ ਹੋਈ ਹੇ। ਜਿਸ ਕਾਰਨ ਉਹ ਅਨੇਕਾਂ ਔਰਤਾਂ ਦਾ ਸਾਥ ਮਾਣ ਚੁੱਕਾ ਹੈ ਤੇ ਉਹ ਅੱਗੇ ਵੀ ਕਾਮ ਵਾਸ਼ਨਾ ਵਿਚ ਹੀ ਰੁੜ੍ਹਿਆਂ ਹੀ ਰਹਿੰਦਾ ਹੈ। ਪਰ ਉਸ

ਦੀ ਤਲਾਸ਼ ਸਦਾ ਹੀ ਭਟਕਦੀ ਹੀ ਰਹਿੰਦੀ ਸੀ। ਤੇ ਉਸ ਨੂੰ ਮਿਲੇ ਡੋਰਥੀ ਦੇ ਸਾਥ ਕਾਰਨ ਉਸ ਨੂੰ ਆਪਣੀ ਤਲਾਸ਼ ਪੂਰੀ ਹੁੰਦੀ ਪ੍ਰਤੀਤ ਹੋਈ। ਡੋਰਥੀ ਦੇ ਉਸਦੀ ਜ਼ਿੰਦਗੀ ਵਿਚ ਆਉਣ ਨਾਲ ਉਸ ਦੀ ਸਾਰੀ ਤਲਾਸ਼, ਉਸਦੀ ਸਾਰੀ ਭਟਕਣਾ ਖ਼ਤਮ ਹੋ ਗਈ ਸੀ।

ਪਹਿਲਾਂ ਤਾਂ ਉਸ ਨੇ ਸਿਰਫ਼ ਆਪਣੇ ਮਤਲਬ ਭਾਵ ਕੇ ਪੱਕਾ ਹੋਣ( ਗਰੀਨ ਕਾਰਡ) ਲਈ ਉਸ ਨਾਲ ਨਕਲੀ ਜਿਹੀ ਕੋਰਟ ਮੈਰਿਜ ਕਰਵਾ ਲੈਂਦਾ ਹੈ। ਇਸ ਨਾਲ ਉਸ ਨੂੰ ਦੋ ਤਰ੍ਹਾਂ ਨਾਲ ਮਾਨਸਿਕ ਸੰਤੁਸ਼ਟੀ ਮਿਲਦੀ ਹੈ। ਇਕ ਉਸ ਨੂੰ ਗਰੀਨ ਕਾਰਡ ਮਿਲ ਜਾਣਾ ਸੀ ਤੇ ਦੂਜਾ ਉਸ ਨੂੰ ਆਪਣੀ ਸਰੀਰਕ ਭੁੱਖ ਮਿਟਾਉਣ ਲਈ ਥਾਂ ਥਾਂ ਭਟਕਣਾ ਨਹੀਂ ਸੀ ਪੈਣਾ। ਉਸ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਉਹ ਸਿਰਫ਼ ਆਪਣੇ ਮਤਲਬ ਲਈ ਹੀ ਵਿਆਹ ਕਰਾਵੇਗਾ।

ਡੋਰਥੀ ਦਾ ਆਪਣੇ ਬੁਆਏ ਫਰੈਂਡ ਨਾਲ ਹੋਏ ਝਗੜੇ ਕਾਰਨ ਉਹ ਉਸ ਨਾਲ ਰਹਿਣ ਲਈ, ਵਿਆਹ ਕਰਾਉਣ ਲਈ ਤੇ ਪੱਕਾ ਕਰਾਉਣ ਲਈ ਮੰਨ ਜਾਂਦੀ ਹੈ ਕਿਉਂਕਿ ਉਸ ਕੋਲ ਵੀ ਕੋਈ ਸਾਥੀ ਨਹੀਂ ਹੈ ਜਿਸ ਨਾਲ ਉਹ ਗੱਲ ਕਰ ਸਕੇ, ਉਸ ਨਾਲ ਪਿਆਰ ਕਰ ਸਕੇ, ਤੇ ਉਸ ਨਾਲ ਵਿਆਹ ਕਰਾ ਕੇ ਉਸ ਨੂੰ ਪੱਕਾ ਕਰਾ ਸਕੇ। ਇਸ ਦੇ ਬਾਰੇ ਡੋਰਥੀ ਨੂੰ ਸੰਸਾਰ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਤੇ ਡੋਰਥੀ ਉਸ ਨਾਲ ਆਪਣੀ ਮਰਜ਼ੀ ਨਾਲ ਜੁੜੀ ਸੀ। ਉਸ ਦਾ ਇਕ ਕਾਰਨ ਇਹ ਵੀ ਸੀ ਕੇ ਉਹ ਇਕੱਲਤਾ ਦੀ ਸ਼ਿਕਾਰ ਸੀ। ਉਸ ਦੀ ਮਾਂ ਨੇ ਉਸ ਨੂੰ ਪਹਿਲਾਂ ਹੀ ਦੱਸਿਆਂ ਸੀ ਕੇ ਮਰਦ ਸਿਰਫ਼ ਆਪਣੇ ਲੋੜ ਪੂਰੀ ਕਰਨ ਲਈ ਹੀ ਔਰਤ ਨਾਲ ਜੁੜਦੇ ਹਨ। ਚਾਹੇ ਉਹ ਆਪਣੀ ਸਰੀਰਕ ਭੁੱਖ ਲਈ ਹੋਣ ਤੇ ਚਾਹੇ ਉਹ ਗਰੀਨ ਕਾਰਡ ਲਈ। ਤੇ ਸੰਸਾਰ ਉਸ ਦੀ ਮਾਂ ਦੀ ਇਸ ਸਲਾਹ ਦੀ ਕਦਰ ਵੀ ਕਰਦਾ ਹੈ ਤੇ ਉਸ ਨੂੰ ਸੱਚ ਪਹਿਲਾਂ ਹੀ ਦੱਸ ਦਿੰਦਾ ਹੈ।

ਮਜਬੂਰੀ ਨਾਲ ਬਣਾਏ ਰਿਸ਼ਤੇ ਵੀ ਕਈ ਵਾਰ ਸਹੀ ਸਾਬਤ ਹੋ ਜਾਂਦੇ ਹਨ ਇਹ ਨਾਵਲ ਵਿਚ ਇਹ ਹੀ ਦਿਖਾਇਆ ਗਿਆ ਹੈ। ਪਹਿਲਾਂ ਦੋਸਤੀ, ਫਿਰ ਵਿਆਹ ਤੇ ਫਿਰ ਪਿਆਰ ਇਹ ਸਭ ਇਸ ਨਾਵਲ ਦੇ ਪਲਾਂਟ ਨੂੰ ਅੱਗੇ ਲੈ ਕੇ ਜਾਂਦੇ ਹਨ। ਸੰਸਾਰ ਤੇ ਡੋਰਥੀ ਦੋਨੋਂ ਮਾਨਸਿਕ ਤੌਰ ਤੇ ਪੂਰੀ ਤਰ੍ਹਾਂ ਸੰਤੁਸ਼ਟ ਸਨ ਕਿ ਉਨ੍ਹਾਂ ਦੀ ਲੋੜ ਇਕ ਦੂਜੇ ਕੋਲੋਂ ਹੀ ਪੂਰੀ ਹੋ ਰਹੀ ਹੈ। ਉਹ ਘੁੰਮਦੇ ਫਿਰਦੇ ਹਨ ਤੇ ਇਸ ਤਰ੍ਹਾਂ ਉਹ ਵਧੀਆਂ ਸਮਾਂ ਬਿਤਾਉਂਦੇ ਹੋਏ ਜ਼ਿੰਦਗੀ ਗੁਜ਼ਾਰ ਦੇ ਹਨ।

ਉਨ੍ਹਾਂ ਦੀ ਜ਼ਿੰਦਗੀ ਵਿਚ ਮਾਨਸਿਕ ਤੌਰ ਤੇ ਉਸ ਸਮੇਂ ਪ੍ਰੇਸ਼ਾਨੀ ਆਉਂਦੀ ਹੈ ਜਦੋਂ ਸੰਸਾਰ ਇੰਡੀਆ ਆਉਣਾ ਚਾਹੁੰਦਾ ਹੈ ਤੇ ਡੋਰਥੀ ਉਸ ਦੇ ਨਾਲ ਜਾਣਾ ਚਾਹੁੰਦੀ ਹੈ। ਪਰ ਉਹ ਉਸ ਨੂੰ ਫੇਰ ਲੈ ਕੇ ਜਾਣ ਲਈ ਟਰਕਾਉਣਾ ਚਾਹੁੰਦਾ ਹੈ। ਪਰ ਡੋਰਥੀ ਉਸ ਲਈ ਸਮੱਸਿਆ ਖੜੀ ਕਰ ਦਿੰਦੀ ਹੈ ਕਿਉਂਕਿ ਉਹ ਵੀ ਨਾਲ ਜਾਣਾ ਚਾਹੁੰਦੀ ਸੀ। ਮਾਨਸਿਕ ਪ੍ਰੇਸ਼ਾਨੀ ਵਿਚ ਉਹ ਦੋਬਾਰਾ ਇਸ ਕਾਰਨ ਆਉਂਦਾ ਹੈ ਜਦੋਂ ਡੋਰਥੀ ਔਰਤ ਹੋਣ ਦੇ ਕਾਰਨ ਤੇ ਉਸ ਦੀ ਪਤਨੀ ਹੋਣ ਕਾਰਨ ਉਸ ਕੋਲੋਂ ਆਪਣਾ ਹੱਕ ਭਾਵ ਬੱਚੇ ਦੀ ਇੱਛਾ ਪ੍ਰਗਟ ਕਰਦੀ ਹੈ। ਪਰ ਸੰਸਾਰ ਬੱਚੇ ਲਈ ਅਜੇ ਤਿਆਰ ਨਹੀਂ ਹੈ

ਕਿਉਂਕਿ ਉਸ ਨੂੰ ਉਸ ਨਾਲ ਵਿਆਹ ਮਨਜ਼ੂਰ ਹੈ, ਪਿਆਰ ਮਨਜ਼ੂਰ ਹੈ ਪਰ ਉਸ ਤੋਂ ਪੈਂਦਾ ਹੋਈ ਰਲ਼ੀ ਮਿਲੀ ਮਨਜ਼ੂਰ ਨਹੀਂ ਸੀ। ਪਰ ਉਹ ਜ਼ਿੱਦ ਕਰਕੇ ਬੱਚਾ ਲੈ ਲੈਂਦੇ ਹਨ।

ਸੰਸਾਰ ਲੜਕੀ ਨਹੀਂ ਚਾਹੁੰਦਾ ਤੇ ਪਰ ਡੋਰਥੀ ਲੜਕੀ ਚਾਹੁੰਦੀ ਹੈ। ਇਹ ਗੱਲ ਉਨ੍ਹਾਂ ਦੇ ਰਿਸ਼ਤਾ ਨੂੰ ਤੋੜਨ ਵਿਚ ਇਕ ਅਹਿਮ ਲੜੀ ਹੈ। ਕਿਉਂਕਿ ਸੰਸਾਰ ਭਾਰਤੀ ਮਰਦ ਵਾਂਗ ਲੜਕਾ ਚਾਹੁੰਦਾ ਹੈ। ਤੇ ਜੇ ਲੜਕੀ ਵੀ ਹੋਵੇ ਤਾਂ ਉਸ ਨੂੰ ਭਾਰਤ ਵਿਚ ਪਾਲਣਾ ਚਾਹੁੰਦਾ ਹੈ। ਪਰ ਡੋਰਥੀ ਇਸ ਗੱਲ ਨਹੀਂ ਮੰਨਦੀ ਤੇ ਆਪਣੀ ਬੱਚੀ ਦੀ ਪੂਰਨ ਆਜ਼ਾਦੀ ਚਾਹੁੰਦੀ ਹੈ ਜੋ ਕੀ ਸੰਸਾਰ ਨੂੰ ਮਨਜ਼ੂਰ ਨਹੀਂ। ਇਹ ਗੱਲ ਇੰਨੀ ਵੱਧ ਜਾਂਦੀ ਹੈ ਕਿ ਉਹ ਸੁਲਾਹ ਸਫ਼ਾਈ ਨਾਲ ਬਿਨਾਂ ਕਿਸੇ ਦੀ ਸਲਾਹ ਦੇ ਹੀ ਆਪਣਾ ਰਿਸ਼ਤਾ ਖ਼ਤਮ ਕਰ ਲੈਂਦੇ ਹਨ। ਤੇ ਬੱਚੀ ਡੋਰਥੀ ਕੋਲ ਹੀ ਰਹਿੰਦੀ ਹੈ ਕਿਉਂਕਿ ਉਸ ਤੇ ਮਾਂ ਦਾ ਹੱਕ ਜ਼ਿਆਦਾ ਮੰਨਿਆਂ ਜਾਂਦਾ ਹੈ। ਉਹ ਬਹੁਤ ਮਿੰਨਤਾਂ ਵੀ ਕਰਦਾ ਹੈ ਪਰ ਉਹ ਨਹੀਂ ਮੰਨਦੀ।

ਇਸ ਤੋਂ ਬਾਅਦ ਡੋਰਥੀ ਫਿਰ ਤੋਂ ਆਪਣੇ ਤਨ ਦੀ ਭੁੱਖ ਨੂੰ ਮਿਟਾਉਣ ਲਈ ਵਾਰ ਸਾਥੀ ਬਦਲੀ ਹੈ ਪਰ ਉਹ ਕਿਸੇ ਨਾਲ ਜ਼ਿਆਦਾ ਸਮਾਂ ਨਹੀਂ ਟਿਕ ਪਾਉਂਦੀ। ਇਸ ਕਾਰਨ ਸੰਸਾਰ ਨੂੰ ਆਪਣੀ ਬੱਚੀ ਦੀ ਬਹੁਤ ਫ਼ਿਕਰ ਹੁੰਦੀ ਹੈ। ਪਰ ਡੋਰਥੀ ਆਪਣੇ ਲਈ ਸਾਥੀ ਦੀ ਭਾਲ ਜਾਰੀ ਰੱਖਦੀ ਹੈ ਤੇ ਉਸ ਦੇ ਭਰਾ ਨੇ ਸੰਸਾਰ ਨੂੰ ਦੱਸਿਆਂ ਕਿ ਉਸ ਨੇ ਇਕ ਸਾਥੀ ਲੱਭ ਲਿਆ ਹੈ।

ਸੰਸਾਰ ਵੀ ਔਰਤ ਤੋਂ ਬਿਨਾਂ ਨਹੀਂ ਰਹਿ ਸਕਦਾ ਇਸ ਲਈ ਉਹ ਵੀ ਭਾਰਤ ਜਾਂ ਕੇ ਵਿਆਹ ਕਰਵਾ ਲੈਂਦਾ ਹੈ ਤੇ ਅੰਤ ਵਿਚ ਆਪਣੀ ਪਤਨੀ ਦੀ ਉਡੀਕ ਕਰਦਾ ਹੈ ਤੇ ਉਸ ਨਾਲ ਵਫ਼ਾਦਾਰ ਹੋਣ ਬਾਰੇ ਸੋਚਦਾ ਹੈ। ਉਸ ਦੇ ਆਉਣ ਲਈ ਆਪਣਾ ਮਨ ਗਿਰਵੀ ਰੱਖ ਦਿੰਦਾ ਹੈ।

ਉਪਰੋਕਤ ਤਿੰਨਾਂ ਨਾਵਲਾਂ ਵਿਚ ਸਾਰੇ ਪਾਤਰ ਚਾਹੇ ਔਰਤ ਹਨ ਚਾਹੇ ਮਰਦ। ਸਾਰੇ ਹੀ ਇਕ ਦੂਜੇ ਨਾਲ ਮਾਨਸਿਕ ਤੋਰ ਤੇ ਜੁੜੇ ਹਨ। ਇਸ ਮਾਨਸਿਕਤਾ ਦੇ ਨਾਲ ਜੁੜਨ ਕਾਰਨ ਹੀ ਉਹ ਇਕ ਦੂਜੇ ਤੋਂ ਪ੍ਰੇਸ਼ਾਨ ਵੀ ਹਨ ਤੇ ਦੁਖੀ ਵੀ ਹਨ। ਇਸ ਸੁੱਖ ਦੁੱਖ ਕਾਰਨ ਜੁੜੇ ਹੋਣ ਦੇ ਕਾਰਨ ਹੀ ਉਹ ਨਾ ਤਾਂ ਕਿਸੇ ਨਾਲੋਂ ਟੁੱਟ ਦੇ ਹਨ ਤੇ ਨਾ ਹੀ ਚੰਗੀ ਤਰ੍ਹਾਂ ਜੁੜਦੇ ਹੀ ਹਨ। ਉਹ ਮਾਨਸਿਕ ਤੋਰ ਤੇ ਖ਼ਾਸ ਕਰਕੇ ਇਡ ਦੇ ਪ੍ਰਭਾਵ ਕਾਰਨ ਉਹ ਆਪਣੀ ਜ਼ਿੰਦਗੀ ਖ਼ਰਾਬ ਕਰ ਰਹੇ ਹਨ। ਉਹ ਆਪਣੀ ਅਸਲ ਆਜ਼ਾਦੀ ਇਸ ਗੱਲ ਨੂੰ ਹੀ ਮੰਨਦੇ ਹਨ ਕਿ ਉਹ ਬੱਸ ਆਪਣੀ ਆਦਤ ਮੁਤਾਬਿਕ ਕਿਸੇ ਨਾਲ ਵੀ ਸੰਬੰਧ ਬਣਾ ਸਕਦੇ ਹਨ। ਕਿਸੇ ਨਾਲ ਵੀ ਰਹਿ ਸਕਦੇ ਹੋਣ। ਅਗਰ ਉਹ ਕਿਸੇ ਨਾਲ ਰਹਿੰਦੇ ਹਨ ਤਾਂ ਇਸ ਵਿਚ ਉਨ੍ਹਾਂ ਨੂੰ ਕੋਈ ਮਾੜਾ ਨਹੀਂ ਲੱਗਦਾ। ਕਿਉਂਕਿ ਉਹ ਸਿਰਫ਼ ਇਸ ਗੱਲ ਵਿਚ ਹੀ ਆਜ਼ਾਦੀ ਮੰਨਦੇ ਹਨ ਕਿ ਉਹ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਨਾਲ ਜਿਉਂ। ਘਰ ਦੇ ਕੋਈ ਵੀ ਦਖ਼ਲ ਅੰਦਾਜ਼ੀ ਨਾ ਕਰਨ। ਪਰ ਮਾਤਾ ਪਿਤਾ ਆਪਣੇ ਬੱਚਿਆਂ ਦਾ ਕਦੀ ਵੀ ਮਾੜਾ ਨਹੀਂ ਸੋਚਦੇ। ਇਸ ਲਈ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਕਿਸੇ ਸਮੱਸਿਆ ਵਿਚ ਨਾ ਆ ਜਾਣ ਭਾਵ ਕਿ ਏਡਜ਼ ਵਰਗੀ ਭਿਆਨਕ ਬਿਮਾਰੀ ਦੀ ਮਾਰ ਹੇਠ ਨਾ ਆ ਜਾਣ।

[1] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-60
[2] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-41
[3] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-41-42
[4] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-155
[5] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-182
[6] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-183
[7] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-184-185
[8] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-342
[9] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-138
[10] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-310
[11] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-106
[12] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-106
[13] ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ, ਪੰਨਾ-106
[14] ਸਵਰਨ ਚੰਦਨ, ਕੰਜਕਾਂ, ਪੰਨਾ-416
[15] ਸਵਰਨ ਚੰਦਨ, ਕੰਜਕਾਂ, ਪੰਨਾ-446
[16] ਸਵਰਨ ਚੰਦਨ, ਕੰਜਕਾਂ, ਪੰਨਾ-449
[17] ਸਵਰਨ ਚੰਦਨ, ਕੰਜਕਾਂ, ਪੰਨਾ-450

# ਸਿੱਟੇ ਤੇ ਸਥਾਪਨਾਵਾਂ

ਉਪਰੋਕਤ ਇਸ ਖੋਜ ਕਾਰਜ ਦੇ ਆਧਾਰ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਨਾਵਲਕਾਰ ਦਰਸ਼ਨ ਸਿੰਘ ਧੀਰ, ਸਵਰਨ ਚੰਦਨ ਅਤੇ ਗ.ਸ. ਨਕਸ਼ਦੀਪ ਪੰਜਕੋਹਾ ਪੱਛਮੀ ਨਾਵਲਕਾਰ ਹਨ। ਉਨ੍ਹਾਂ ਨੇ ਬਹੁਤ ਸਾਰੀਆਂ ਰਚਨਾਵਾਂ ਦੀ ਰਚਨਾ ਕੀਤੀ ਹੈ।ਜਿਸ ਕਾਰਨ ਉਹ ਸਥਾਪਿਤ ਨਾਵਲਕਾਰ ਬਣ ਗਏ ਹਨ। ਉਨ੍ਹਾਂ ਦੀ ਰਚਨਾਵਾਂ ਅਤੇ ਵਿਸ਼ੇ ਵਧੀਆਂ ਅਤੇ ਅਲੱਗ ਹਨ। ਇਸ ਖੋਜ ਕਾਰਜ ਦੇ ਨਾਵਲ 'ਪੈੜਾਂ ਦੇ ਆਰ ਪਾਰ', 'ਕੰਜਕਾਂ' ਅਤੇ 'ਗਿਰਵੀ ਹੋਏ ਮਨ' ਬਹੁਤ ਹੀ ਅਲੱਗ ਕਿਸਮ ਦੇ ਨਾਵਲ ਹਨ। ਇਨ੍ਹਾਂ ਦਾ ਸਿਰਲੇਖ ਅਜਿਹਾ ਹੈ ਕਿ ਨਾਵਲਾਂ ਦੇ ਨਾਮ ਤੋਂ ਹੀ ਨਾਵਲ ਪੜ੍ਹਨ ਲਈ ਪਾਠਕ ਉਤਸੁਕ ਹੁੰਦੇ ਹਨ। ਇਨ੍ਹਾਂ ਨਾਵਲਕਾਰਾਂ ਨੇ ਆਪਣੇ ਨਾਵਲਾਂ ਦੇ ਸਿਰਲੇਖ ਨੂੰ ਬਾਖੂਬੀ ਢੰਗ ਨਾਲ ਪੇਸ਼ ਕੀਤਾ ਹੈ ਤੇ ਸਾਬਤ ਵੀ ਕੀਤਾ ਹੈ।

ਧੀਰ ਦਾ ਨਾਵਲ ਪੈੜਾਂ ਦੇ ਆਰ ਪਾਰ ਦਾ ਆਧਾਰ ਹੈ ਕਿ ਪੈੜਾਂ ਭਾਵ ਕਿ ਲੀਹਾਂ ਪਾਉਣੀਆਂ ਤਾਂ ਔਖੀਆਂ ਹਨ। ਕਿਉਂਕਿ ਲੀਹ ਉਹ ਹੀ ਪਾ ਸਕਦਾ ਹੈ ਜਿਸ ਵਿਚ ਜ਼ੋਰ ਭਾਵ ਕਿ ਦਮ ਹੁੰਦਾ ਹੈ। ਪਾਈ ਹੋਈ ਲੀਹ ਤੇ ਤਾਂ ਹਰ ਕੋਈ ਤੁਰ ਸਕਦਾ ਹੈ ਇਸ ਲਈ ਨਵੀਆਂ ਪੈੜਾਂ ਪਾਉਣੀਆਂ ਮੁਸ਼ਕਿਲ ਹਨ। ਇਸ ਨਾਵਲ ਵਿਚ ਲੀਹਾਂ ਉਹ ਹਨ ਜੋ ਰਿਸ਼ਤਿਆਂ ਦੇ ਆਰ ਪਾਰ ਹਨ।ਇਸ ਲਈ ਨਵਜੋਤ ਵਿਆਹ ਨਾ ਕਰਾ ਕੇ ਔਰਤ ਦੀ ਸੁਤੰਤਰਤਾ ਦੀ ਹਾਮੀ ਭਰਦੀ ਹੈ। ਤੇ ਨਵੀਂ ਪੈੜ ਪਾਉਣ ਲਈ ਉਹ ਪਾਰਟਨਰਸ਼ਿਪ ਨੂੰ ਆਧਾਰ ਬਣਾਉਂਦੀ ਹੈ।ਉਸ ਦੀ ਇਹ ਪੈੜ ਦੇ ਆਰ ਪਾਰ ਭਾਵ ਆਲ਼ੇ ਦੁਆਲੇ ਜੋ ਵੀ ਰਿਸ਼ਤੇ ਹਨ ਉਹ ਸਭ ਛੁੱਟ ਜਾਂਦੇ ਅਤੇ ਕਈ ਟੁੱਟ ਜਾਂਦੇ ਹਨ ਉਹ ਨਵੀਂ ਲੀਹ ਤਾਂ ਪਾ ਲੈਂਦੀ ਹੈ ਪਰ ਅੰਤ ਵਿਚ ਉਸ ਦੇ ਪੱਲੇ ਕੁਝ ਵੀ ਨਹੀਂ ਪੈਦਾ। ਜੇ ਉਹ ਇਹੀ ਆਜ਼ਾਦੀ ਆਪਣੇ ਘਰ ਪਰਿਵਾਰ ਵਿਚ ਰਹਿ ਕੇ ਮਾਣਦੀ ਤਾਂ ਉਹ ਸਾਰਿਆਂ ਨੂੰ ਆਪਣੇ ਨਾਲ ਜੋੜੀ ਰੱਖਦੀ।ਉਹ ਇਹ ਮੰਨਦੀ ਹੈ ਕਿ ਮਰਦ ਔਰਤ ਨੂੰ ਦੂਜੀ ਧਿਰ ਮੰਨਦਾ ਹੈ ਤੇ ਉਹ ਇਸ ਗੱਲ ਵਿਚ ਆਜ਼ਾਦੀ ਸਮਝਦੀ ਹੈ ਕਿ ਮਰਦ ਔਰਤ ਨੂੰ ਦੂਜੀ ਧਿਰ ਨਾ ਮੰਨ ਕੇ ਬਰਾਬਰ ਦੀ ਧਿਰ ਮੰਨੇ ਪਰ ਮਰਦ ਅਜਿਹਾ ਨਹੀਂ ਕਰਦਾ ਜਿਸ ਕਰਕੇ ਇਹ ਸਭ ਤਾਂ ਹੀ ਹੋ ਸਕਦਾ ਹੈ ਅਗਰ ਉਹ ਵਿਆਹ ਨਹੀਂ ਕਰਾਵੇਗੀ ਕਿਉਂਕਿ ਮਰਦ ਕੋਲ ਇਹ ਹੀ ਇੱਕੋ ਇਕ ਹਥਿਆਰ ਵਿਆਹ ਦਾ ਹੈ ਜਿਸ ਰਾਹੀਂ ਉਹ ਔਰਤ ਨੂੰ ਆਪਣੀ ਗ਼ੁਲਾਮ ਬਣਾ ਸਕੇ ਤੇ ਆਪਣੀ ਲੋੜ ਅਨੁਸਾਰ ਭੋਗ ਸਕੇ ਤੇ ਲੋੜ ਪੂਰੀ ਹੋਣ ਤੇ ਜਾਂ ਲੋੜ ਪੈਣ ਉਹ ਉਸ ਕੋਲੋਂ ਆਪਣਾ ਪੱਲਾ ਵੀ ਛੁਡਾ ਲਵੇ।ਇਹ ਹੀ ਕਾਰਨ ਹੈ ਕਿ ਉਹ ਆਦਮੀ ਨਫ਼ਰਤ ਕਰਦੀ ਹੈ ਕਿਉਂਕਿ ਉਹ ਔਰਤ ਨੂੰ ਪੈਰ ਦੀ ਜੁੱਤੀ ਸਮਝਦਾ ਹੈ ਪਰ ਅਜੋਕਾ ਸਮਾ ਅਜਿਹਾ ਹੈ ਜਿਸ ਵਿਚ ਮਰਦ ਔਰਤ ਦੇ ਪਿੱਛੇ ਕੁੱਤਾ ਵਾਂਗ ਪੂਛ ਹਿਲਾਉਂਦਾ ਘੁੰਮਦਾ ਹੈ।ਇਹ ਗੱਲ ਜਿੱਥੇ ਉਸ ਦੀ ਆਜ਼ਾਦੀ ਨੂੰ ਦਰਸਾਉਂਦੀ ਹੈ ਉੱਥੇ ਹੀ ਉਸ ਦੀ ਇਕ ਬਹੁਤ ਵੱਡੀ ਕਮਜ਼ੋਰੀ ਵੀ ਹੈ ਕਿ ਜਿਸ ਦੇ ਕਾਰਨ ਉਸ ਨੂੰ ਕਿਸੇ ਮਰਦ ਦੇ ਸਾਥ ਦੀ ਲੋੜ ਪੈਂਦੀ ਹੈ।ਉਹ ਇਸ ਨੂੰ ਨਾ ਚਾਹੁੰਦੇ ਹੋਏ ਵੀ ਇਸ ਚੀਜ਼ ਨੂੰ ਆਪਣੀ ਅਜਿਹੀ ਕਮਜ਼ੋਰੀ ਬਣਾ ਲੈਂਦੀ ਹੈ ਤੇ ਅਣਜਾਣ ਪੁਣੇ ਵਿਚ ਹੀ ਆਪਣਾ ਸ਼ੋਸ਼ਣ ਆਪ ਹੀ ਕਰਵਾ ਲੈਂਦੀ ਹੈ।

ਜਦ ਕਿ ਉਹ ਹੀ ਇਹ ਗੱਲ ਕਹਿੰਦੀ ਹੈ ਕਿ ਮਰਦ ਵਿਆਹ ਸਿਰਫ਼ ਇਸ ਹਵਸ ਨੂੰ ਪੂਰਾ ਕਰਨ ਲਈ ਹੀ ਕਰਾਉਂਦਾ ਹੈ ਪਰ ਉਹ ਆਪ ਬਿਨਾ ਕਿਸੇ ਸ਼ਰਮ ਹਿਆ, ਬਿਨਾਂ ਕਿਸੇ ਨਾ ਨੁੱਕਰ ਦੇ ਆਪਣੇ ਆਪ ਨੂੰ ਲੁੱਟਣ ਦਿੰਦੀ ਹੈ ਤੇ ਉਨ੍ਹਾਂ ਵਿਚੋਂ ਇਕ ਦੇ ਬੱਚੇ ਨੂੰ ਜਨਮ ਨੀ ਦਿੰਦੀ ਹੈ। ਨਵਜੋਤ ਉਹ ਸਭ ਕੁਝ ਕਰਦੀ ਹੈ ਜੋ ਇਕ ਔਰਤ ਵਿਆਹ ਤੋਂ ਬਾਅਦ ਕਰਦੀ ਹੈ। ਇਸ ਲਈ ਉਸ ਵਿਚ ਤੇ ਇਕ ਵਿਆਹੀ ਹੋਈ ਔਰਤ ਵਿਚ ਕੋਈ ਫ਼ਰਕ ਨਹੀਂ ਰਹਿ ਜਾਂਦਾ। ਧੀਰ ਇਸ ਗੱਲ ਨੂੰ ਹੀ ਦਰਸਾਉਂਦਾ ਹੈ ਕਿ ਇਕ ਪੰਜਾਬੀ ਔਰਤ ਦਾ ਵਿਆਹ ਤੋਂ ਪਹਿਲਾ ਅਜਿਹਾ ਕਰਨਾ ਉਸ ਦੇ ਸਭਿਆਚਾਰ ਤੇ ਉਸ ਦੇ ਸੰਸਕਾਰਾਂ ਦੇ ਬਿਲਕੁਲ ਖ਼ਿਲਾਫ਼ ਹੈ।ਉਸ ਦਾ ਪੰਜਾਬੀ ਸਭਿਆਚਾਰ ਤੇ ਸਮਾਜ ਉਸ ਨੂੰ ਕਦੇ ਵੀ ਅਜਿਹੀ ਔਰਤ ਨੂੰ ਕਦੀ ਵੀ ਮਾਨਤਾ ਨਹੀਂ ਦਿੰਦਾ ਜੋ ਅਜਿਹਾ ਕੰਮ ਕਰਦੀ ਹੋਵੇ। ਇਸ ਵਿਚ ਤਾਂ ਧੀਰ ਨੇ ਤਾਂ ਪੱਛਮੀ ਸਭਿਆਚਾਰ ਵਿਚੋਂ ਵੀ ਉਸ ਨੂੰ ਮਾਨਤਾ ਨਹੀਂ ਦਿਵਾਉਂਦਾ ਕਿਉਂਕਿ ਜਦੋਂ ਤੱਕ ਉਹ ਕਿਸੇ ਦੀ ਕਾਨੂੰਨੀ ਤੋਰ ਤੇ ਪਤਨੀ ਜਾਂ ਮੰਗੇਤਰ ਨਹੀਂ ਉਦੋਂ ਤੱਕ ਉਸ ਨੂੰ ਕੋਈ ਨੀ ਹੱਕ ਨਹੀਂ ਕਿ ਉਹ ਕਿਸੇ ਪੱਛਮੀ ਉੱਪਰ ਆਪਣਾ ਹੱਕ ਰੱਖੇ। ਇਸੇ ਤਰ੍ਹਾਂ ਜਾਹਨ ਕੀਥ ਦੀ ਮੌਤ ਤੋਂ ਬਾਅਦ ਜਦੋਂ ਉਹ ਉਸ ਦੀ ਲਾਸ਼ ਮੰਗਦੀ ਹੈ ਤਾਂ ਪੁਲਿਸ ਉਸ ਨੂੰ ਇਹ ਕਹਿ ਕੇ ਮਨ੍ਹਾ ਕਰ ਦਿੰਦੀ ਹੈ ਕਿ ਉਹ ਕਾਨੂੰਨੀ ਤੋਰ ਤ ਉਸ ਦੀ ਮੰਗੇਤਰ ਨਹੀਂ ਹੈ ਤੇ ਇਸ ਕਰਕੇ ਉਸ ਦੀ ਲਾਸ਼ ਉਸ ਦੇ ਵਾਰਿਸਾਂ ਨੂੰ ਹੀ ਮਿਲੇਗੀ। ਤੇ ਇਸੇ ਤਰ੍ਹਾਂ ਹੀ ਉਹ ਹੋਲੀ ਹੋਲੀ ਸਾਰਿਆਂ ਤੋਂ ਹੀ ਦੂਰ ਹੋ ਜਾਂਦੀ ਹੈ ਤੇ ਅੰਤ ਵਿਚ ਆਪਣੀ ਬੱਚੀ ਵਾਰਿਸ ਨੂੰ ਨਾਲ ਲੈ ਕੇ ਮਾਨਚੈਸਟਰ ਨੂੰ ਚਲੀ ਜਾਂਦੀ ਹੈ।

ਚੰਦਨ ਦਾ ਨਾਵਲ ਕੰਜਕਾਂ ਤੋਂ ਭਾਵ ਉਨ੍ਹਾਂ ਕੁੜੀਆਂ ਤੋਂ ਹੈ ਜੋ ਵਿਆਹੀਆਂ ਹੋਈਆਂ ਵੀ ਹਨ ਤੇ ਬੱਚਿਆਂ ਦੀਆਂ ਮਾਵਾਂ ਵੀ ਹਨ। ਉਹ ਕੰਜਕਾਂ ਕੁਆਰੀਆਂ ਨੂੰ ਨਹੀਂ ਸਗੋਂ ਉਨ੍ਹਾਂ ਦੀ ਗੱਲ ਕਰਦਾ ਹੈ ਜੋ ਪਰਾਏ ਦੇਸ ਵਿਚ ਜਾਂ ਕੇ ਥਾਂ ਥਾਂ ਤੇ ਆਪਣਾ ਕੰਜਕ ਪੁਣਾ ਭੰਗ ਕਰਦੀਆਂ ਹਨ ਤੇ ਆਪਣੀ ਆਜ਼ਾਦੀ ਆਪਣਾ ਆਪਾ ਲੁਟਾਉਣ ਵਿਚ ਹੈ ਨਾ ਕਿ ਘਰਦਿਆਂ ਦੀ ਮਰਜ਼ੀ ਨਾਲ ਵਿਆਹ ਕਰਾਉਣ ਵਿਚ। ਚੰਦਨ ਉਨ੍ਹਾਂ ਸਾਰੀਆਂ ਕੁੜੀਆਂ ਨੂੰ ਕੰਜਕਾਂ ਕਹਿੰਦਾ ਹੈ ਜੋ ਪਰਾਏ ਦੇਸ਼ ਵਿਚ ਸੰਘਰਸ਼ ਕਰਦੀਆਂ ਹਨ ਤੇ ਲਿਤਾੜੀਆਂ ਜਾਂਦੀ ਹਨ। ਅਣੂ ਆਪਣੀ ਮਰਜ਼ੀ ਨਾਲ ਆਪਾਂ ਲੁਟਾਉਂਦੀ ਹੋਈ ਆਪਣੇ ਘਰ ਦਿਆਂ ਨਾਲ ਬਗ਼ਾਵਤ ਕਰਦੀ ਹੈ। ਉਹ ਅਣਗਿਣਤ ਮਰਦਾਂ ਨਾਲ ਸਬੰਧ ਬਣਾਉਂਦੀ ਹੈ ਤੇ ਮਾੜੀਆਂ ਆਦਤਾਂ ਦੀ ਸ਼ਿਕਾਰ ਹੁੰਦੀ ਹੈ। ਉਹ ਸ਼ਰਾਬ ਤੇ ਸਿਗਰਟ ਪੀਂਦੀ ਹੈ ਤੇ ਗੰਦੀਆਂ ਗਾਲ੍ਹਾਂ ਕੱਢਦੀ ਹੈ। ਉਹ ਘਰੋਂ ਤਾਂ ਸਕੂਲ ਜਾਂਦੀ ਹੈ ਉਸ ਦੇ ਬੈਗ ਵਿਚ ਕਿਤਾਬਾਂ ਨਾਲੋਂ ਜ਼ਿਆਦਾ ਮੇਕਅਪ ਦਾ ਸਮਾਨ ਅਤੇ ਗੰਦੇ ਰਸਾਲੇ ਹੁੰਦੇ ਹਨ ਅਤੇ ਜਿਨ੍ਹਾਂ ਪ੍ਰਭਾਵ ਉਸ ਤੇ ਇਹ ਹੋਇਆ ਕਿ ਉਹ ਸੈਕਸ ਵਰਗੀ ਗੰਦੀ ਆਦਤ ਦੀ ਸ਼ਿਕਾਰ ਹੋ ਜਾਂਦੀ ਹੈ। ਜਿਸ ਕਾਰਨ ਉਹ ਕਾਲੇ ਅਤੇ ਗੋਰੇ ਪਤਾ ਨਹੀਂ ਕਹਿੰਦੇ ਕਹਿੰਦੇ ਨਾਲ ਸੌਂਦੀ ਹੈ। ਤੇ ਗਰਭਵਤੀ ਵੀ ਹੋ ਜਾਂਦੀ ਹੈ। ਘਰ ਦੇ ਉਸ ਨੂੰ ਇਸ ਗੰਦ ਵਿਚੋਂ ਕੱਢ ਦੇ ਵੀ ਹਨ ਪਰ ਉਹ ਫਿਰ ਉਸ ਨਰਕ ਵਿਚ ਚਲੀ ਜਾਂਦੀ ਹੈ। ਜਿੱਥੋਂ ਉਸ ਦਾ ਵਾਪਸ ਮੁੜਨਾ ਬਹੁਤ ਹੀ ਜ਼ਿਆਦਾ ਔਖਾ ਸੀ। ਉਸ ਦਾ ਪਿਤਾ ਇਸ ਗੱਲ ਕਰਕੇ ਫ਼ਿਕਰ ਮੰਦ ਸੀ ਕੀ ਕਿਤੇ ਉਸ ਦੀ ਲੜਕੀ ਏਡਜ਼ ਵਰਗੀ ਭਿਆਨਕ ਅਤੇ ਲਾਇਲਾਜ ਬਿਮਾਰੀ ਦੀ ਸ਼ਿਕਾਰ ਨਾ ਹੋ ਜਾਵੇ। ਕਿਉਂਕਿ ਉਸ ਦੇ ਕਈ ਮਰਦਾਂ ਨਾਲ

ਸਰੀਰਕ ਸੰਬੰਧ ਹੁੰਦੇ ਹਨ। ਤੇ ਹਰ ਮਰਦ ਉਸ ਨੂੰ ਵਰਤ ਦਾ ਹੈ ਤੇ ਉਸ ਦਾ ਸਾਥ ਛੱਡ ਜਾਂਦਾ ਹੈ। ਇਸ ਲਈ ਉਸ ਦੇ ਘਰ ਦੇ ਉਸ ਦੇ ਭਵਿੱਖ ਲਈ ਫ਼ਿਕਰਮੰਦ ਹਨ ਤੇ ਉਸ ਦਾ ਵਿਆਹ ਕਰਨਾ ਚਾਹੁੰਦੇ ਸਨ।

ਇਸੇ ਤਰ੍ਹਾਂ ਹੀ ਪੰਜਕੋਹਾ ਦਾ ਨਾਵਲ ਗਿਰਵੀ ਹੋਏ ਮਨ ਵਿਚ ਉਸ ਨੇ ਇਕ ਅਲੱਗ ਹੀ ਕਿਸਮ ਦੇ ਵਿਸ਼ੇ ਨੂੰ ਛੋਹਿਆਂ ਹੈ ਤੇ ਮਤਲਬ ਨਾਲ ਜੁੜੇ ਰਿਸ਼ਤੇ ਨੂੰ ਵਿਆਹ ਵਿਚ ਬੱਝਦੇ ਅਤੇ ਟੁੱਟਦੇ ਨੂੰ ਬਹੁਤ ਹੀ ਵਧੀਆਂ ਢੰਗ ਨਾਲ ਬਿਆਨ ਕੀਤਾ ਹੈ। ਇਸ ਨਾਵਲ ਵਿਚ ਸੰਸਾਰ ਦੀ ਸਚਾਈ ਇਹ ਹੈ ਕੇ ਉਸ ਨੇ ਵਿਆਹ ਤੋਂ ਹੀ ਡੋਰਥੀ ਨੂੰ ਆਪਣੇ ਰਿਸ਼ਤੇ ਦੀ ਸਚਾਈ ਦੱਸ ਦਿੱਤੀ ਸੀ। ਪਰ ਬਾਅਦ ਵਿਚ ਉਸ ਨੇ ਇਸ ਰਿਸ਼ਤੇ ਨੂੰ ਪੂਰੀ ਇਮਾਨਦਾਰੀ ਤੇ ਇੱਜ਼ਤ ਦਿੱਤੀ। ਇਸ ਨਾਵਲ ਦਾ ਅਲੱਗ ਜਿਹਾ ਨਾਮ ਹੀ ਇਸ ਨਾਵਲ ਦੀ ਵਿਸ਼ੇਸ਼ਤਾ ਹੈ। ਇਸ ਨਾਵਲ ਵਿਚ ਵਿਦੇਸ਼ ਵਿਚ ਜਾਂ ਕੇ ਪੈਸੇ ਕਮਾਉਣ ਦੀ ਚਾਹ ਅਤੇ ਉੱਥੇ ਜਾ ਕੇ ਵੱਸਣ ਅਤੇ ਵਿਦੇਸ਼ੀ ਔਰਤਾਂ ਨਾਲ ਸਬੰਧ ਬਣਾਉਣ ਦੀ ਲਾਲਸਾ ਨੂੰ ਬਹੁਤ ਹੀ ਵਧੀਆਂ ਢੰਗ ਨਾਲ ਬਿਆਨ ਕੀਤਾ ਹੈ। ਭਾਵੇਂ ਕਿ ਡੋਰਥੀ ਨੇ ਵੀ ਕਈ ਮਰਦਾਂ ਨਾਲ ਸਬੰਧ ਬਣਾਏ ਸਨ ਪਰ ਫਿਰ ਵੀ ਉਸ ਨੇ ਇਸ ਸਬੰਧ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਇਆਂ। ਪਰ ਉਹ ਵੀ ਔਰਤ ਦੀ ਆਜ਼ਾਦੀ ਘਰਦਿਆਂ ਤੋਂ ਪਰ੍ਹਾਂ ਹੋ ਕੇ ਮਾਣਨ ਵਿਚ ਹੀ ਮੰਨਦੀ ਹੋਈ ਆਪਣਾ ਰਿਸ਼ਤਾ ਆਪ ਖ਼ਰਾਬ ਕਰਦੀ ਹੈ। ਪਰ ਸੰਸਾਰ ਵੀ ਭਾਰਤੀ ਸਭਿਅਤਾ ਅਨੁਸਾਰ ਉਸ ਨਾਲ ਰਿਸ਼ਤਾ ਨਹੀਂ ਰੱਖਦਾ ਕਿਉਂਕਿ ਉਹ ਵਿਦੇਸ਼ ਪੈਸਾ ਕਮਾ ਸਕਦਾ ਹੈ, ਉੱਥੇ ਵੱਖ ਵੱਖ ਔਰਤਾਂ ਨਾਲ ਸਬੰਧ ਬਣਾ ਸਕਦਾ ਹੈ, ਉੱਥੇ ਵਿਆਹ ਵੀ ਕਰ ਸਕਦਾ ਹੈ, ਬੱਚੇ ਵੀ ਪੈਦਾ ਕਰ ਸਕਦਾ ਹੈ ਪਰ ਉਹ ਦੂਜੀ ਨਸਲ ਦੀ ਔਰਤ ਨੂੰ ਆਪਣੇ ਸਭਿਆਚਾਰ ਅਤੇ ਆਪਣੇ ਸਮਾਜ ਦਾ ਹਿੱਸਾ ਨਹੀਂ ਬਣਾ ਸਕਦੇ ਤੇ ਨਾ ਹੀ ਉਸ ਨੂੰ ਦੂਜਿਆਂ ਦੇ ਸਾਹਮਣੇ ਆਪਣੇ ਰਿਸ਼ਤੇ ਨੂੰ ਮਾਨਤਾ ਦਵਾ ਸਕਦਾ। ਇਸ ਸਭ ਭਾਰਤੀ ਸਭਿਆਚਾਰ ਦਾ ਹਿੱਸਾ ਨਹੀਂ ਹੈ ਕਿ ਵਿਆਹ ਤੋਂ ਬਾਅਦ ਤਲਾਕ ਹੋਵੇ ਤੇ ਦੋਵੇਂ ਵੱਖ ਵੱਖ ਔਰਤਾਂ ਅਤੇ ਮਰਦਾਂ ਨਾਲ ਸਬੰਧ ਬਣਾਉਣ।

ਪੰਜਾਬੀ ਸੰਸਥਾ ਤੇ ਉਨ੍ਹਾਂ ਦਾ ਕਲਚਰ ਇਹ ਸਿਖਾਉਂਦਾ ਹੈ ਕਿ ਰਿਸ਼ਤੇ ਤਾਂ ਉਮਰ ਚਲਦੇ ਹਨ, ਨੈਤਿਕਤਾ, ਰਿਸ਼ਤਾ ਨਾਤਾ ਪ੍ਰਬੰਧ, ਸਭਿਅਕ ਤੇ ਗੈਰ ਸਭਿਅਕ ਵਿਆਹ, ਵਫ਼ਾਦਾਰੀ ਦੀ ਗੱਲ ਹੈ। ਭਾਰਤੀ ਕਲਚਰ ਵਿਚ ਕਿ ਪਤੀ-ਪਤਨੀ ਜਾਂ ਹੋਰ ਰਿਸ਼ਤਿਆਂ ਵਿਚ ਵਫ਼ਾਦਾਰੀ ਹੋਣੀ ਚਾਹੀਦੀ ਹੈ। ਪਰ ਨਾਵਲ ਵਿਚ ਪੰਜਾਬੀ ਉਲਟ ਚੱਲਦੇ ਹਨ। ਤਲਵਿੰਦਰ, ਨਵਜੋਤ ਹਨ ਪਰ ਜਾਹਨ ਕੀਥ ਪੱਛਮੀ ਹੈ ਤੇ ਉੱਥੇ ਰਿਸ਼ਤੇ ਹੋਰ ਹੀ ਹਨ। ਅਸੀ ਕਹਿੰਦੇ ਹਾਂ ਕਿ ਆਰਥਕ ਮੰਤਵ ਲਈ ਹੀ ਰਿਸ਼ਤੇ ਜੁੜਦੇ ਹਨ। ਵਿਆਹ ਪ੍ਰਬੰਧ ਨਹੀਂ ਹੈ ਤੇ ਅਸੀਂ ਉਨ੍ਹਾਂ ਦੇ ਗੈਰ ਸਭਿਅਕ ਰਿਸ਼ਤਿਆਂ ਦੀ ਧਾਰਨਾ ਬਣਾਉਂਦੇ ਹਨ ਅਸੱਭਿਅਕ ਵਿਆਹ ਕਰਾਉਂਦੇ ਹਨ ਅਤੇ ਬੱਚੇ ਪੈਦਾ ਕਰਦੇ ਹਨ। ਪਰ ਜਾਹਨ ਕੀਥ ਅੰਤ ਤੱਕ ਸਾਥ ਦਿੰਦਾ ਹੈ। ਉਸ ਨਾਲ ਪੂਰੀ ਇਮਾਨਦਾਰੀ ਦਿਖਾਉਂਦਾ ਹੈ। ਬੁਰੇ ਸਮੇਂ ਤੇ ਵੀ ਉਸ ਦੀ ਪੂਰੀ ਦੇਖਭਾਲ ਕਰਦਾ ਹੈ। ਨਵਜੋਤ ਹੀ ਨਹੀਂ ਸਗੋਂ ਉਹ ਉਸਦੀ ਮਾਂ ਨਾਲ ਵੀ ਵਧੀਆਂ ਰਿਸ਼ਤਿਆਂ ਨੂੰ ਦਰਸਾਉਂਦਾ ਹੈ। ਉਹ ਉਸ ਦੀ ਮਾਂ ਨੂੰ ਪੂਰੀ ਤਰ੍ਹਾਂ ਇੱਜ਼ਤ ਮਾਣ ਦਿੰਦਾ ਹੈ। ਤੇ ਉਹ ਉਨ੍ਹਾਂ ਅਖੌਤੀ ਰਿਸ਼ਤਿਆਂ ਦੇ ਮੂੰਹ ਤੇ ਚਪੇੜ ਹੈ ਜੋ ਕਹਿੰਦੇ ਹਨ ਕਿ ਅੰਗਰੇਜ਼ ਸਿਰਫ਼ ਸਰੀਰਕ ਸਬੰਧ ਬਣਾਉਣ ਲਈ ਹੀ ਰਿਸ਼ਤਾ ਜੋੜ ਦੇ ਹਨ।

# ਪੁਸਤਕ ਸੂਚੀ


1. ਸਿੰਘ, ਜਸਵਿੰਦਰ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪਟਿਆਲਾ, ਗ੍ਰੇਸ਼ੀਅਸ ਬੁੱਕਸ, 2014
2. ਸਿੰਘ, ਗੁਰਜੀਤ, ਸਭਿਆਚਾਰ ਦਾ ਫ਼ਲਸਫ਼ਾ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2009
3. ਸਿੰਘ, ਪਿਆਰ, ਖੋਜ ਸਿਧਾਂਤ ਤੇ ਵਿਵਹਾਰ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2012
4. ਸੰਧੂ, ਕਿਰਨਜੀਤ ਕੌਰ, ਕੌਰ, ਗੁਰਮੀਤ, ਦਰਸ਼ਨ ਸਿੰਘ ਧੀਰ ਦਾ ਗਲਪ-ਪ੍ਰਬੰਧ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2012
5. ਸਿੱਧੂ, ਪਰਮਜੀਤ ਕੌਰ, ਸਵਰਨ ਚੰਦਨ ਦਾ ਗਲਪ-ਬੋਧ, ਲੁਧਿਆਣਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2010
6. ਕਾਂਗ, ਕੁਲਬੀਰ ਸਿੰਘ, ਸਿੰਘ, ਬ੍ਰਹਮ ਜਗਦੀਸ਼, ਸਾਹਿਤ ਤੇ ਸਭਿਆਚਾਰ , ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, 2005
7. ਕੌਰ, ਅਕਾਲ ਅੰਮ੍ਰਿਤ, ਪਰਵਾਸੀ ਪੰਜਾਬੀ ਨਾਵਲ ਦਾ ਇਤਿਹਾਸ (ਆਲੋਚਨਾ), ਲੁਧਿਆਣਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2008
8. ਕੌਰ, ਅਕਾਲ ਅੰਮ੍ਰਿਤ, ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕਮਾਲਾ, 2004
9. ਕੌਰ ਅੰਮ੍ਰਿਤਪਾਲ, ਖੋਜ-ਪੱਤ੍ਰਿਕਾ ਅੰਕ ਪਟਿਆਲਾ, ਪੰਜਾਬੀ ਯੂਨੀਵਰਸਿਟੀ, ਮਾਰਚ 2001
10. 'ਕੇਸਰ', ਕੇਸਰ ਸਿੰਘ, ਸਾਹਿਤ-ਖੋਜ ਅਤੇ ਸਾਹਿਤ-ਆਲੋਚਨਾ, ਪਟਿਆਲਾ, ਮਦਾਨ ਪਬਲੀਕੇਸ਼ਨਜ਼, 2012
11. ਚੰਦਨ, ਸਵਰਨ, ਕੰਜਕਾਂ, ਚਾਂਦਨੀ ਚੌਕ, ਦਿਲੀ-6, ਆਰਸੀ ਪਬਲਿਸ਼ਰਜ਼, 2004
12. ਜੋਸ਼ੀ, ਜੀਤ ਸਿੰਘ, ਸਭਿਆਚਾਰ ਤੇ ਲੋਕ-ਧਾਰਾ ਦੇ ਮੂਲ ਸਰੋਕਾਰ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 2014

13. ਧੀਰ, ਦਰਸ਼ਨ ਸਿੰਘ, ਪੂਰਬ ਅਤੇ ਪੱਛਮ ਦੀ ਕਮਾਈ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2013

14. ਧੀਰ, ਦਰਸ਼ਨ ਸਿੰਘ, ਪੈੜਾਂ ਦੇ ਆਰ ਪਾਰ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2001

15. ਨੂਰ, ਜਗੀਰ ਸਿੰਘ, ਪੰਜਾਬੀ ਸਭਿਆਚਾਰਕ ਵਿਰਸਾ, ਫਗਵਾੜਾ, ਪੰਜਾਬੀ ਸਾਹਿਤ ਤੇ ਸਭਿਆਚਾਰ ਸਦਨ,

16. ਪੂੰਨੀ, ਬਲਵੀਰ ਸਿੰਘ, ਸਾਡਾ ਵਿਰਸਾ, ਅੰਮ੍ਰਿਤਸਰ, ਜਸਜੀਤ ਸਾਹਿਤ ਪ੍ਰਕਾਸ਼ਨ, 1997

17. ਪੰਜਕੋਹਾ, ਗ.ਸ.ਨਕਸ਼ਦੀਪ, ਗਿਰਵੀ ਹੋਏ ਮਨ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2012

18. ਫੁੱਲ, ਗੁਰਦਿਆਲ ਸਿੰਘ, ਪੰਜਾਬੀ ਸਭਿਆਚਾਰ: ਇਕ ਦ੍ਰਿਸ਼ਟੀਕੋਣ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1981

19. ਫਰੈਂਕ, ਗੁਰਬਖ਼ਸ਼ ਸਿੰਘ, ਸਭਿਆਚਾਰ ਤੇ ਪੰਜਾਬੀ ਸਭਿਆਚਾਰ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 2012

20. ਬੇਦੀ, ਹਰਚਰਨ ਸਿੰਘ, ਬਰਾੜ, ਗੁਰਬੀਰ ਸਿੰਘ, ਸਵਰਨ ਚੰਦਨ ਸਿਰਜਣ ਤੇ ਸਿਮਰਨ, ਸਮਾਣਾ, ਸੰਗਮ ਪਬਲੀਕੇਸ਼ਨਜ਼, 2013

21. ਸ਼ੇਰਗਿੱਲ, ਸੁਰਿੰਦਰ ਸਿੰਘ, ਪੰਜਾਬ ਦਾ ਸਭਿਆਚਾਰਕ ਵਿਰਸਾ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1986

22. Punjabipedia.org.com